DEOL & NAGPAL
LAW FIRM LLP BARRISTERS & SOLICITORS
CRIMINAL DEFENCE
FAMILY LAW
REAL ESTATE CLOSING
CIVIL LITIGATION
IMMIGRATION APPEALS
Birdavinder S. Deol B.A., LL.B., LLM
Amanpreet S. Nagpal BA, LLB
905 796 0911
80 Maritime Ontario Blvd, Suite 55, Brampton, L6S 0E7

hamdardtvcanada | @hamdardmediagroup | ads@hamdardtv.ca
24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www.hamdardmediagroup.com ਤੇ ਵਿਜ਼ਿਟ ਕਰੋ
Estd.1991
ਹਮਦਰਦ
HAMDARD WEEKLY
05 DECEMBER, 2025
Pages : 12
HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada

TICO REGD.No.4671541
MANN TRAVEL & TOURS
• Cottrelle: 905-595-1700
• Springdale: 905-497-6300
• Brampton: 905-595-2000
• Markham: 416-603-1800
• India 91-1624-223315,16-17
ਦੁਨੀਆ ਵਿਚ ਕਿਤੇ ਵੀ ਸਫ਼ਰ ਕਰਨ ਲਈ ਸਾਡੀਆਂ ਸੇਵਾਵਾਂ ਹਾਸਲ ਕਰੋ
HO: 499 Raylawson Blvd. Unit 32, Brampton, Ontario

Vol 33 No: 1828 | www.hamdardmediagroup.com | fb.com/hamdardmediagroup | youtube.com/@hamdardmediagroup | Email: ads@hamdardtv.ca | Ph: 905.791.9999 | Price $1.00

# ਕੈਨੇਡਾ ਦੇ ਬਾਰਡਰ ਅਫ਼ਸਰ ਵੱਲੋਂ ਭਾਰਤ ਸਰਕਾਰ ਵਿਰੁੱਧ ਮਾਣਹਾਨੀ ਦਾ ਮੁਕੱਦਮਾ

## ਖ਼ਾਲਿਸਤਾਨ ਹਮਾਇਤੀ ਦੱਸੇ ਜਾਣ 'ਤੇ 9 ਮਿਲੀਅਨ ਡਾਲਰ ਦਾ ਹਰਜਾਨਾ ਮੰਗਿਆ, ਸੰਦੀਪ ਸਿੱਧੂ ਨੇ ਕੈਨੇਡਾ ਸਰਕਾਰ ਨੂੰ ਵੀ ਅਦਾਲਤ ਵਿਚ ਘੜੀਸਿਆ

ਟੋਰਾਂਟੋ, 3 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਭਾਰਤੀ ਮੀਡੀਆ ਵੱਲੋਂ ਖਾਲਿਸਤਾਨ ਹਮਾਇਤੀ ਖਾੜਕੂ ਐਲਾਨੇ ਗਏ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਫ਼ਸਰ ਸੰਦੀਪ ਸਿੰਘ ਸਿੱਧੂ ਵੱਲੋਂ ਭਾਰਤ ਸਰਕਾਰ ਵਿਰੁੱਧ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਦਿਆਂ 9 ਮਿਲੀਅਨ ਡਾਲਰ ਹਰਜਾਨਾ ਮੰਗਿਆ ਹੈ। ਸਿਰਫ਼ ਇਥੇ ਹੀ ਬੱਸ ਨਹੀਂ, ਸੰਦੀਪ ਸਿੱਧੂ ਨੇ ਕੈਨੇਡਾ ਸਰਕਾਰ ਨੂੰ ਵੀ ਅਦਾਲਤ ਵਿਚ ਘੜੀਸਿਆ ਹੈ ਜੋ ਕਥਿਤ ਤੌਰ 'ਤੇ ਆਪਣੇ ਨਾਗਰਿਕ ਦਾ ਬਚਾਅ ਕਰਨ ਵਿਚ ਅਸਫ਼ਲ ਰਹੀ। ਬੀ.ਸੀ. ਵਿਚ ਜੰਮੇ-ਪਲੇ ਸੰਦੀਪ ਸਿੱਧੂ ਦਾ ਛੋਟਾ ਨਾਂ ਸਨੀ ਹੈ ਅਤੇ ਭਾਰਤੀ ਮੀਡੀਆ ਨੇ ਇਸੇ ਨਾਂ ਨੂੰ ਕੂੜ ਪ੍ਰਚਾਰ ਵਾਸਤੇ ਵਰਤਿਆ। ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ ਉਨਟਾਰੀਓ ਦੇ ਅਦਾਲਤ ਵਿਚ ਦਾਇਰ ਮੁਕੱਦਮੇ ਰਾਹੀਂ ਸੰਦੀਪ ਸਿੱਧੂ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਨੂੰ ਸ਼ਰਮਿੰਦਾ ਕਰਨ ਦੇ ਮਕਸਦ ਤਹਿਤ ਭਾਰਤ ਸਰਕਾਰ ਨੇ ਉਸ ਨੂੰ ਹਥਿਆਰ ਵਜੋਂ ਵਰਤਿਆ। ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਸੋਚੇ ਸਮਝੇ ਵਿਦੇਸ਼ੀ ਦਖ਼ਲ ਦੇ ਸਿੱਟੇ ਵਜੋਂ ਸੰਦੀਪ ਸਿੱਧੂ ਗੁੰਮਰਾਹਕੁਨ ਜਾਣਕਾਰੀ ਦਾ ਨਿਸ਼ਾਨਾ ਬਣਿਆ ਅਤੇ ਉਸ ਦੇ ਕਤਲ ਜਾਂ ਹਵਾਲਗੀ ਦਾ ਸੱਦਾ ਦਿਤਾ ਗਿਆ। ਦੂਜੇ ਪਾਸੇ ਸੀ.ਬੀ.ਐਸ.ਏ. ਨੇ ਵੀ ਸੰਦੀਪ ਸਿੱਧੂ ਦੀ ਬਾਂਹ ਨਾ ਫੜੀ ਅਤੇ ਨੌਕਰੀ ਤੋਂ ਮੁਅੱਤਲੀ ਜਾਂ ਬਰਖਾਸਤਗੀ ਦੀ ਧਮਕੀ ਦਿਤੀ ਗਈ। ਟੋਰਾਂਟੋ ਵਿਖੇ ਸੰਦੀਪ ਸਿੱਧੂ ਦੇ ਵਕੀਲ ਜੈਫ਼ਰੀ ਕਰੋਕਰ ਨੇ ਦੋਸ਼ ਲਾਇਆ ਕਿ ਸੀ.ਬੀ.ਐਸ.ਏ. ਵੱਲੋਂ ਉਸ ਦੇ ਮੁਵੱਕਲ ਦੀ ਕੋਈ ਮਦਦ ਨਾ ਕਰਦਿਆਂ ਜਾਨੋ ਮਾਰਨ ਦੀਆਂ ਧਮਕੀਆਂ ਦਾ ਮਖੌਲ ਉਡਾਇਆ। ਅਦਾਲਤੀ ਦਸਤਾਵੇਜ਼ ਕਹਿੰਦੇ ਹਨ ਕਿ ਬੀ.ਸੀ. ਵਿਚ ਜੰਮੇ ਸੰਦੀਪ ਸਿੱਧੂ ਦਾ ਭਾਰਤੀ ਸਿਆਸਤ ਨਾਲ ਕੋਈ ਵਾਹ-ਵਾਸਤਾ ਨਹੀਂ ਅਤੇ ਨਾ ਹੀ ਉਹ ਅੰਮ੍ਰਿਤਧਾਰੀ ਸਿੱਖ ਹੈ। 14 ਅਕਤੂਬਰ 2024 ਨੂੰ ਆਰ.ਸੀ.ਐਮ.ਪੀ. ਦੇ ਕਮਿਸ਼ਨਰ ਨੇ ਸ਼ਰ੍ਹੇਆਮ ਦੋਸ਼ ਲਾਇਆ ਕਿ ਭਾਰਤੀ ਏਜੰਟ ਨਾ ਸਿਰਫ਼ ਹਰਦੀਪ ਸਿੰਘ ਨਿੱਜਰ ਕਤਲਕਾਂਡ ਵਿਚ ਸ਼ਾਮਲ ਰਹੇ ਬਲਕਿ ਕੈਨੇਡਾ ਵਿਚ ਜਬਰੀ ਵਸੂਲੀ ਦੀਆਂ ਧਮਕੀਆਂ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ ਵਿਚ ਵੀ ਇਨ੍ਹਾਂ ਦਾ ਹੱਥ ਹੈ। ਆਰ.ਸੀ.ਐਮ.ਪੀ. ਦੇ ਬਿਆਨ ਤੋਂ ਕੁਝ ਦਿਨ ਬਾਅਦ ਸੰਦੀਪ ਸਿੰਘ ਸਿੱਧੂ ਦਾ ਨਾਂ ਭਾਰਤੀ ਮੀਡੀਆ ਵਿਚ ਚਮਕਣ ਲੱਗਾ। ਟਰੂਡੋ ਦੇ ਮੂੰਹ 'ਤੇ ਵੱਜਿਆ ਆਂਡਾ ਵਰਗੇ ਸ਼ਬਦਾਂ ਦੀ




ਵਰਤੋਂ ਕਰਦਿਆਂ ਭਾਰਤੀ ਮੀਡੀਆ ਨੇ ਸੰਦੀਪ ਸਿੱਧੂ ਵਿਰੁੱਧ ਕੂੜ ਪ੍ਰਚਾਰ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਸੰਦੀਪ ਸਿੰਘ ਸਿੱਧੂ ਨੂੰ ਪਾਬੰਦੀਸ਼ੁਦਾ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਮੈਂਬਰ ਦੱਸਿਆ ਗਿਆ ਅਤੇ ਪੰਜਾਬ ਵਿਚ ਹਿੰਸਕ ਸਰਗਰਮੀਆਂ ਨੂੰ ਸ਼ਹਿ ਦੇਣ ਦੇ ਦੋਸ਼ ਵੀ ਲੱਗੇ। ਲਖਬੀਰ ਸਿੰਘ ਰੋਡੇ ਨਾਲ ਵੀ ਸਿੱਧੂ ਦਾ ਨਾ ਜੋੜਿਆ ਗਿਆ ਜਿਨ੍ਹਾਂ ਦੀ ਪਾਕਿਸਤਾਨ ਵਿਚ ਮੌਤ ਚੁੱਕੀ ਹੈ। 'ਟਾਈਮਜ਼ ਨਾਓ' ਦੀ ਰਿਪੋਰਟ ਮੁਤਾਬਕ ਸੰਦੀਪ ਸਿੰਘ ਸਿੱਧੂ ਨੂੰ ਕੁਝ ਸਮਾਂ ਪਹਿਲਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵਿਚ ਬਤੌਰ ਸੁਪਰਡੈਂਟ ਤਰੱਕੀ ਮਿਲੀ ਅਤੇ ਭਾਰਤ ਦੀ ਕੌਮੀ ਜਾਂਚ ਏਜੰਸੀ ਕਿਸੇ ਸਨੀ ਟੋਰਾਂਟੋ ਨਾਂ ਦੇ ਸ਼ੱਕੀ ਭਾਲ ਕਰ ਰਹੀ ਹੈ। ਐਨ.ਆਈ.ਏ. ਦੇ ਹਵਾਲੇ ਨਾਲ ਕਿਹਾ ਗਿਆ ਕਿ ਸ਼ੌਰਿਆ ਚੱਕਰ ਜੇਤੂ ਬਲਵਿੰਦਰ ਸੰਧੂ ਦੇ ਕਤਲ ਵਿਚ ਸਨੀ ਟੋਰਾਂਟੋ ਅਤੇ ਲਖਬੀਰ ਸਿੰਘ ਰੋਡੇ ਦਾ ਹੱਥ ਰਿਹਾ। ਭਾਵੇਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਅੰਦਰੂਨੀ ਪੜਤਾਲ ਦੌਰਾਨ ਸਭ ਕੁਝ ਝੂਠ ਸਾਬਤ ਹੋਇਆ ਅਤੇ ਕੈਨੇਡੀਅਨ ਖੁਫੀਆ ਏਜੰਸੀ ਨੇ ਵੀ ਸੰਦੀਪ ਸਿੱਧੂ ਨੂੰ ਕਲੀਨ ਚਿਟ ਦੇ ਦਿਤੀ ਪਰ ਭਾਰਤੀ ਮੀਡੀਆ ਦਾ ਭੰਡੀ ਪ੍ਰਚਾਰ ਜਾਰੀ ਰਿਹਾ। ਲਗਾਤਾਰ ਮਿਲ ਰਹੀਆਂ ਧਮਕੀਆਂ ਕਰ ਕੇ ਸੰਦੀਪ ਸਿੱਧੂ ਆਪਣੀ ਅਤੇ ਆਪਣੇ ਪਰਵਾਰ ਦੀ ਸੁਰੱਖਿਆ ਬਾਰੇ ਚਿੰਤਤ ਸੀ ਅਤੇ ਡਿਪ੍ਰੈਸ਼ਨ ਦਾ ਮਰੀਜ਼ ਬਣ ਗਿਆ। ਇਸ ਦੇ ਉਲਟ 3 ਮਾਰਚ 2025 ਨੂੰ ਸੀ.ਬੀ.ਐਸ.ਏ. ਨੇ ਸਿੱਟਾ ਕੱਢਿਆ ਕਿ ਸਿੱਧੂ ਦੀ ਸੁਰੱਖਿਆ ਨੂੰ ਹੁਣ ਕੋਈ ਖ਼ਤਰਾ ਨਹੀਂ। ਮੁਕੱਦਮੇ ਵਿਚ ਸੀ.ਬੀ.ਐਸ.ਏ. 'ਤੇ ਲਾਪ੍ਰਵਾਹੀ ਅਤੇ ਅਣਗਹਿਲੀ ਵਰਤਣ ਅਤੇ ਸਮਰਪਿਤ ਮੁਲਾਜ਼ਮ ਦਾ ਪੱਖ ਪੂਰਨ ਵਿਚ ਅਸਫ਼ਲ ਰਹਿਣ ਦੇ ਦੋਸ਼ ਲਾਏ ਗਏ ਹਨ।

# ਅਮਰੀਕਾ ਵਿਚ 'ਚੌਥਾ' ਡਰਾਈਵਰ ਰਜਿੰਦਰ ਕੁਮਾਰ ਹੋਇਆ ਗ੍ਰਿਫ਼ਤਾਰ

## ਨਵੇਂ ਵਿਆਹੇ ਜੋੜੇ ਨੂੰ ਟਰੱਕ ਹੇਠ ਦਰੜ ਕੇ ਮਾਰਿਆ, ਔਰੇਗਨ ਸੂਬੇ ਦੇ ਹਾਈਵੇਅ 20 'ਤੇ ਵਾਪਰਿਆ ਸੀ ਹਾਦਸਾ



ਪੋਰਟਲੈਂਡ, 3 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਇਕ ਹੋਰ ਭਾਰਤੀ ਟਰੱਕ ਡਰਾਈਵਰ ਨੇ ਜਾਨਲੇਵਾ ਸੜਕ ਹਾਦਸੇ ਨੂੰ ਅੰਜਾਮ ਦਿੰਦਿਆਂ ਨਵੇਂ ਵਿਆਹੇ ਜੋੜੇ ਨੂੰ ਦਰੜ ਦਿਤਾ। ਔਰੇਗਨ ਸੂਬੇ ਦੀ ਡਿਸ਼ੂਟਸ ਕਾਊਂਟੀ ਵਿਚ ਹਾਈਵੇਅ 20 'ਤੇ ਵਾਪਰੇ ਹਾਦਸੇ ਦੌਰਾਨ 32 ਸਾਲਾ ਰਜਿੰਦਰ ਕੁਮਾਰ ਦੇ ਟ੍ਰੈਕਟਰ-ਟ੍ਰੇਲਰ ਦੀ ਟੱਕਰ ਇਕ ਗੱਡੀ ਨਾਲ ਹੋਈ ਅਤੇ ਇਸ ਵਿਚ ਸਵਾਰ ਵਿਲੀਅਮ ਕੇਟਰ ਤੇ ਜੈਨੀਫ਼ਰ ਲੋਅਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜੈਨੀਫ਼ਰ ਦੇ ਪਿਤਾ ਨੇ ਕੇ.ਟੀ.ਵੀ. ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਾਦਸੇ ਤੋਂ ਸਿਰਫ਼ 16 ਦਿਨ ਪਹਿਲਾਂ ਹੀ ਉਸ ਦੀ ਧੀ ਦਾ ਵਿਆਹ ਹੋਇਆ ਸੀ। ਉਧਰ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਵਾਲਿਆਂ ਨੇ ਦੱਸਿਆ ਕਿ ਰਜਿੰਦਰ ਕੁਮਾਰ ਤਿੰਨ ਸਾਲ ਪਹਿਲਾਂ 28 ਨਵੰਬਰ 2022 ਨੂੰ ਐਰੀਜ਼ੋਨਾ ਦੇ ਰਸਤੇ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਇਆ ਅਤੇ 2023 ਵਿਚ ਉਸ ਨੇ ਕੈਲੇਫੋਰਨੀਆ ਤੋਂ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਹਾਸਲ ਕਰ ਲਿਆ। ਇਸ ਵੇਲੇ ਉਹ ਕੈਲੇਫੋਰਨੀਆ ਦੇ ਫਰਿਜ਼ਨੋ ਇਲਾਕੇ ਵਿਚ ਰਹਿ ਰਿਹਾ ਸੀ। ਔਰੇਗਨ ਸੂਬੇ ਵਿਚ ਵਾਪਰੇ ਹਾਦਸੇ ਮਗਰੋਂ ਰਜਿੰਦਰ ਕੁਮਾਰ ਨੂੰ ਨੈਗਲੀਜੈਂਟ ਹੋਮੀਸਾਈਡ ਦੇ 2 ਦੋਸ਼ਾਂ ਹੇਠ ਗ੍ਰਿਫ਼ਤਾਰ ਕਰ ਲਿਆ ਅਤੇ ਅਦਾਲਤ ਵਿਚ ਪੇਸ਼ੀ ਦੌਰਾਨ ਹਿੰਦੀ ਦੁਭਾਸ਼ੀਏ ਰਾਹੀਂ ਆਪਣਾ ਪੱਖ ਰੱਖਿਆ। ਡਿਸ਼ੂਟਸ ਕਾਊਂਟੀ ਦੇ ਸ਼ੈਰਿਫ਼ ਦਫ਼ਤਰ ਦੀ ਸੂਚੀ ਮੁਤਾਬਕ ਰਜਿੰਦਰ ਕੁਮਾਰ ਹੁਣ ਵੀ ਜੇਲ ਵਿਚ ਹੈ ਪਰ ਉਸ ਦੇ ਨਾਂ ਕਾਰਨ ਭੁਲੇਖਾ ਪੈਦਾ ਹੋ ਗਿਆ ਅਤੇ ਜ਼ਮਾਨਤ 'ਤੇ ਰਿਹਾਈ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ। ਰਜਿੰਦਰ ਕੁਮਾਰ ਨੂੰ ਜ਼ਮਾਨਤ 'ਤੇ ਰਿਹਾਅ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਦਾ ਪਾਸਪੋਰਟ ਮੌਜੂਦ ਨਹੀਂ। ਔਰੇਗਨ ਸਟੇਟ ਪੁਲਿਸ ਦਾ ਹਾਦਸੇ ਬਾਰੇ ਕਹਿਣਾ ਸੀ ਕਿ 24 ਨਵੰਬਰ ਨੂੰ ਵਾਪਰੇ ਹਾਦਸੇ ਮਗਰੋਂ ਤਕਰੀਬਨ 7 ਘੰਟੇ ਤੱਕ ਹਾਈਵੇਅ ਬੰਦ ਰੱਖਿਆ ਗਿਆ। ਹਾਦਸੇ ਦੇ ਕਾਰਨਾਂ ਬਾਰੇ ਫ਼ਿਲਹਾਲ ਪਤਾ ਨਹੀਂ ਲੱਗ ਸਕਿਆ ਪਰ ਘੁੱਪ ਹਨੇਰੇ ਦੌਰਾਨ ਐਮਰਜੰਸੀ ਲਾਈਟਸ ਦੀ ਗੈਰਮੌਜੂਦੀ ਕਰ ਕੇ ਹਾਦਸਾ ਵਾਪਰਿਆ ਦੱਸਿਆ ਜਾ ਰਿਹਾ ਹੈ। ਉਧਰ ਅਮਰੀਕਾ ਦੇ ਸਹਾਇਕ ਗ੍ਰਹਿ ਸੁਰੱਖਿਆ ਮੰਤਰੀ ਟ੍ਰਿਸ਼ੀਆ ਮੈਕਲਾਫ਼ਲਿਨ ਨੇ ਕਿਹਾ ਕਿ ਰਜਿੰਦਰ ਕੁਮਾਰ ਵੀ ਉਨ੍ਹਾਂ ਗੈਰਕਾਨੂੰਨੀ ਪ੍ਰਵਾਸੀਆਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਜੋਅ ਬਾਇਡਨ ਦੀ ਸਰਕਾਰ ਵੇਲੇ ਇੰਮੀਗ੍ਰੇਸ਼ਨ ਹਿਰਾਸਤ ਵਿਚੋਂ ਰਿਹਾਅ ਕਰਦਿਆਂ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕੀਤੇ ਗਏ। ਅਜਿਹੇ ਡਰਾਈਵਰਾਂ ਕਰ ਕੇ ਅਮਰੀਕਾ ਦੀਆਂ ਸੜਕਾਂ 'ਤੇ ਹੋਰ ਪਤਾ ਨਹੀਂ ਕਿੰਨੀਆਂ ਤਰਾਸਦੀਆਂ ਵਾਪਰਨੀਆਂ ਬਾਕੀ ਹਨ। ਗੈਰਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਆਏ ਲੋਕ ਖ਼ਤਰਨਾਕ ਤਰੀਕੇ ਨਾਲ ਟਰੱਕ ਚਲਾਉਂਦਿਆਂ ਵੱਡੇ ਜਾਨੀ ਨੁਕਸਾਨ ਦਾ ਕਾਰਨ ਬਣ ਰਹੇ ਹਨ। ਚੇਤੇ ਰਹੇ ਕਿ ਭਾਰਤੀ ਡਰਾਈਵਰਾਂ ਨਾਲ ਸਬੰਧਤ ਇਹ ਚੌਥੀ ਵੱਡੀ ਘਟਨਾ ਸਾਹਮਣੇ ਆਈ ਹੈ। ਇਸ ਤੋਂ ਪਹਿਲਾਂ ਅਗਸਤ ਵਿਚ ਫਲੋਰੀਡਾ ਵਿਖੇ ਹਰਜਿੰਦਰ ਸਿੰਘ ਦੇ ਯੂ-ਟਰਨ ਦੌਰਾਨ ਤਿੰਨ ਜਣਿਆਂ ਦੀ ਜਾਨ ਗਈ ਜਦਕਿ ਅਗਸਤ ਵਿਚ ਹੀ ਪ੍ਰਤਾਪ ਸਿੰਘ ਨਾਲ ਸਬੰਧਤ ਹਾਦਸੇ ਦੌਰਾਨ 5 ਸਾਲ ਦੀ ਡਾਲੀਲਾਹ ਕੋਲਮੈਨ ਸਦਾ ਵਾਸਤੇ ਅਪਾਹਜ ਹੋ ਗਈ। ਇਸ ਮਗਰੋਂ ਜਸ਼ਨਪ੍ਰੀਤ ਸਿੰਘ ਦਾ ਬੇਕਾਬੂ ਟਰੱਕ ਕਈ ਗੱਡੀਆਂ ਨੂੰ ਦਰੜਦਾ ਹੋਇਆ ਅੱਗੇ ਵਧ ਗਿਆ ਅਤੇ ਤਿੰਨ ਜਣਿਆਂ ਦੀ ਮੌਤ ਹੋ ਗਈ। ਹਰਜਿੰਦਰ ਸਿੰਘ ਅਤੇ ਜਸ਼ਨਪ੍ਰੀਤ ਦਾ ਮੁਕੱਦਮਾ ਲੰਮਾ ਚੱਲਣ ਦੇ ਆਸਾਰ ਹਨ ਅਤੇ ਲੰਮੀ ਸਜ਼ਾ ਵੀ ਸੁਣਾਈ ਜਾ ਸਕਦੀ ਹੈ। ਦੂਜੇ ਪਾਸੇ ਰਜਿੰਦਰ ਕੁਮਾਰ ਦੇ ਮਾਮਲੇ ਉਤੇ ਵੀ ਆਈਸ ਦੀ ਅੱਖ ਹੈ ਅਤੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਜਲਦ ਤੋਂ ਜਲਦ ਡਿਪੋਰਟ ਕਰਨ ਰਾਹ ਤਲਾਸ਼ ਕੀਤੇ ਜਾ ਰਹੇ ਹਨ।

# ਕੈਨੇਡਾ : ਜਬਰੀ ਵਸੂਲੀ ਦੇ ਮਾਮਲੇ ਵਿਚ ਇਕ ਹੋਰ ਕਤਲ!

## ਕਿਚਨਰ ਵਿਖੇ ਮਰਨ ਵਾਲੇ ਦੀ ਪਛਾਣ ਪੁਲਿਸ ਨੇ ਜਨਤਕ ਨਾ ਕੀਤੀ

ਕਿਚਨਰ, 3 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਜਬਰੀ ਵਸੂਲੀ ਦੇ ਮਾਮਲਿਆਂ ਤਹਿਤ ਚੱਲ ਰਹੀਆਂ ਗੋਲੀਆਂ ਦਰਮਿਆਨ ਕਿਚਨਰ ਵਿਖੇ ਇਕ ਜਣੇ ਦਾ ਕਤਲ ਕਰ ਦਿਤਾ ਗਿਆ ਅਤੇ ਪੁਲਿਸ ਇਸ ਨੂੰ ਟਾਰਗੈਟਡ ਸ਼ੂਟਿੰਗ ਦੱਸ ਰਹੀ ਹੈ। ਵਾਟਰਲੂ ਰੀਜਨਲ ਪੁਲਿਸ ਵੱਲੋਂ ਮਰਨ ਵਾਲੇ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸੈਂਚੁਰੀ ਹਿਲ ਡਰਾਈਵ ਇਲਾਕੇ ਵਿਚ ਗੋਲੀਬਾਰੀ ਦੌਰਾਨ 32 ਸਾਲ ਦੇ ਇਕ ਸਾਊਥ ਏਸ਼ੀਅਨ ਨੇ ਦਮ ਤੋੜਿਆ। ਵਾਰਦਾਤ ਦੇ ਗਵਾਹਾਂ ਮੁਤਾਬਕ ਇਕ ਚਿੱਟੇ ਰੰਗ ਦੀ ਐਸ.ਯੂ.ਵੀ. ਦਰੱਖਤ ਵਿਚ ਜਾ ਵੱਜੀ ਅਤੇ ਬਾਅਦ ਵਿਚ ਪੁਲਿਸ ਨੇ ਵੀ ਤਸਦੀਕ ਕਰ ਦਿਤਾ ਕਿ 32 ਸਾਲਾ ਸ਼ਖਸ ਨੂੰ ਗੱਡੀ ਦੇ ਅੰਦਰ ਹੀ ਗੋਲੀਆਂ ਮਾਰੀਆਂ ਗਈਆਂ। ਕਾਂਸਟੇਬਲ ਮੈਲਿਜ਼ਾ ਕੁਐਰੀ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਗੋਲੀਬਾਰੀ ਦੀ ਵਾਰਦਾਤ ਨੂੰ ਆਰਗੇਨਾਈਜ਼ਡ ਕ੍ਰਾਈਮ ਨਾਲ ਸਬੰਧਤ ਦੱਸਿਆ ਪਰ ਸ਼ੱਕੀ ਬਾਰੇ ਕੋਈ ਜਾਣਕਾਰੀ ਸਾਂਝੀ ਨਾ ਕੀਤੀ। ਦੂਜੇ ਪਾਸੇ ਵਾਰਦਾਤ ਵਾਲੀ ਥਾਂ ਦੇ ਆਲੇ-ਦੁਆਲੇ ਰਹਿੰਦੇ ਲੋਕ ਡਰੇ ਹੋਏ




ਹਨ ਅਤੇ ਇਨ੍ਹਾਂ ਵਿਚੋਂ ਇਕ ਟ੍ਰੇਸੀ ਵੌਅਨ ਦਾ ਕਹਿਣਾ ਸੀ ਕਿ ਉਹ ਮਰਨ ਵਾਲੇ ਨੂੰ ਨਹੀਂ ਜਾਣਦੀ ਪਰ ਉਹ ਇਸੇ ਕੰਪਲੈਕਸ ਵਿਚ ਰਹਿੰਦਾ ਸੀ। ਪੁਲਿਸ ਨੇ ਲੋਕਾਂ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਵਾਰਦਾਤ ਨਾਲ ਸਬੰਧਤ ਜਾਣਕਾਰੀ ਹੋਵੇ ਤਾਂ ਵਾਟਰਲੂ ਰੀਜਨਲ ਪੁਲਿਸ ਨਾਲ 519 570 9777 ਐਕਸਟੈਨਸ਼ਨ 8191 'ਤੇ ਸੰਪਰਕ ਕੀਤਾ ਜਾਵੇ। ਮੌਜੂਦਾ ਵਰ੍ਹੇ ਦੌਰਾਨ ਵਾਟਰਲੂ ਰੀਜਨ ਵਿਚ ਗੋਲੀਬਾਰੀ ਦਾ ਇਹ ਪਹਿਲੀ ਵਾਰਦਾਤ ਹੈ ਜੋ ਜਾਨਲੇਵਾ ਸਾਬਤ ਹੋਈ। ਦਸੰਬਰ 2024 ਤੱਕ ਇਲਾਕੇ ਵਿਚ ਗੋਲੀਬਾਰੀ ਦੀਆਂ 21 ਵਾਰਦਾਤਾਂ ਸਾਹਮਣੇ ਆਈਆਂ ਅਤੇ ਇਨ੍ਹਾਂ ਵਿਚੋਂ ਚਾਰ ਜਾਨਲੇਵਾ ਸਾਬਤ ਹੋਈਆਂ। ਮੌਜੂਦਾ ਵਰ੍ਹੇ ਦੌਰਾਨ ਪੁਲਿਸ 17 ਵਾਰਦਾਤਾਂ ਦੀ ਪੜਤਾਲ ਕਰ ਰਹੀ ਹੈ ਜਿਨ੍ਹਾਂ ਵਿਚੋਂ 8 ਮਾਮਲਿਆਂ ਵਿਚ ਲੋਕ ਜ਼ਖਮੀ ਹੋਏ ਜਦਕਿ 8 ਵਿਚ ਕੋਈ ਜ਼ਖਮੀ ਨਾ ਹੋਇਆ। ਚੇਤੇ ਰਹੇ ਕਿ ਨਵੰਬਰ ਦੌਰਾਨ ਬ੍ਰਿਜਪੋਰਟ ਰੋਡ ਈਸਟ ਅਤੇ ਵੈਬਰ ਸਟ੍ਰੀਟ ਨੌਰਥ ਦੇ ਇੰਟਰਸੈਕਸ਼ਨ 'ਤੇ ਦੋ ਗੱਡੀਆਂ ਵਿਚ ਬੈਠੇ ਲੋਕਾਂ ਨੇ ਇਕ-ਦੂਜੇ ਉਤੇ 50 ਤੋਂ ਵੱਧ ਗੋਲੀਆਂ ਚਲਾਈਆਂ।

www.deoltravel.com
DEOL TRAVEL ਦਿਓਲ ਟ੍ਰੈਵਲ
ਦੁਨੀਆ ਵਿਚ ਕਿਤੇ ਵੀ ਸਫ਼ਰ ਕਰਨ ਲਈ ਸਸਤੀਆਂ ਰਵਾਨੀ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਮਿਲੋ ਜਾਂ ਸੰਪਰਕ ਕਰੋ
RAJVIR DEOL
Call 905 588 5100 Call 905 588 4200

2 OFFICE ROOMS FOR RENT
ਦੋ ਆਫਿਸ ਰੂਮ ਰੈਂਟ ਲਈ ਖਾਲੀ
ਡਿਕਸੀ ਗੁਰੂ ਘਰ ਦੇ ਨਾਲ ਖਾਲਸਾ ਡ੍ਰਾਈਵ ਤੇ ਦੋ ਫਰਨਿਸ਼ ਆਫਿਸ ਰੂਮ ਤੁਰੰਤ ਕਿਰਾਏ ਲਈ ਖਾਲੀ ਹਨ, ਰਿਸੈਪਸ਼ਨ ਰੂਮ, ਵਾਸ਼ਰੂਮ ਤੇ ਕਿਚਨ ਸ਼ੇਅਰ ਕੀਤੀ ਜਾ ਸਕਦੀ ਹੈ।
ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
416-433-6342

CHAUHAN & ASSOCIATES
INSURANCE & FINANCIAL SERVICES
INSURANCE: LIFE, CRITICAL, VISITOR, DISABILITY, SUPERVISA
INVESTMENTS: RESP, RRSP, TFSA, RRIF, RETIREMENT PLANNING
MORTGAGES: RES, COMMERCIAL LOAN, PRIVATE FUNDING
TAX SERVICES: PERSONAL, CORPORATE, GST/HST, CRA AUDIT ASST.
KAMALJIT S. CHAUHAN
416-456-8559
kamch@rogers.com

HOUSE FOR RENT IN LONDON, ON
FULL HOUSE WITH 3 BEDROOMS & FINISHED BASEMENT, AVAILABLE FOR RENT FROM DECEMBER 1ST, 2025. NEAR SHOPPING PLAZA, WESTERN UNIVERSITY, LONDON AIRPORT AREA.
VERY NEAT & CLEAN.
CONTACT FOR DETAILS:
416-433-6342

TRIDENT LAW
PROFESSIONAL CORPORATION
BARRISTERS & SOLICITORS
Sandeep Chopra — LITIGATION — Civil/Corporate/Commercial/Power of Sale
Ravinder Singh — REAL ESTATE — All kind of Residential & Commercial Transaction
CORPORATE/BUSINESS LAW
Incorporation, Organization/Reorgnization, Share Holder/Franchise Agreements
Main Office : 6A-1325 Derry Rd. East, Mississauga ON L5T 1B6
Satellite Office : 101-964 Albion Rd. Toronto ON M9V 1A7, Fax : 905-670-7082
905-670-7076

www.maxxlifeimmigration.com
MAXX LIFE IMMIGRATION SERVICES INC.
• VISITOR VISA • SUPER VISA
• SPOUSAL SPONSORSHIP VISA
• RENEWAL OF PR CARD
• PNP CITIZENSHIP
• EXPRESS ENTRY
FREE INITIAL ASSESSMENT
BABBALDEEP KAUR SAGGU
Regulated Canadian Immigration Consultant
1-647-545-6362
Suit 238-7025 Tomken Rd., Mississauga, ON L5S 1R6

SEHMBI RENOVATION
HIRING SKILLED WORKERS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
ਕੰਮ ਦੀ Invoice ਵੀ ਦਿੱਤੀ ਜਾਵੇਗੀ
Legal Basement
Washrooms
Drywall/Framing
Painting & Flooring
Custom Kitchen Cabinets
ਵਾਜ਼ਬ ਕੀਮਤ ਅਤੇ ਸਮੇਂ ਸਿਰ ਕੰਮ
JASWANT SEHMBI
647-524-0885

DEOL LAW OFFICE
BARRISTER, SOLICITOR & NOTARY PUBLIC
ਇੰਮੀਗ੍ਰੇਸ਼ਨ, ਰੀਅਲ ਐਸਟੇਟ, ਬਿਜ਼ਨੈਸ ਅਤੇ ਕ੍ਰਿਮੀਨਲ ਕੇਸਾਂ ਦੇ ਮਾਹਿਰ ਵਕੀਲ
ਕੁਲਵੰਤ ਸਿੰਘ ਦਿਓਲ
ਦੀਆਂ ਵਧੀਆਂ ਅਤੇ ਪ੍ਰੋਫੈਸ਼ਨਲ ਸੇਵਾਵਾਂ ਦਾ ਲਾਭ ਉਠਾਓ।
KULWANT SINGH DEOL
Open 7 days week, weekend with appointment
905-268-0094
2005-20, Kingsbridge Garden Circle, Mississauga, Ontario L5R 3K7 (North West Corner of Hwy 10 & 403)
905-268-0095 deollaw@yahoo.com

Boora Law Office
ਬੂਰਾ ਲਾਅ ਆਫਿਸ
• ਸਪੌਂਸਰਸ਼ਿਪ • ਕਾਰਪੋਰੇਟ
• ਵਿਲਜ਼ ਅਤੇ ਅਸਟੇਟਸ
• ਨੋਟਰੀ ਅਤੇ ਐਫੀਡੇਵਿਟ
• ਰੀਅਲ ਅਸਟੇਟਸ
• ਬਿਜ਼ਨੈਸ • ਫੈਮਿਲੀ
• ਇੰਮੀਗਰੇਸ਼ਨ
Harpinder S. Boora
Barrister, Solicitor & Notary Public
905-497-3636
1098 PETER ROBERNSTON BLVD., UNIT 3, BRAMPTON, ONT. L6R 3A5 FAX : 905 497 3637

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
www.MakeMeDebtFree.ca
416-502-3100
1888-864-3131
Jasbir Singh Hundal
Registered Credit Counsellor
7015 Tranmere Drive., Unit 20, Mississauga, ON L5S 1T7



ਕੈਨੇਡਾ ਵਿੱਚ ਠੰਢ ਤੋਂ ਬੱਚਣ ਲਈ ਪੰਜਾਬੀ ਭਾਈਚਾਰੇ ਵੱਲੋਂ ਮਿਲ ਕੇ ਲੋੜਵੰਦਾਂ ਲਈ ਜ਼ਰੂਰਤ ਦਾ ਸਾਮਾਨ ਇੱਕਠਾ ਕੀਤਾ ਗਿਆ। ਸਰਦਾਰ ਸਰਦੂਲ ਸਿੰਘ ਥਿਆੜਾ ਤੇ ਹੋਰ ਕਮਿਊਨਿਟੀ ਆਗੂਆਂ ਨੇ ਸ਼ਿਪ ਸੰਸਥਾ ਨਾਲ ਮਿਲ ਕੇ 350 ਤੋਂ ਵੱਧ ਗਿਫ਼ਟ ਬੈਗ ਦਾਨ ਕੀਤੇ। ਸਮਾਗਮ ਵਿੱਚ ਵੈਲਫੇਅਰ ਭਾਰਤੀ ਕੌਂਸਲ ਸ੍ਰੀ ਗਿਰੀਸ਼ ਜੁਨੇਜਾ, ਮਿਸੀਸਾਗਾ ਮੇਅਰ ਕੈਰੋਲਿਨ ਪੈਰਿਸ਼, ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ, ਕੌਂਸਲਰ ਨਵਜੀਤ ਕੌਰ ਬਰਾੜ ਤੇ ਸਰਦਾਰ ਸੰਤੋਖ ਸਿੰਘ ਸੰਧੂ, ਸਰਦਾਰ ਭਜਨ ਸਿੰਘ ਥਿੰਦ, ਸਰਦਾਰ ਬੜਿਆਲ, ਸਰਦਾਰ ਸੰਘਾ ਵੱਲੋਂ ਹਾਜ਼ਰੀ ਲਗਵਾਈ ਗਈ।



ਹੈਮਲਿਟਨ ਸੈਂਟਰ ਤੋਂ ਪਹਿਲੀ ਵਾਰ ਸੰਸਦ ਮੈਂਬਰ ਚੁਣੇ ਗਏ ਅਸਲਮ ਰਾਣਾ ਦਾ ਹਮਦਰਦ ਮੀਡੀਆ ਗਰੁੱਪ ਦੇ ਦਫ਼ਤਰ ਪਹੁੰਚਣ 'ਤੇ ਸੁਆਗਤ ਕੀਤਾ ਗਿਆ। ਉੱਪਰ ਤਸਵੀਰ ਵਿੱਚ ਐੱਮਪੀ ਰਾਣਾ ਤੇ ਅਦਾਰਾ ਹਮਦਰਦ ਦੇ ਸੀਈਓ ਸਰਦਾਰ ਅਮਰ ਸਿੰਘ ਭੁੱਲਰ ਨਜ਼ਰ ਆ ਰਹੇ ਹਨ।



ਅਦਾਰਾ ਹਮਦਰਦ ਦੇ ਟੋਰਾਂਟੋ ਦਫ਼ਤਰ ਪਹੁੰਚੇ ਗੀਤਕਾਰ ਗੁਰਮਿੰਦਰ ਮੱਦੋਕੇ। ਉਪਰੋਕਤ ਤਸਵੀਰ ਵਿੱਚ ਗੀਤਕਾਰ ਮੱਦੋਕੇ ਦੇ ਨਾਲ ਹਮਦਰਦ ਟੀਵੀ ਦੇ ਸਰਦਾਰ ਅਮਰ ਸਿੰਘ ਭੁੱਲਰ ਅਤੇ ਹੋਸਟ ਜੈ ਰੰਧਾਵਾ ਖੜ੍ਹੇ ਨਜ਼ਰ ਆ ਰਹੇ ਹਨ।






# ਵਪਾਰ ਤੇ ਪੂੰਜੀ-ਨਿਵੇਸ਼ ਨੂੰ ਨਵਾਂ ਹੁਲਾਰਾ, ਯੂਏਈ ਵੱਲੋਂ ਕੈਨੇਡਾ ਵਿੱਚ $70 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ - ਸੋਨੀਆ ਸਿੱਧੂ

ਬਰੈਂਪਟਨ, - ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੁਆਰਾ ਪਿਛਲੇ ਦਿਨੀਂ ਕੀਤੇ ਗਏ ਸਫ਼ਲ ਸਰਕਾਰੀ ਦੌਰੇ ਦੌਰਾਨ ਕੈਨੇਡਾ ਅਤੇ ਯੂਏਈ ਵਿਚਕਾਰ ਹੋਏ ਮਹੱਤਵਪੂਰਨ ਸਮਝੌਤਿਆਂ ਨਾਲ ਕੈਨੇਡਾ ਦੇ ਅਰਥਚਾਰੇ ਅਤੇ ਬਿਜ਼ਨੈੱਸਾਂ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਇਸ ਦੇ ਨਾਲ ਵਰਕਰਾਂ ਲਈ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ।

ਪ੍ਰਧਾਨ ਮੰਤਰੀ ਕਾਰਨੀ ਦੀ ਯੂਏਈ ਦੀ ਇਸ ਯਾਤਰਾ ਦੌਰਾਨ ਕੈਨੇਡਾ ਅਤੇ ਯੂਏਓ ਵਿਚਕਾਰ 'ਫ਼ੌਰਨ ਇਨਵੈੱਸਟਮੈਂਟ ਪ੍ਰਮੋਸ਼ਨ ਐਂਡ ਪ੍ਰੋਟੈੱਕਸ਼ਨ ਐਗਰੀਮੈਂਟ' (FIPA) ਸਮਝੌਤੇ ਉੱਪਰ ਦਸਤਖ਼ਤ ਹੋਏ, ਜਿਸ ਰਾਹੀਂ ਦੋ-ਪਾਸੜ ਪੂੰਜੀ-ਨਿਵੇਸ਼ ਕਰਨ ਲਈ ਨਿਯਮ ਬਣਾਏ ਗਏ, ਜਿਨ੍ਹਾਂ ਨਾਲ ਦੋਹਾਂ ਦੇਸ਼ਾਂ ਵਿਚਕਾਰ ਕਈ ਬਿਲੀਅਨ ਡਾਲਰਾਂ ਦਾ ਪੂੰਜੀ-ਨਿਵੇਸ਼ ਹੋਏਗਾ। ਇਸ ਸਮਝੌਤੇ ਨਾਲ ਕੈਨੇਡੀਅਨ ਕੰਪਨੀਆਂ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਪ੍ਰਾਜੈੱਕਟਾਂ ਲਈ ਪੂੰਜੀ ਨਿਵੇਸ਼ ਕਰ ਸਕਣਗੀਆਂ। ਕੈਨੇਡਾ ਅਤੇ ਯੂਏਈ ਵਿਚਕਾਰ ਵਪਾਰ ਅਗਲੇ ਦਸ ਸਾਲਾਂ ਵਿੱਚ 3.4 ਬਿਲੀਅਨ ਡਾਲਰ ਤੋਂ ਵੱਧ ਕੇ 7 ਬਿਲੀਅਨ ਡਾਲਰ, ਭਾਵ ਦੁੱਗਣੇ ਤੋਂ ਵੱਧ ਹੋ ਜਾਣ ਦੀ ਆਸ ਹੈ।



ਇਸ ਦੇ ਨਾਲ ਹੀ ਇੱਕ ਹੋਰ ਸਮਝੌਤੇ ਅਨੁਸਾਰ ਯੂਏਈ ਵੱਲੋਂ ਕੈਨੇਡਾ ਵਿੱਚ 70 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਨਾਲ ਕੈਨੇਡਾ ਦੇ ਊਰਜਾ ਤੇ ਇਨਫਰਾਸਟਰੱਕਚਰ ਖ਼ੇਤਰਾਂ ਵਿੱਚ ਉੱਚ-ਪੱਧਰ ਦੀਆਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਟੈੱਕਨਾਲੋਜੀ ਖ਼ੇਤਰ ਵਿੱਚ ਹੋਰ ਵਾਧਾ ਹੋਵੇਗਾ।

ਇਸ ਦੇ ਬਾਰੇ ਆਪਣਾ ਪ੍ਰਤੀਕਰਮ ਦੱਸਦਿਆਂ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਕਿਹਾ, "ਇਨ੍ਹਾਂ ਸਮਝੌਤਿਆਂ ਨਾਲ ਕੈਨੇਡਾ ਦੇ ਬਿਜ਼ਨੈਸਾਂ ਵਿੱਚ ਵਿਭਿੰਨਤਾ ਆਏਗੀ, ਅਰਥਚਾਰਾ ਮਜ਼ਬੂਤ ਹੋਵੇਗਾ ਅਤੇ ਕਾਮਿਆਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਬਰੈਂਪਟਨ ਲੌਜਿਸਟਿਕਸ ਅਤੇ ਟੈੱਕਨਾਲੋਜੀ ਖ਼ੇਤਰਾਂ ਦੇ ਉਤੇਜਿਤ ਰੋਜ਼ਗਾਰਾਂ ਵਿੱਚ ਕੰਮ ਕਰਨ ਵਾਲੇ ਸਿੱਖਿਅਤ ਕਾਮਿਆਂ ਲਈ ਘਰ ਹੈ। ਇਨ੍ਹਾਂ ਦੋਹਾਂ ਦੇਸ਼ਾਂ ਵਿਚਕਾਰ ਇਹ ਭਾਈਵਾਲੀ ਸਥਾਨਕ ਬਿਜ਼ਨੈੱਸਾਂ ਲਈ ਨਵੇਂ ਵਪਾਰ ਕੇਂਦਰਾਂ ਦੇ ਮੌਕੇ ਅਤੇ ਹੋਰ ਪੂੰਜੀ-ਨਿਵੇਸ਼ ਕਰਨ ਲਈ ਸਹਾਇਤਾ ਕਰੇਗੀ ਜਿਸ ਨਾਲ ਇਸ ਸ਼ਹਿਰ ਵਿੱਚ ਹੋਰ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ।"

ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਇਸ ਦੇ ਬਾਰੇ ਕਹਿਣਾ ਹੈ, "ਖ਼ਤਰਨਾਕ ਢੰਗ ਨਾਲ ਵੰਡੀ ਜਾ ਰਹੀ ਦੁਨੀਆਂ ਵਿੱਚ ਕੈਨੇਡਾ ਹੋਰ ਕਈ ਦੇਸ਼ਾਂ ਨਾਲ ਭਾਈਵਾਲੀ ਵਧਾ ਰਿਹਾ ਹੈ। ਯੂਏਈ ਦੇ ਨਾਲ ਹੋਏ ਇਨ੍ਹਾਂ ਸਮਝੌਤਿਆਂ ਨਾਲ ਕੈਨੇਡਾ ਵਿੱਚ ਉਸਦੇ ਵੱਲੋਂ ਕਈ ਬਿਲੀਅਨ ਡਾਲਰਾਂ ਦੀ ਪੂੰਜੀ ਨਿਵੇਸ਼ ਕੀਤੀ ਜਾਏਗੀ, ਸਾਡੇ ਬਿਜ਼ਨੈਸਾਂ ਤੇ ਵਰਕਰਾਂ ਲਈ ਨਵੇਂ ਵਪਾਰ ਕੇਂਦਰਾਂ ਦੇ ਮੌਕੇ ਪੈਦਾ ਹੋਣਗੇ ਅਤੇ ਦੇਸ਼-ਭਰ ਵਿੱਚ ਉੱਚੇਰੀ ਤਨਖ਼ਾਹ ਵਾਲੀਆਂ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਕੈਨੇਡਾ ਆਪਣੇ ਵਪਾਰ ਵਿੱਚ ਵਿਭਿੰਨਤਾ ਲਿਆ ਰਿਹਾ ਹੈ ਅਤੇ ਦੇਸ਼ ਨੂੰ ਮਜ਼ਬੂਤ ਕਰਨ ਲਈ ਪੂੰਜੀ ਨਿਵੇਸ਼ ਕਰਨ ਵਾਲੇ ਨਵੇਂ ਭਾਈਵਾਲ ਲਿਆ ਰਿਹਾ ਹੈ।"

## ਬਰੈਂਪਟਨ ਵਿਖੇ ਪੰਜਾਬੀ ਪਰਵਾਰ ਦੇ 5 ਜੀਆਂ ਦਾ ਅੰਤਮ ਸਸਕਾਰ 5 ਦਸੰਬਰ ਨੂੰ

ਬਰੈਂਪਟਨ, 3 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਬਰੈਂਪਟਨ ਵਿਖੇ 20 ਨਵੰਬਰ ਨੂੰ ਵਾਪਰੇ ਹੌਲਨਾਕ ਹਾਦਸੇ ਦੌਰਾਨ ਜਾਨ ਗਵਾਉਣ ਵਾਲੇ ਪੰਜ ਜੀਆਂ ਦਾ ਅੰਤਮ ਸਸਕਾਰ 5 ਦਸੰਬਰ ਨੂੰ ਸਵੇਰੇ 11 ਵਜੇ ਬਰੈਂਪਟਨ ਕ੍ਰੈਮਾਟੋਰੀਅਮ ਐਂਡ ਵਿਜ਼ਟੇਸ਼ਨ ਸੈਂਟਰ ਵਿਖੇ ਹੋਵੇਗਾ। ਉਪ੍ਰੰਤ ਸ਼ਾਮ ਸਾਢੇ ਪੰਜ ਵਜੇ ਬਰੈਂਪਟਨ ਦੇ ਰਿਗਨ ਰੋਡ 'ਤੇ ਸਥਿਤ ਗੁਰਦਵਾਰਾ ਸਿੱਖ ਸੰਗਤ ਵਿਖੇ ਹਰਿੰਦਰ ਕੌਰ, ਗੁਰਜੀਤ ਕੌਰ ਗਰੇਵਾਲ, ਬੰਤਵੀਰ ਸਿੰਘ ਦਿਓਲ, ਅਨੂਦੀਪ ਕੌਰ ਅਤੇ ਦੂਨੀਆਂ ਵਿਚ ਆਉਣ ਤੋਂ ਪਹਿਲਾਂ ਹੀ ਸਦੀਵੀ ਵਿਛੋੜਾ ਦੇ ਗਏ ਬੱਚੇ ਨਮਿਤ ਅੰਤਮ ਅਰਦਾਸ ਕੀਤੀ ਜਾਵੇਗੀ। ਇਥੇ ਦਸਣਾ ਬਣਦਾ ਹੈ ਕਿ ਬਰੈਂਪਟਨ ਦੇ ਮੈਕਲੌਕਲਿਨ ਰੋਡ ਅਤੇ ਰਿਮੈਂਬਰੈਂਸ ਰੋਡ ਇਲਾਕੇ ਵਿਚ ਇਕ ਘਰ ਨੂੰ ਅੱਗ ਲੱਗਣ ਕਾਰਨ ਇਕੋ ਪਰਵਾਰ ਦੇ ਪੰਜ ਜੀਆਂ ਦੀ ਜਾਨ ਚਲੀ ਗਈ ਜਦਕਿ ਚਾਰ ਜਣੇ ਗੰਭੀਰ ਜ਼ਖਮੀ ਹੋਏ। ਹਾਦਸੇ ਦੌਰਾਨ ਸਿਰਫ਼ ਜਗਰਾਜ ਸਿੰਘ ਹੀ ਬਗੈਰ ਕਿਸੇ ਸਰੀਰਕ ਸੱਟ ਤੋਂ ਬਚ ਸਕਿਆ। ਜਗਰਾਜ ਸਿੰਘ ਮੁਤਾਬਕ ਉਸ ਦੀ ਪਤਨੀ ਅਰਸ਼ਵੀਰ ਕੌਰ, ਪੰਜ ਸਾਲ ਦਾ ਬੇਟਾ, ਬ੍ਰਦਰ ਇਨ ਲਾਅ ਅੰਮ੍ਰਿਤਵੀਰ ਸਿੰਘ ਅਤੇ ਅੰਮ੍ਰਿਤਵੀਰ ਸਿੰਘ ਦਾ ਬ੍ਰਦਰ ਇਨ ਲਾਅ ਹਾਦਸੇ ਦੌਰਾਨ ਜ਼ਖਮੀ ਹੋਏ। ਜਗਰਾਜ ਸਿੰਘ ਮੁਤਾਬਕ ਉਹ ਕੰਮ 'ਤੇ ਗਿਆ ਹੋਇਆ ਸੀ ਜਦੋਂ ਘਰ ਨੂੰ ਅੱਗ ਲੱਗੀ ਅਤੇ ਸਾਰੀਆਂ ਨਿਜੀ ਚੀਜ਼ਾਂ ਜਿਨ੍ਹਾਂ ਵਿਚ ਕੱਪੜੇ, ਪਾਸਪੋਰਟ, ਬੀਮਾ ਦਸਤਾਵੇਜ਼ ਅਤੇ ਹੋਰ ਜ਼ਰੂਰੀ ਕਾਗਜ਼ਾਤ ਸੜ ਕੇ ਸੁਆਹ ਹੋ ਗਏ।




























# ਅਮਰੀਕਾ ’ਚ 1200 ਫ਼ਲਾਈਟਸ ਰੱਦ, ਬਰਫ਼ੀਲੇ ਤੂਫ਼ਾਨ ਦਾ ਕਹਿਰ

## ਆਈ-70 ‘ਤੇ ਦਰਜਨਾਂ ਟਰੱਕਾਂ ਅਤੇ ਕਾਰਾਂ ਦੀ ਹੋਈ ਟੱਕਰ

ਸ਼ਿਕਾਗੋ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਬਰਫ਼ੀਲੇ ਤੂਫ਼ਾਨ ਦੇ ਕਹਿਰ ਦੌਰਾਨ ਸੈਂਕੜੇ ਫਲਾਈਟਸ ਰੱਦ ਕਰ ਦਿਤੀਆਂ ਗਈਆਂ ਅਤੇ ਹਾਈਵੇਜ਼ ‘ਤੇ ਵੱਡੇ ਹਾਦਸੇ ਵਾਪਰਨ ਦੀ ਰਿਪੋਰਟ ਹੈ। ਇਕੱਲੇ ਸ਼ਿਕਾਗੋ ਏਅਰਪੋਰਟ ‘ਤੇ ਇਕ ਹਜ਼ਾਰ ਤੋਂ ਵੱਧ ਫਲਾਈਟਸ ਰੱਦ ਹੋਈਆਂ ਅਤੇ ਆਇਓਵਾ ਸੂਬੇ ਦੇ ਦੇਅ ਮੋਇਨ ਇੰਟਰਨੈਸ਼ਨਲ ਏਅਰਪੋਰਟ ‘ਤੇ ਡੈਲਟਾ ਏਅਰਨਾਈਨਜ਼ ਦੀ ਫਲਾਈਟ 5087 ਰਨਵੇਟ ਤੋਂ ਤਿਲਕ ਗਈ ਅਤੇ ਕਈ ਮੁਸਾਫ਼ਰਾਂ ਨੇ ਹਾਦਸੇ ਦੀ ਵੀਡੀਓ ਸੋਸ਼ਲ ਮੀਡੀਆ ‘ਤੇ ਸਾਂਝੀ ਕੀਤੀ। ਹਾਦਸੇ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ। ਡੈਲਟਾ ਏਅਰਲਾਈਨਜ਼ ਨੇ ਮੁਸਾਫ਼ਰਾ ਤੋਂ ਮੁਆਫ਼ੀ ਮੰਗਦਿਆਂ ਕਿਹਾ ਹੈ ਕਿ ਲੋਕਾਂ ਦੀ ਸੁਰੱਖਿਆ ਸਭ ਤੋਂ ਉਤੇ ਹੈ। ਉਧਰ ਇੰਡਿਆਨਾ ਸੂਬੇ ਵਿਚ ਇੰਟਰਸਟੇਟ-70 ‘ਤੇ ਦਰਜਨਾਂ ਕਾਰਾਂ ਅਤੇ ਟਰੱਕ ਆਪਸ ਵਿਚ ਭਿੜ ਗਏ। ਇੰਡਿਆਨਾ ਸਟੇਟ ਪੁਲਿਸ ਮੁਤਾਬਕ ਇਲੀਨੋਇ ਦੇ ਬਾਰਡਰ ਨੇੜੇ ਵਾਪਰੇ ਹਾਦਸੇ ਵਿਚ ਘੱਟੋ ਘੱਟ 45 ਗੱਡੀਆਂ ਸ਼ਾਮਲ ਸਨ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਦੂਜੇ ਪਾਸੇ ਨਿਊ ਯਾਰਕ ਸੂਬੇ ਦੇ ਵੈਸਟਮੋਰਲੈਂਡ ਇਲਾਕੇ ਵਿਚ 25 ਇੰਚ ਬਰਫ਼ਬਾਰੀ ਹੋਣ ਅਤੇ ਬਫਲੋ ਦੇ ਇਲੀਕੋਟਵਿਲ ਵਿਖੇ 19 ਇੰਚ ਬਰਫ਼ ਡਿੱਗਣ ਦੀ ਰਿਪੋਰਟ ਹੈ। ਵਿਸਕੋਨਸਿਨ ਦੇ ਮਿਲਵੌਕੀ ਸ਼ਹਿਰ ਵਿਚ ਹਾਲਾਤ ਨੂੰ ਵੇਖਦਿਆਂ ਸਨੋਅ ਐਮਰਜੰਸੀ ਦਾ ਐਲਾਨ ਕੀਤਾ ਗਿਆ। ਅਮਰੀਕਾ ਦੇ ਵੱਖ ਵੱਖ ਇਲਾਕਿਆਂ ਵਿਚ ਬਰਫ਼ੀਲੇ ਮੌਸਮ ਕਾਰਨ 104 ਵੱਡੇ ਹਾਦਸੇ ਵਾਪਰਨ ਦੀ ਰਿਪੋਰਟ ਹੈ। ਇਸੇ ਤਰ੍ਹਾਂ ਓਹਾਇਓ ਅਤੇ ਮਿਸ਼ੀਗਨ ਵਿਚ ਭਾਰੀ ਬਰਫ਼ਬਾਰੀ ਹੋ ਚੁੱਕੀ ਹੈ ਜਦਕਿ ਆਇਓਵਾ ਅਤੇ ਵਿਸਕੋਨਸਿਨ ਦੇ ਕਈ ਇਲਾਕਿਆਂ ਵਿਚ ਤਕਰੀਬਨ ਇਕ ਫੁੱਟ ਤੱਕ ਬਫ਼ਬਾਰੀ ਦਰਜ ਕੀਤੀ ਗਈ। ਮੱਧ-ਪੱਛਮੀ ਅਮਰੀਕਾ ਦੇ ਕਰੋੜਾਂ ਲੋਕਾਂ ਨੂੰ ਫ਼ਿਲਹਾਲ ਰਾਹਤ ਮਿਲਣ ਦੀ ਕੋਈ ਉਮੀਦ ਨਹੀਂ ਅਤੇ ਸੋਮਵਾਰ ਦੇ ਮੰਗਲਵਾਰ ਦੀ ਦਰਮਿਆਨ ਰਾਤ ਨਿਊ ਇੰਗਲੈਂਡ ਸਣੇ ਕਈ ਇਲਾਕਿਆਂ ਵਿਚ ਇਕ ਫੁੱਟ ਤੋਂ ਵੱਧ ਬਰਫ਼ ਡਿੱਗ ਸਕਦੀ ਹੈ।



ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਪੈਨਸਿਲਵੇਨੀਆ ਅਤੇ ਨਿਊ ਯਾਰਕ ਸੂਬੇ ਦੇ ਕਈ ਇਲਾਕਿਆਂ ਵਿਚ ਵੀ ਭਾਰੀ ਬਰਫ਼ਬਾਰੀ ਹੋ ਸਕਦੀ ਹੈ। ਇਸ ਤੋਂ ਇਲਾਵਾ ਵਰਮੌਂਟ, ਨਿਊ ਹੈਂਪਸ਼ਾਇਰ ਅਤੇ ਮੈਸਾਚਿਉਸੈਟਸ ਦੇ ਪੱਛਮੀ ਇਲਾਕੇ ਵੀ ਮਾਰ ਹੇਠ ਆਉਣ ਦੇ ਆਸਾਰ ਹਨ। ਮੌਸਮ ਵਿਗਿਆਨੀਆਂ ਮੁਤਾਬਕ ਗਰੇਟ ਲੇਕਸ ਤੋਂ ਪੈਦਾ ਹੋਇਆ ਘੱਟ ਦਬਾਅ ਵਾਲਾ ਖੇਤਰ ਅਤੇ ਨੇਵਾਡਾ ਦੇ ਗਰੇਟ ਬੇਸਿਨ ਤੋਂ ਸ਼ੁਰੂ ਹੋਈ ਗੜਬੜੀ ਕਾਰਨ ਮੌਸਮ ਖ਼ਤਰਨਾਕ ਰੂਪ ਅਖਤਿਆਰ ਕਰ ਰਿਹਾ ਹੈ। ਸੋਮਵਾਰ ਬਾਅਦ ਦੁਪਹਿਰ ਕੈਨਸਸ ਅਤੇ ਮਿਜ਼ੋਰੀ ਰਾਜਾਂ ਵਿਚ ਹਲਕੇ ਬਰਫ਼ਬਾਰੀ ਹੋਣ ਦੇ ਆਸਾਰ ਹਨ ਜਦਕਿ ਅੰਕਸਾ ਦੇ ਕੁਝ ਹਿੱਸਿਆਂ ਵਿਚ ਫ਼ਰੀਜ਼ਿੰਗ ਰੇਨ ਦੀ ਪੇਸ਼ੀਨਗੋਈ ਕੀਤੀ ਗਈ ਹੈ। ਸੋਮਵਾਰ ਰਾਤ ਤੱਕ ਮਿਸੀਸਿਪੀ, ਐਲਾਬਾਮਾ ਅਤੇ ਪੱਛਮੀ ਜਾਰਜੀਆ ਵਿਚ ਭਾਰਤੀ ਮੀਂਹ ਪੈ ਸਕਦਾ ਹੈ। ਇਥੇ ਦਸਣਾ ਬਣਦਾ ਹੈ ਕਿ ਪਿਛਲੇ ਦਿਨੀਂ ਏਅਰਬੱਸ ਦੇ ਏ-320 ਹਵਾਈ ਜਹਾਜ਼ਾਂ ਦੇ ਸਾਫ਼ਟਵੇਅਰ ਵਿਚ ਆਈ ਦਿੱਕਤ ਅਤੇ ਫਿਲਾਡੈਲਫੀਆ ਏਅਰਪੋਰਟ ‘ਤੇ ਬੰਬ ਦੀ ਧਮਕੀ ਨੇ ਅਮਰੀਕਾ ਵਿਚ ਏਅਰ ਟ੍ਰੈਫ਼ਿਕ ਪ੍ਰਭਾਵਤ ਕੀਤਾ। ਸਿਰਫ਼ ਐਨਾ ਹੀ ਨਹੀਂ ਤੇਜ਼ ਹਵਾਵਾਂ ਕਾਰਨ ਕਈ ਪ੍ਰਮੁੱਖ ਹਵਾਈ ਅੱਡਿਆਂ ‘ਤੇ ਫਲਾਈਟਸ ਪ੍ਰਭਾਵਤ ਹੋਣ ਦੀ ਚਿਤਾਵਨੀ ਵੀ ਦਿਤੀ ਗਈ।

# ਲਾਈਫ ਇੰਸ਼ੋਰੈਂਸ : ਲੋੜ ਅਤੇ ਕਿਸਮਾਂ

**ਜਗਜੀਤ ਗਰੇਵਾਲ ਇੰਸ਼ੋਰੈਂਸ, ਟੈਕਸ, ਪੈਨਸ਼ਨ ਅਤੇ ਹੋਰ ਫਾਈਨੈਂਸ਼ੀਅਲ ਮੁੱਦਿਆਂ ਬਾਰੇ ਭਰਪੂਰ ਜਾਣਕਾਰੀ ਰਖਦੇ ਹਨ। ਇੰਨ੍ਹਾਂ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਅਤੇ ਪਾਠਕਾਂ ਨਾਲ ਗਿਆਨ ਸਾਂਝਾ ਕਰਨ ਲਈਉਨ੍ਹਾਂ ਦੇ ਲੇਖ ਹਰ ਹਫਤੇ ਇਸ ਅਖ਼ਬਾਰ ਵਿੱਚ ਛਪਦੇ ਹਨ। ਹੋਰ ਕੋਈ ਜਾਣਕਾਰੀ ਲੈਣ ਵਾਸਤੇ ਜਗਜੀਤ ਗਰੇਵਾਲ ਨਾਲ (416) 456 7467 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।**



(416) 456 7467

ਦੋ ਕੁ ਹਫਤੇ ਪਹਿਲਾਂ ਬਰੈਂਪਟਨ ਦੇ ਇੱਕ ਘਰ ਵਿੱਚ ਹੋਈ ਭੀਸ਼ਣ ਅੱਗ ਲੱਗਣ ਦੀ ਵਾਰਦਾਤ ਨੇ ਪੂਰੀ ਕਮਿਉਨਿਟੀ ਨੂੰ ਝੰਝੋੜ ਕੇ ਰੱਖ ਦਿੱਤਾ ਹੈ। ਲਾਪਰਵਾਹੀ ਕਰਕੇ ਹੋਈਆਂ ਅਚਨਚੇਤ ਇੰਨ੍ਹਾਂ ਮੌਤਾਂ ਦਾ ਕੌਣ ਜ਼ਿੰਮੇਵਾਰ ਹੈ? ਕੀ ਕਿਸੇ ਨੂੰ ਕੋਈ ਆਰਥਿੱਕ ਮੁਆਵਜ਼ਾ ਮਿਲੇਗਾ? ਕੀ ਮਰਨ ਵਾਲਿਆਂ ਦੀ ਕੋਈ ਲਾਈਫ ਇੰਸ਼ੋਰੈਂਸ ਸੀ ਜਿਸ ਤੋਂ ਪਰਿਵਾਰਾਂ ਨੂੰ ਰਾਹਤ ਮਿਲ ਸਕੇ? ਕੀ ਉਹਨਾਂ ਨੇ ਲਾਈਫ ਇੰਸ਼ੋਰੈਂਸ ਬਾਰੇ ਕਦੇ ਕੋਈ ਗੌਰ ਕੀਤਾ ਸੀ ਜਾਂ ਨਹੀਂ?

ਬਾਕੀ ਨਗਰ ਨਿਵਾਸੀਆਂ ਨੂੰ ਇਹ ਸਬਕ ਲੈਣਾ ਚਾਹੀਦਾ ਹੈ ਆਪਦੇ ਘਰਾਂ ਵਿੱਚ ਅੱਗ ਲੱਗਣ ਤੋਂ ਬਚਾਅ ਕਿਵੇਂ ਕਰਨਾ ਹੈ ਅਤੇ ਕਿਵੇਂ ਬਚ ਕੇ ਨਿਕਲਨਾ ਹੈ। ਨਾਲ ਦੀ ਨਾਲ ਇਹ ਸੋਚ ਮਜ਼ਬੂਤ ਕਰਨੀ ਹੈ ਕਿ ਇੰਸ਼ੋਰੈਂਸ ਦੇ ਮਾਮਲੇ ਵਿੱਚ ‘ਦੇਖੀ ਜਾਊ’ ਨਾਲ ਨਹੀਂ ਸਰਨਾ। ਸਗੋਂ ਕੁੱਝ ਠੋਸ ਕਦਮ ਚੁੱਕਣੇ ਪੈਣੇ ਹਨ।

ਜਦ ਵੀ ਕਦੇ ਲਾਈਫ ਇੰਸ਼ੋਰੈਂਸ ਦੀ ਗੱਲ ਹੁੰਦੀ ਹੈ ਤਾਂ ਇਹ ਵਿਚਾਰਨਾ ਜ਼ਰੂਰੀ ਹੈ ਕਿ ਲੋੜ ਜ਼ਿੰਦਗੀ ਭਰ ਦੀ ਹੈ ਜਾਂ ਕੁੱਝ ਕੁ ਸਮੇਂ ਦੀ। ਦੇਖਿਆ ਜਾਵੇ ਤਾਂ ਦੋਨੇ ਹੀ ਆਪਣੇ ਸਮੇਂ ਵਿੱਚ ਕੰਮ ਆਉਂਦੀਆਂ ਹਨ। ਕਿਉਂਕਿ ਇਨਸਾਨ ਨੂੰ ਆਪਣੀ ਜ਼ਿੰਦਗੀ ਦੇ ਅੰਤ ਬਾਰੇ ਕੋਈ ਗਿਆਨ ਨਹੀਂ ਹੁੰਦਾ ਇਸੇ ਕਰਕੇ ਪਿੱਛੇ ਰਹਿ ਗਏ ਪਰਿਵਾਰ ਦੇ ਜੀਆਂ ਵਾਸਤੇ ਆਰਥਿੱਕ ਸਮੱਸਿਆਵਾਂ ਨੂੰ ਜੂਝਣ ਵਾਸਤੇ ਲਾਈਫ ਇੰਸ਼ੋਰੈਂਸ ਵਧੇਰੀ ਮਾਤਰਾ ਵਿੱਚ ਪੈਸੇ-ਧੇਲੇ ਦਾ ਬੰਦੋਬਸਤ ਕਰਦੀ ਹੈ। ਅਮੂਮਨ ਲਾਈਫ ਇੰਸ਼ੋਰੈਂਸ ਦੋ ਪ੍ਰਕਾਰ ਦੀ ਹੁੰਦੀ ਹੈ:

- ਟਰਮ ਇੰਸ਼ੋਰੈਂਸ
- ਪਰਮਾਨੈਂਟ ਇੰਸ਼ੋਰੈਂਸ

### ਕਿੰਨੀ ਕੁ ਲਾਈਫ ਇੰਸ਼ੋਰੈਂਸ ਦੀ ਲੋੜ ਹੈ?

ਜ਼ਰੂਰਤ ਅਨੁਸਾਰ ਤੁਹਾਡੀ ਛੋਟੀ ਅਤੇ ਲੰਬੀ ਲੋੜ ਪੂਰੀ ਹੋਣੀ ਚਾਹੀਦੀ ਹੈ। ਇਹ ਸੋਚਣਾ ਹੈ ਕਿ ਅਗਰ ਅੱਜ ਮੈਨੂੰ ਕੁੱਝ ਹੋ ਜਾਂਦਾ ਹੈ ਤਾਂ ਕੀ ਮੇਰਾ ਪਰਿਵਾਰ ਸਾਰੇ ਕਰਜ਼ੇ ਲਾਹ ਕੇ ਆਰਾਮ ਨਾਲ ਜ਼ਿੰਦਗੀ ਬਸਰ ਕਰ ਸਕੇਗਾ? ਅਗਰ ਅੱਜ ਖ਼ਰਚੇ ਚਲਾਉਣੇ ਮੁਸ਼ਕਿਲ ਲੱਗਦੇ ਹਨ ਤਾਂ ਤੁਹਾਡੇ ਨਾ ਰਹਿਣ ‘ਤੇ ਕੀ ਬਣੇਗਾ। ਕੁੱਝ ਵਿਚਾਰਨਯੋਗ ਗੱਲਾਂ:

- ਮਾਰਗੇਜ ਪੇਅ ਕਰਕੇ ਘਰ ਦਾ ਫਰੀ ਹੋਣਾ।
- ਕਾਰਡਾਂ ਅਤੇ ਹੋਰ ਕਰਜ਼ਿਆਂ ਤੋਂ ਮੁਕਤ ਹੋਣਾ।
- ਬੱਚਿਆਂ ਦੀ ਪੜ੍ਹਾਈ ਅਤੇ ਪਰਵਰਿਸ਼ ਦਾ ਬੰਦੋਬਸਤ।
- ਬਿੱਲ ਬੱਤੀ ਅਤੇ ਰੋਜ਼ਮਰ੍ਹਾ ਦੇ ਖ਼ਰਚੇ।
- ਟੈਕਸ ਅਤੇ ਹੋਰ ਆਖਿਰੀ ਰਸਮਾਂ ਦੇ ਖ਼ਰਚਿਆਂ ਵਾਸਤੇ ਰਕਮ।
- ਦੂਸਰੇ ਪਾਰਟਨਰ ਵਾਸਤੇ ਇਨਕਮ ਦੀ ਲੋੜ।

### ਲਾਈਫ ਇੰਸ਼ੋਰੈਂਸ ਦੀਆਂ ਕਿਸਮਾਂ

ਟਰਮ ਇੰਸ਼ੋਰੈਂਸ - ਇਸ ਨੂੰ ਟੈਂਪਰੇਰੀ ਇੰਸ਼ੋਰੈਂਸ ਵੀ ਆਖਦੇ ਹਨ। ਜਿਵੇਂ ਨਾਮ ਤੋਂ ਜ਼ਾਹਿਰ ਹੈ ਇਸ ਪ੍ਰਕਾਰ ਦੀ ਲਾਈਫ ਇੰਸ਼ੋਰੈਂਸ ਇੱਕ ਮਿੱਥੇ ਸਮੇਂ ਵਾਸਤੇ ਕਵਰ ਕਰਦੀ ਹੈ। ਇਹ ਟਰਮ (ਮਿੱਥਿਆ ਸਮਾਂ) 5, 10, 20, 30 ਜਾਂ 100 ਸਾਲ ਵੀ ਹੋ ਸਕਦਾ ਹੈ। ਟਰਮ ਖ਼ਤਮ ਹੋਣ ‘ਤੇ ਇਸ ਨੂੰ ਰੀਨੀਊ ਵੀ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ ਪਾਲਿਸੀ ਤਾਂ ਹੀ ਪੇਅ ਕਰਦੀ ਹੈ ਅਗਰ ਇੰਸ਼ੋਰਡ ਇਨਸਾਨ ਦੀ ਮੌਤ ਟਰਮ ਦੇ ਦੌਰਾਨ ਹੀ ਹੋਵੇ। ਟਰਮ ਜਿੰਨੀ ਛੋਟੀ ਹੋਵੇਗੀ ਪ੍ਰੀਮੀਅਮ ਉਨਾਂ ਹੀ ਘੱਟ ਹੋਵੇਗਾ। ਲੇਕਿਨ ਰੀਨੀਊ ਵੇਲੇ ਪ੍ਰੀਮੀਅਮ ਜ਼ਿਆਦਾ ਹੋਵੇਗਾ। ਲੰਬੇ ਸਮੇਂ ਵਿੱਚ ਇਹ ਮਹਿੰਗੀ ਪੈਂਦੀ ਹੈ। ਇਸ ਵਿੱਚ ਕੋਈ ਕੈਸ਼ ਵੈਲਯੂ ਨਹੀਂ ਹੁੰਦਾ। ਇਹ ਛੋਟੇ ਸਮੇਂ ਦੀ ਰਿਸਕ ਵਾਸਤੇ ਹੀ ਫਾਇਦੇਮੰਦ ਹੈ ਜਿਵੇਂ ਕਿ ਮਾਰਗੇਜ ਦੀ ਕਵਰੇਜ, ਬੱਚਿਆਂ ਦੇ ਆਪ ਮੁਹਾਰਾ ਹੋਣ ਤੱਕ, ਸਟੂਡੈਂਟ ਵਾਸਤੇ ਜਾਂ ਨਵੇਂ ਇੰਮੀਗਰਾਂਟਾਂ ਦੀ ਆਰਥਿੱਕ ਸਫਲਤਾ ਹੋਣ ਤੱਕ। ਇਸ ਦੇ ਫਾਇਦੇ:

- ਨਾ ਹੋਣ ਦੀ ਬਜਾਏ ਕੁੱਝ ਨਾ ਕੁੱਝ ਕਵਰੇਜ ਤਾਂ ਹੈ।
- ਅੱਜ ਦੀ ਵਧੀਆ ਸੇਹਤ ਦਾ ਫਾਇਦਾ ਉਠਾਇਆ ਜਾ ਸਕਦਾ ਹੈ।
- ਘੱਟ ਕੀਮਤ ਵਿੱਚ ਵਧੇਰੇ ਅਮਾਂਊਂਟ ਦੀ ਕਵਰੇਜ।
- ਸਸਤੀ ਹੋਣ ਕਰਕੇ ਪ੍ਰੀਮੀਅਮ ਪੇਮੈਂਟ ਅਫੋਰਡ ਹੋ ਸਕਦੀ ਹੈ।
- ਮੈਡੀਕਲ ਦੀ ਸਖ਼ਤੀ ਨਹੀਂ ਹੁੰਦੀ।
- ਬਾਅਦ ਵਿੱਚ ਸੇਹਤ ਖ਼ਰਾਬ ਹੋਣ ਦੇ ਬਾਵਜੂਦ ਵੀ ਰੀਨੀਊ ਹੋ ਸਕਦੀ ਹੈ।
- ਲੋੜ ਪੂਰੀ ਹੋਣ ‘ਤੇ ਕਦੇ ਵੀ ਖ਼ਤਮ ਕੀਤੀ ਜਾ ਸਕਦੀ ਹੈ।
- ਜ਼ਰੂਰਤ ਅਨੁਸਾਰ ਪੂਰੀ ਜਾਂ ਕੁੱਝ ਹਿੱਸਾ ਪਰਮਾਨੈਂਟ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ।

**ਪਰਮਾਨੈਂਟ ਇੰਸ਼ੋਰੈਂਸ - ਇਹ ਪਾੱਲਿਸੀਆਂ ਇਨਸਾਨ ਦੀ ਪੂਰੀ ਜ਼ਿੰਦਗੀ ਨੂੰ ਕਵਰ ਕਰ ਦੀਆਂ ਹਨ ਅਤੇ ਅੰਤ ਤੱਕ ਸਾਥ ਦਿੰਦੀਆਂ ਹਨ। ਇੰਨ੍ਹਾਂ ਦਾ ਪ੍ਰੀਮੀਅਮ ਵੀ ਕਵਰੇਜ ਅਮਾਂਊਂਟ, ਉਮਰ, ਸੇਹਤ ਅਤੇ ਸਮੋਕਰ ਸਟੇਟਸ ‘ਤੇ ਨਿਰਭਰ ਕਰਦਾ ਹੈ। ਇਹ ਪਾੱਲਿਸੀਆਂ ਟਰਮ ਦੀ ਬਜਾਏ ਜ਼ਿਆਦਾ ਮਹਿੰਗੀਆਂ ਹੁੰਦੀਆਂ ਹਨ। ਪਰ ਇੰਨ੍ਹਾਂ ਵਿੱਚ ਕੈਸ਼ ਵੈਲਯੂ ਬਣਦਾ ਹੈ ਜਿਸ ਨੂੰ ਕਿ ਤੁਸੀਂ ਆਪ ਵੀ ਇਸਤੇਮਾਲ ਕਰ ਸਕਦੇ ਹੋ। ਆਪਦੇ ਆਪ ਕੈਸ਼ ਵੈਲਯੂ ਕਢਵਾਉਣ ‘ਤੇ ਟੈਕਸ ਲੱਗੇਗਾ। ਪਾੱਲਿਸੀ ਲੈਣ ਵੇਲੇ ਪ੍ਰੀਮੀਅਮ ਭਰਨ ਦੀ ਮੁਨਿਆਦ ਚੁਣੀ ਜਾ ਸਕਦੀ ਹੈ ਜਿਵੇਂ 10, 20 ਜਾਂ ਉਮਰ ਭਰ। ਮੁਨਿਆਦ ਜਿੰਨੀ ਲੰਬੀ ਹੋਵੇਗੀ ਪ੍ਰੀਮੀਅਮ ਸਸਤਾ ਹੋਵੇਗਾ ਪਰ ਲੰਬੇ ਸਮੇਂ ਵਿੱਚ ਜ਼ਿਆਦਾ ਪੈਸੇ ਭਰਨੇ ਪੈਣਗੇ। ਆਪਣੀ ਕਮਾਊ ਜ਼ਿੰਦਗੀ ਦੌਰਾਨ ਛੇਤੀ ਪ੍ਰੀਮਅਮ ਭਰ ਕੇ ਪਾੱਲਿਸੀ ਨੂੰ ‘ਪੇਅਡ ਅੱਪ’ ਕੀਤਾ ਜਾ ਸਕਦਾ ਹੈ। ਇਸ ਦੀਆਂ ਵੀ ਦੋ ਕਿਸਮਾਂ ਹੁੰਦੀਆਂ ਹਨ:**

- ਯੂਨੀਵਰਸਲ ਲਾਈਫ ਇੰਸ਼ੋਰੈਂਸ; ਅਤੇ
- ਹੋਲ ਲਾਈਫ ਗਰੰਟੀਡ ਇੰਸ਼ੋਰੈਂਸ

**ਯੂਨੀਵਰਸਲ ਲਾਈਫ ਇੰਸ਼ੋਰੈਂਸ ਪਾੱਲਿਸੀਆਂ ਇੰਸ਼ੋਰੈਂਸ ਕੰਪਨੀਆਂ ਦੇ ‘ਸੈਗਰੀਗੇਟਡ ਫੰਡ’ ਵਿੱਚ ਪੈਸੇ ਇਨਵੈਸਟ ਕਰ ਦੀਆਂ ਹਨ ਅਤੇ ਕੈਸ਼ ਵੈਲਯੂ ਉਨ੍ਹਾਂ ਦੇ ਉਤਾਰ-ਚੜਾਅ ‘ਤੇ ਨਿਰਭਰ ਕਰਦੀ ਹੈ। ਇਨ੍ਹਾਂ ਪਾੱਲਿਸੀਆਂ ਵਿੱਚ ਪ੍ਰੀਮੀਅਮ ਦਾ ਅਮਾਂਊਂਟ, ਫੰਡ ਸਲੈਕਸ਼ਨ, ਪੇਅ ਕਰਨ ਦੇ ਸਾਲ ਅਤੇ ਅਕਾਊਂਟ ਵੈਲਯੂ ਦਾ ਇਸਤੇਮਾਲ ਤੁਸੀਂ ਖ਼ੁਦ ਚੁਣ ਸਕਦੇ ਹੋ। ਸਿਵਾਏ ਕਵਰੇਜ ਅਮਾਂਊਂਟ ਦੇ ਇੰਨ੍ਹਾਂ ਵਿੱਚ ਕੋਈ ਗਰੰਟੀ ਨਹੀਂ ਹੁੰਦੀ। ਇਹ ਤਾਂ ਹੀ ਫਾਇਦੇਮੰਦ ਹੈ ਅਗਰ:**

- ਤੁਸੀਂ ਲੋੜ ਤੋਂ ਜ਼ਿਆਦਾ ਪੈਸੇ ਇਨਵੈਸਟ ਕਰਕੇ ਵੱਧ ਤੋਂ ਵੱਧ ਟੈਕਸ-ਫਰੀ ਪੈਸਾ ਆਪਦੇ ਵਾਰਿਸਾਂ ਨੂੰ ਮੁਹੱਈਆ ਕਰਵਾਉਣਾ ਚਾਹੁੰਦੇ ਹੋ।
- ਤੁਹਾਨੂੰ ਇਨਵੈਸਟਮੈਂਟ ਮਾਰਕੀਟ ਦਾ ਗਿਆਨ ਹੈ।
- ਤੁਸੀਂ ਕੁੱਝ ਚਿਰ ‘ਪ੍ਰੀਮੀਅਮ ਹਾੱਲੀਡੇ’ ਕਰਨਾ ਚਾਹੁੰਦੇ ਹੋ।
- ਤੁਸੀਂ ਲਾਈਫ ਇੰਸ਼ੋਰੈਂਸ ਦੇ ਨਾਲ ਨਾਲ ਇਨਵੈਸਟਮੈਂਟ ਵੀ ਕਰਨਾ ਚਾਹੁੰਦੇ ਹੋ।
- ਤੁਹਾਨੂੰ ਲੰਬੇ ਸਮੇਂ ਤੱਕ ਪ੍ਰੀਮੀਅਮ ਭਰਨ ਵਿੱਚ ਇਤਰਾਜ਼ ਨਹੀਂ।

**ਪਰਮਾਨੈਂਟ ਹੋਲ ਲਾਈਫ ਗਰੰਟੀਡ ਇੰਸ਼ੋਰੈਂਸ -ਸਭ ਤੋਂ ਬੇਹਤਰ ਇਹ ਪਰਮਾਨੈਂਟ ਕਿਸਮ ਦੀ ਲਾਈਫ ਇੰਸ਼ੋਰੈਂਸ ਗਰੰਟੀਆਂ ਬੱਝੀ ਹੁੰਦੀ ਹੈ ਅਤੇ ਕਦੇ ਖ਼ਤਮ ਨਹੀਂ ਹੁੰਦੀ। ਕਿਉਂਕਿ ਕੰਪਨੀਆਂ ਦੀ ਗਰੰਟੀਡ ਜ਼ਿੰਮੇਦਾਰੀ ਉਮਰ ਭਰ ਦੀ ਹੈ ਇਸੇ ਕਰਕੇ ਇਸ ਦਾ ਪ੍ਰੀਮੀਅਮ ਜ਼ਿਆਦਾ ਹੁੰਦਾ ਹੈ। ਵਧੀਆ ਹੈ ਅਗਰ 20 ਸਾਲ ਵਿੱਚ ਪੇਅ ਹੋਣ ਵਾਲੀ ਪਾੱਲਿਸੀ ਚੁਣੀ ਜਾਵੇ। ਅਮੂਮਨ 15 ਕੁ ਸਾਲਾਂ ਬਾਅਦ ਕਾਫੀ ਕੈਸ਼ ਵੈਲਯੂ ਜਮ੍ਹਾਂ ਹੋ ਜਾਂਦਾ ਹੈ ਜਿਸਨੂੰ ਪਾੱਲਿਸੀ ਓਨਰ ਖ਼ੁਦ ਵੀ ਇਸਤੇਮਾਲ ਕਰ ਸਕਦਾ ਹੈ। ਅੱਜ ਕਲ ਇਸ ਤਰ੍ਹਾਂ ਦੀਆਂ ਪਾੱਲਿਸੀਆਂ ਵੀ ਹਨ ਜਿੱਥੇ ਕਿ ਤੁਸੀਂ ਵੱਧ ਪ੍ਰੀਮੀਅਮ ਭਰ ਕੇ ਰਿਟਾਇਰਮੈਂਟ ਵੇਲੇ ਖ਼ੁਦ ਇਨਕਮ ਲੈ ਸਕਦੇ ਹੋ।**

### ਵਧੀਆ ਕੀ ਹੈ? - ਕਾਂਬੀਨੇਸ਼ਨ ਪਾੱਲਿਸੀ

ਹਮੇਸ਼ਾ ਪਰਮਾਨੈਂਟ ਪਾੱਲਿਸੀ ਰੱਖੋ। ਮਾਰਗੇਜ ਸਣੇ ਪੂਰਾ ਕਰਜ਼ਾ ਕਵਰ ਹੋਣਾ ਚਾਹੀਦਾ ਹੈ। ਪਰ ਕਿਉਂਕਿ ਪਰਮਾਨੈਂਟ ਮਹਿੰਗੀ ਹੁੰਦੀ ਹੈ ਇਸ ਕਰਕੇ ਟਰਮ ਅਤੇ ਪਰਮਾਨੈਂਟ ਨੂੰ ਮਿਲਾ ਕੇ ਕਵਰੇਜ ਲੈਣਾ ਹੀ ਵਧੀਆ ਹੈ। ਜਿਵੇਂ ਕਿ 20 ਸਾਲ ਵਿੱਚ ਪੇਅ ਹੋਣ ਵਾਲੀ $200,00 ਪਰਮਾਨੈਂਟ ਅਤੇ $800,000 ਟਰਮ = ਕੁੱਲ ਕਵਰੇਜ $ 1 ਮਿਲੀਅਨ। ਇਸ ਨਾਲ ਮਾਰਗੇਜ ਵਰਗੇ ਥੋੜੇ ਸਮੇਂ ਦੀ ਲੋੜ ਅਤੇ ਜ਼ਿੰਦਗੀ ਭਰ ਦੀ ਕਵਰੇਜ ਦੀ ਲੋੜ ਪੂਰੀ ਹੁੰਦੀ ਹੈ। ਹਿੰਮਤ ਅਨੁਸਾਰ ਇਸ ਕਾਂਬੀਨੇਸ਼ਨ ਨੂੰ ਅਦਲਾ-ਬਦਲੀ ਕੀਤਾ ਜਾ ਸਕਦਾ ਹੈ ਜਿਵੇਂ $100,00 + $900,000 ਜਾਂ ਕੋਈ ਹੋਰ। ਅਗਰ ਹੁਣ ਪਰਮਾਨੈਂਟ ਪਾੱਲਿਸੀ ਮਹਿੰਗੀ ਲੱਗਦੀ ਹੈ ਤਾਂ ਟਰਮ ਨਾਲ ਕੰਮ ਚਲਾਉ। ਇਨਕਮ ਵਧਣ ‘ਤੇ ਜਿੰਨੀ ਛੇਤੀ ਹੋ ਸਕੇ ਇਸ ਵਿੱਚੋਂ ਕੁੱਝ ਹਿੱਸਾ ਪਰਮਾਨੈਂਟ ਵਿੱਚ ਤਬਦੀਲ ਕਰ ਲਵੋ। ਉਮਰ ਅਤੇ ਸੇਹਤ ਦਾ ਪੂਰਾ ਫਾਇਦਾ ਉਠਾਉ।

### ਆਖਿਰ ਵਿੱਚ

ਲਾਈਫ ਇੰਸ਼ੋਰੈਂਸ ਵਿੱਚ ਬਹੁਤ ਕੁੱਝ ਜਾਣਣ ਅਤੇ ਸਮਝਣ ਦੀ ਲੋੜ ਹੈ। ਇੱਕ ਗਿਆਨਮੰਦ ਅਤੇ ਤਜ਼ਰਬੇਕਾਰ ਐਡਵਾਈਜ਼ਰ ਚੁਣੋ ਜੋ ਕਿ ਤੁਹਾਨੂੰ ਸਭ ਕੁੱਝ ਸਮਝਾ ਸਕੇ ਅਤੇ ਲੋੜ ਪੈਣ ‘ਤੇ ਪਰਿਵਾਰ ਦੀ ਮਦਦ ਕਰ ਸਕੇ। ਸਿਰਫ਼ ਪਾੱਲਿਸੀ ਲੈਣਾ ਹੀ ਕਾਫੀ ਨਹੀਂ ਹੈ ਬਲਕਿ ਲੰਬੇ ਸਮੇਂ ਵਾਸਤੇ ਵਧੀਆ ਸਰਵਿਸ ਦੀ ਜ਼ਰੂਰਤ ਵੀ ਹੈ।

ਅਗਰ ਕਿਸੇ ਪਾਠਕ ਨੇ ਲਾਈਫ ਇੰਸ਼ੋਰੈਂਸ ਲੈਣੀ ਹੈ ਜਾਂ ਹੋਰ ਕੋਈ ਸਲਾਹ ਮਸ਼ਵਰਾ ਕਰਨਾ ਹੈ ਤਾਂ ਮੇਰੇ ਨਾਲ ਸੰਪਰਕ ਕਰਨ ਲਈ ਨੰਬਰ ਹੈ: (416) 456 7467

# ਕੈਨੇਡਾ : ਜਬਰੀ ਵਸੂਲੀ ਦੇ ਮਾਮਲਿਆਂ ਅਧੀਨ 96 ਕਾਬੂ

## ਬੰਧੂਮਾਨ ਸੇਖੋਂ ਦੇ ਫ਼ਰਾਰ ਹੋਣ ਮਗਰੋਂ ਚੌਕਸ ਹੋਏ ਪੁਲਿਸ ਮਹਿਕਮੇ

ਐਡਮਿੰਟਨ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਭਾਰਤੀ ਕਾਰੋਬਾਰੀਆਂ ‘ਤੇ ਗੋਲੀਆਂ ਚਲਾਉਣ ਦੇ ਦੋਸ਼ ਹੇਠ ਅੜਿੱਕੇ ਆਏ ਸ਼ੱਕੀਆਂ ਦੀ ਗਿਣਤੀ ਸੈਂਕੜਾ ਪਾਰ ਕਰਦੀ ਨਜ਼ਰ ਆ ਰਹੀ ਹੈ ਜਿਨ੍ਹਾਂ ਨੂੰ ਬਾਰਡਰ ਏਜੰਟਾਂ ਵੱਲੋਂ ਜਲਦ ਡਿਪੋਰਟ ਕੀਤਾ ਜਾ ਸਕਦਾ ਹੈ। ਬੀ.ਸੀ. ਦੀ ਐਕਸਟੌਰਸ਼ਨ ਟਾਸਕ ਫ਼ੋਰਸ ਨੇ 96 ਵਿਦੇਸ਼ੀ ਨਾਗਰਿਕਾਂ ਦੁਆਲੇ ਘੇਰਾ ਕਸ ਦਿਤਾ ਹੈ ਅਤੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਨੂੰ ਕੈਨੇਡਾ ਵਿਚ ਰਹਿਣਯੋਗ ਨਾ ਮੰਨਦਿਆਂ ਡਿਪੋਰਟ ਕਰਨ ਦੀ ਕਾਰਵਾਈ ਆਰੰਭੀ ਜਾ ਰਹੀ ਹੈ।

ਐਕਸਟੌਰਸ਼ਨ ਟਾਸਕ ਫੋਰਸ ਨੇ ਕਿਹਾ ਕਿ ਇੰਮੀਗ੍ਰੇਸ਼ਨ ਐਂਡ ਰਫ਼ਿਊਜੀ ਪ੍ਰੋਟੈਕਸ਼ਨ ਐਕਟ ਅਧੀਨ ਕੈਨੇਡਾ ਵਿਚ ਰਹਿਣਯੋਗ ਨਾ ਮੰਨੇ ਜਾਣ ਵਾਲਿਆਂ ਨੂੰ ਜਿੰਨਾ ਛੇਤੀ ਸੰਭਵ ਹੋ ਸਕੇ ਡਿਪੋਰਟ ਕਰਨ ਦੀ ਜ਼ਿੰਮੇਵਾਰੀ ਸੀ.ਬੀ.ਐਸ.ਏ. ਦੀ ਬਣਦੀ ਹੈ ਪਰ ਡਿਪੋਰਟ ਕੀਤੇ ਜਾ ਰਹੇ ਵਿਦੇਸ਼ੀ ਨਾਗਰਿਕਾਂ ਦੀ ਸ਼ਨਾਖਤ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ। ਟਾਸਕ ਫੋਰਸ ਦੀ ਆਖਰੀ ਵੱਡੀ ਕਾਰਵਾਈ ਸ਼ੁੱਕਰਵਾਰ ਸਵੇਰੇ ਲੋਅਰ ਮੇਨਲੈਂਡ ਦੇ ਇਕ ਘਰ ‘ਤੇ ਛਾਪਾ ਮਾਰਦਿਆਂ ਕੀਤੀ ਗਈ ਅਤੇ ਇੰਟੈਗਰੇਟਿਡ ਐਮਰਜੰਸੀ ਰਿਸਪੌਂਸ ਟੀਮ ਦੀ ਮਦਦ ਨਾਲ ਕਈ ਜਣਿਆਂ ਨੂੰ ਹਿਰਾਸਤ ਵਿਚ ਲਿਆ ਗਿਆ।




ਦੂਜੇ ਪਾਸੇ ਪਿਛਲੇ 48 ਘੰਟੇ ਦੌਰਾਨ ਉਨਟਾਰੀਓ, ਐਲਬਰਟਾ ਅਤੇ ਬੀ.ਸੀ. ਵਿਚ ਤਿੰਨ ਜਣਿਆਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ ਜਿਨ੍ਹਾਂ ਵਿਚੋਂ ਤਾਜ਼ਾ ਵਾਰਦਾਤ ਨੌਰਥ ਈਸਟ ਐਡਮਿੰਟਨ ਦੇ 160 ਏ ਐਵੇਨਿਊ ਅਤੇ 83 ਸਟ੍ਰੀਟ ਇਲਾਕੇ ਦੇ ਇਕ ਘਰ ਵਿਚ ਵਾਪਰੀ। ਪੁਲਿਸ ਮੁਤਾਬਕ 23 ਸਾਲ ਦਾ ਨੌਜਵਾਨ ਦਮ ਤੋੜਿਆ ਗਿਆ ਜਦਕਿ 53 ਸਾਲ ਦੀ ਔਰਤ ਗੰਭੀਰ ਜ਼ਖਮੀ ਹਾਲਤ ਵਿਚ ਮਿਲੀ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਐਡਮਿੰਟਨ ਪੁਲਿਸ ਨੇ ਵਾਰਦਾਤ ਮਗਰੋਂ 25 ਸਾਲ ਦੇ ਸ਼ੱਕੀ ਨੂੰ ਹਿਰਾਸਤ ਵਿਚ ਲਿਆ ਹੈ ਅਤੇ ਹੋਮੀਸਾਈਡ ਟੀਮ ਦਾ ਮੰਨਣਾ ਹੈ ਕਿ ਤਿੰਨੇ ਜਣੇ ਇਕ-ਦੂਜੇ ਨੂੰ ਜਾਣਦੇ ਹਨ। ਐਡਮਿੰਟਨ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਮਾਮਲੇ ਨਾਲ ਸਬੰਧਤ ਜਾਣਕਾਰੀ ਹੋਵੇ ਤਾਂ 780 423 4567 ‘ਤੇ ਕਾਲ ਕੀਤੀ ਜਾਵੇ। ਉਧਰ ਸਰੀ ਦੇ 10400 ਬਲਾਕ ਅਤੇ 152 ਸਟ੍ਰੀਟ ਇਲਾਕੇ ਵਿਚ ਗੋਲੀਆਂ ਚੱਲਣ ਦੀ ਇਤਲਾਹ ਮਿਲਣ ਮਗਰੋਂ ਮੌਕੇ ‘ਤੇ ਪੁੱਜੇ ਪੁਲਿਸ ਅਫ਼ਸਰਾਂ ਨੂੰ ਇਕ ਸ਼ਖਸ ਗੰਭੀਰ ਜ਼ਖਮੀ ਹਾਲਤ ਵਿਚ ਮਿਲਿਆ ਅਤੇ ਪੈਰਾਮੈਡਿਕਸ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਸ ਨੂੰ ਬਚਾਇਆ ਜਾ ਨਾ ਸਕਿਆ। ਸਰੀ ਵਿਚ ਮੌਜੂਦਾ ਵਰ੍ਹੇ ਦੌਰਾਨ ਇਹ ਛੇਵਾਂ ਕਤਲ ਦੱਸਿਆ ਜਾ ਰਿਹਾ ਹੈ ਅਤੇ ਫ਼ਿਲਹਾਲ ਕਤਲ ਦੇ ਮਕਸਦ ਬਾਰੇ ਵਿਸਤਾਰਤ ਜਾਣਕਾਰੀ ਉਭਰ ਕੇ ਸਾਹਮਣੇ ਨਹੀਂ ਆ ਸਕੀ। ਇਸੇ ਦੌਰਾਨ ਉਨਟਾਰੀਓ ਦੇ ਸਾਰਨੀਆ ਸ਼ਹਿਰ ਦੇ ਉਤਰ-ਪੂਰਬ ਵੱਲ ਲੈਂਬਨ ਸ਼ੋਰਜ਼ ਵਿਖੇ ਇਕ ਘਰ ਵਿਚ ਵਾਪਰੀ ਵਾਰਦਾਤ ਦੌਰਾਨ ਇਕ ਜਣੇ ਦੀ ਮੌਤ ਹੋ ਗਈ ਜਦਕਿ ਦੂਜੇ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਇਥੇ ਦਸਣਾ ਬਣਦਾ ਹੈ ਕਿ ਦਿੱਲੀ ਹਵਾਈ ਅੱਡੇ ‘ਤੇ ਬੰਧੂ ਮਾਨ ਸਿੰਘ ਸੇਖੋਂ ਦੀ ਗ੍ਰਿਫ਼ਤਾਰੀ ਬਾਰੇ ਐਕਟੌਰਸ਼ਨ ਟਾਸਕ ਫੋਰਸ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ। ਦਿੱਲੀ ਪੁਲਿਸ ਦਾ ਦਾਅਵਾ ਹੈ ਕਿ ਇਸੇ ਸ਼ੱਕੀ ਨੇ ਸਰੀ ਵਿਖੇ ਕਪਿਲ ਸ਼ਰਮਾ ਦੇ ਕੈਫੇ ‘ਤੇ ਗੋਲੀਆਂ ਚਲਾਉਣ ਦੀ ਸਾਜ਼ਿਸ਼ ਘੜੀ ਪਰ ਕੈਨੇਡੀਅਨ ਲਾਅ ਐਨਫ਼ੋਰਸਮੈਂਟ ਏਜੰਸੀਆਂ ਨੇ ਚੁੱਪ ਵੱਟੀ ਹੋਈ ਹੈ।

# ਅਮਰੀਕਾ : ਤੀਜਾ ਪੰਜਾਬੀ ਟਰੱਕ ਡਰਾਈਵਰ ਡਿਪੋਰਟ

## ਸੁਖਜਿੰਦਰ ਸਿੰਘ ਨੂੰ ਜਾਨਲੇਵਾ ਹਾਦਸੇ ਤਹਿਤ ਹੋਈ ਸੀ 1 ਸਾਲ ਦੀ ਜੇਲ

ਨਿਊ ਯਾਰਕ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਜਾਨਲੇਵਾ ਸੜਕ ਹਾਦਸੇ ਦੇ ਦੋਸ਼ੀ ਇਕ ਹੋਰ ਪੰਜਾਬੀ ਟਰੱਕ ਡਰਾਈਵਰ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ। ਜੀ ਹਾਂ, ਵੈਸਟ ਵਰਜੀਨੀਆ ਦੇ ਚੀਟ ਲੇਕ ਇਲਾਕੇ ਵਿਚ ਜਨਵਰੀ ਦੌਰਾਨ ਵਾਪਰੇ ਹਾਦਸੇ ਮਗਰੋਂ ਅਕਤੂਬਰ ਵਿਚ ਸੁਖਜਿੰਦਰ ਸਿੰਘ ਨੂੰ ਅਣਗਹਿਲੀ ਕਾਰਨ ਮੌਤ ਦਾ ਜ਼ਿੰਮੇਵਾਰ ਠਹਿਰਾਉਂਦਿਆਂ ਇਕ ਸਾਲ ਲਈ ਜੇਲ ਭੇਜ ਦਿਤਾ ਗਿਆ ਅਤੇ ਹੁਣ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲੇ ਉਸ ਨੂੰ ਚੁੱਕ ਕੇ ਲੈ ਗਏ। ਸੁਖਜਿੰਦਰ ਸਿੰਘ ਨੂੰ ਕਿਹੜੇ ਡਿਟੈਨਸ਼ਨ ਸੈਂਟਰ ਵਿਚ ਲਿਜਾਇਟਾ ਗਿਆ ਹੈ, ਫ਼ਿਲਹਾਲ ਬਾਰੇ ਪਤਾ ਨਹੀਂ ਲੱਗ ਸਕਿਆ। ਦੂਜੇ ਪਾਸੇ ਇਕ ਹੋਰ ਮੀਡੀਆ ਰਿਪੋਰਟ ਵਿਚ ਸੁਖਜਿੰਦਰ ਸਿੰਘ ਨੂੰ ਸਜ਼ਾ ਮੁਕੰਮਲ ਹੋਣ ਤੋਂ ਬਾਅਦ ਡਿਪੋਰਟ ਕੀਤੇ ਜਾਣ ਦਾ ਜ਼ਿਕਰ ਕੀਤਾ ਗਿਆ ਹੈ। ਮੌਨਨਗਾਲੀਆ ਕਾਊਂਟੀ ਦੇ ਪ੍ਰੌਸਕਿਊਟਰ ਦਫ਼ਤਰ ਮੁਤਾਬਕ ਜਨਵਰੀ ਵਿਚ ਵਾਪਰੇ ਹਾਦਸੇ ਮਗਰੋਂ 37 ਸਾਲ ਦੇ ਸੁਖਜਿੰਦਰ ਸਿੰਘ ਵਿਰੁੱਧ ਨੈਗਲੀਜੈਂਟ ਹੋਮੀਸਾਈਡ ਜਾਂ ਵਹੀਕਿਊਲਰ ਮੈਨਸਲੌਟਰ ਦੇ ਦੋਸ਼ ਆਇਦ ਕੀਤੇ ਗਏ ਅਤੇ ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ। ਮੌਨਨਗਾਲੀਆ ਕਾਊਂਟੀ ਦੀ ਸਰਕਟ ਕੋਰਟ ਵੱਲੋਂ ਸੁਖਜਿੰਦਰ ਸਿੰਘ ਨੂੰ ਇਕ ਸਾਲ ਦੀ ਕੈਦ ਤੋਂ ਇਲਾਵਾ ਇਕ ਹਜ਼ਾਰ ਡਾਲਰ ਜੁਰਮਾਨਾ ਵੀ ਕੀਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਵੈਸਟ ਵਰਜੀਨੀਆ ਸਰਕਾਰ ਵੱਲੋਂ ਜੁਲਾਈ ਦੌਰਾਨ ਅਜਿਹੇ ਮਾਮਲਿਆਂ ਵਿਚ ਸਜ਼ਾ ਦੀ ਮਿਆਦ ਵਧਾ ਕੇ 5 ਸਾਲ ਕਰ ਦਿਤੀ ਗਈ ਪਰ ਸੁਖਜਿੰਦਰ ਸਿੰਘ ਦਾ ਮਾਮਲਾ ਪੁਰਾਣਾ ਹੋਣ ਕਾਰਨ ਉਸ ਉਤੇ ਨਵਾਂ ਕਾਨੂੰਨ ਲਾਗੂ ਨਾ ਹੋਇਆ। ਅਦਾਲਤੀ ਦਸਤਾਵੇਜ਼ਾਂ ਮੁਤਾਬਕ 19 ਜਨਵਰੀ ਨੂੰ ਚੀਟ ਲੇਕ ਬ੍ਰਿਜ ‘ਤੇ ਵਾਪਰੇ ਹਾਦਸੇ ਮਗਰੋਂ ਮੌਕੇ ‘ਤੇ ਪੁੱਜੇ ਪੁਲਿਸ ਅਫ਼ਸਰਾਂ ਨੂੰ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਬਰਫ਼ੀਲੇ ਤੂਫ਼ਾਨ ਕਾਰਨ ਪੈਦਾ ਹੋਏ ਹਾਲਾਤ ਕਰ ਕੇ ਉਸ ਦਾ ਟਰੈਕਟਰ-ਟ੍ਰੇਲਰ ਬੇਕਾਬੂ ਹੋ ਗਿਆ। ਮੁਢਲੇ ਤੌਰ ‘ਤੇ ਹਾਦਸੇ ਦੌਰਾਨ ਕਿਸੇ ਦੀ ਮੌਤ ਹੋਣ ਬਾਰੇ ਕੋਈ ਜਾਣਕਾਰੀ ਸਾਹਮਣੇ ਨਾ ਆਈ ਪਰ ਕੁਝ ਘੰਟੇ ਬਾਅਦ ਮੌਰਗਨ ਟਾਊਨ ਪੁਲਿਸ ਨੂੰ 59 ਸਾਲ ਦਾ ਇਕ ਸ਼ਖਸ ਲਾਪਤਾ ਹੋਣ ਦੀ ਇਤਲਾਹ ਮਿਲੀ। ਹਾਦਸੇ ਤੋਂ ਚਾਰ ਦਿਨ ਬਾਅਦ 23 ਜਨਵਰੀ ਨੂੰ ਚੀਟ ਲੇਕ ਬ੍ਰਿਜ ਨੇੜੇ ਇਕ ਗੱਡੀ ਵਿਚੋਂ ਲਾਪਤਾ ਸ਼ਖਸ ਦੀ ਲਾਸ਼ ਬਰਾਮਦ ਕੀਤੀ ਗਈ ਅਤੇ ਪੁਲਿਸ ਅਫ਼ਸਰਾਂ ਨੇ ਸਰਵੇਲੈਂਸ ਵੀਡੀਓ ਦੇਖੀ ਤਾਂ ਇਕ ਟਰੱਕ ਵੱਲੋਂ ਕਾਰ ਨੂੰ ਟੱਕਰ ਮਾਰਨ ਦੀ ਘਟਨਾ ਸਪੱਸ਼ਟ ਹੋ ਗਈ। ਪੁਲਿਸ ਨੇ ਲੰਮੀ ਪੜਤਾਲ ਮਗਰੋਂ ਸਿੱਟਾ ਕੱਢਿਆ ਗਿਆ ਬਰਫ਼ਬਾਰੀ ਵਾਲਾ ਮੌਸਮ ਹੋਣ ਦੇ ਬਾਵਜੂਦ ਸੁਖਜਿੰਦਰ ਸਿੰਘ ਦਾ ਟਰੱਕ ਹੱਦ ਤੋਂ ਜ਼ਿਆਦਾ ਰਫ਼ਤਾਰ ਨਾਲ ਜਾ ਰਿਹਾ ਸੀ ਅਤੇ ਚੀਟ ਲੇਕ ਬ੍ਰਿਜ ‘ਤੇ ਪੁੱਜਣ ਤੋਂ ਪਹਿਲਾਂ ਟਰੱਕ ਨੇ ਇਕ ਗੱਡੀ ਨੂੰ ਟੱਕਰ ਮਾਰੀ। ਗੱਡੀ ਦੀ ਫੌਰੈਂਸਿਕ ਜਾਂਚ ਰਾਹੀਂ ਸਾਬਤ ਹੋ ਗਿਆ ਕਿ ਟੱਕਰ ਸੁਖਜਿੰਦਰ ਸਿੰਘ ਦੇ ਟਰੱਕ ਨੇ ਹੀ ਮਾਰੀ। 28 ਫ਼ਰਵਰੀ ਨੂੰ ਸੁਖਜਿੰਦਰ ਸਿੰਘ ਨੇ ਕਬੂਲ ਕਰ ਲਿਆ ਕਿ ਹਾਦਸੇ ਵੇਲੇ ਉਹ ਟਰੱਕ ਚਲਾ ਰਿਹਾ ਸੀ ਪਰ ਅੰਨ੍ਹੇਵਾਹ ਡਰਾਈਵਿੰਗ ਦੇ ਦੋਸ਼ਾਂ ਤੋਂ ਇਨਕਾਰ ਕਰ ਦਿਤਾ। ਇਸ ਦੇ ਉਲਟ ਜਾਂਚਕਰਤਾਵਾਂ ਨੇ ਸਾਬਤ ਕਰ ਦਿਤਾ ਕਿ ਤੇਜ਼ ਰਫ਼ਤਾਰ ਹੀ ਹਾਦਸੇ ਦਾ ਕਾਰਨ ਬਣੀ ਅਤੇ ਇਕ ਜਣੇ ਦੀ ਜਾਨ ਗਈ ਜਿਸ ਦੇ ਆਧਾਰ ‘ਤੇ ਸੁਖਜਿੰਦਰ ਸਿੰਘ ਨੂੰ ਕੈਲੇਫੋਰਨੀਆ ਤੋਂ ਗ੍ਰਿਫ਼ਤਾਰ ਕਰ ਕੇ ਵੈਸਟ ਵਰਜੀਨੀਆ ਲਿਆਂਦਾ ਗਿਆ।



# ਐਲਨ ਮਸਕ ਨੇ ਪੁੱਤਰ ਦਾ ਨਾਮ ‘ਸ਼ੇਖਰ’, ਆਪਣੀ ਪਾਰਟਨਰ ਦੇ ਭਾਰਤੀ ਹੋਣ ਦਾ ਕੀਤਾ ਖੁਲਾਸਾ!

ਨਿਊਯਾਰਕ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਦੁਨੀਆ ਦੇ ਚੋਟੀ ਦੇ ਅਰਬਪਤੀਆਂ ਵਿੱਚੋਂ ਇੱਕ, ਸਪੇਸਐਕਸ (SpaceX) ਦੇ ਸੀਈਓ ਐਲਨ ਮਸਕ ਨੇ ਖੁਲਾਸਾ ਕੀਤਾ ਹੈ ਕਿ ਉਸਦੇ ਇੱਕ ਪੁੱਤਰ ਦਾ ਨਾਮ ‘ਸ਼ੇਖਰ’ ਹੈ, ਇਹ ਕਦਮ ਉਸਦੇ ਭਾਰਤੀ-ਅਮਰੀਕੀ ਪਾਰਟਨਰ, ਸ਼ਿਵੋਨ ਗਿਲਿਸ ਦੇ ਨਾਮ ’ਤੇ ਰੱਖਿਆ ਗਿਆ ਹੈ। ਮਸਕ ਦੇ ਅਨੁਸਾਰ, ਇਹ ਨਾਮ ਭਾਰਤੀ-ਅਮਰੀਕੀ ਨੋਬਲ ਪੁਰਸਕਾਰ ਜੇਤੂ ਖਗੋਲ-ਭੌਤਿਕ ਵਿਗਿਆਨੀ ਸੁਬ੍ਰਹਮਣੀਅਮ ਚੰਦਰਸ਼ੇਖਰ ਦੇ ਸਨਮਾਨ ਵਿੱਚ ਹੈ। ਮਸਕ ਦੀ ਸਾਥੀ, ਸ਼ਿਵੋਨ ਗਿਲਿਸ, ਨਿਊਰਲਿੰਕ ਵਿੱਚ ਇੱਕ ਸੀਨੀਅਰ ਕਾਰਜਕਾਰੀ ਹਨ। ਮਸਕ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਾਥੀ ਸ਼ਿਵੋਨ ਜਿਲਿਸ (Shivon Zilis) ਅੱਧੀ ਭਾਰਤੀ ਹੈ ਅਤੇ ਉਨ੍ਹਾਂ ਨੇ ਆਪਣੇ ਇੱਕ ਬੱਚੇ ਦਾ ਵਿਚਕਾਰਲਾ ਨਾਮ ਨੋਬਲ ਪੁਰਸਕਾਰ ਜੇਤੂ ਸੁਬਰਾਮਨੀਅਨ ਚੰਦਰਸ਼ੇਖਰ ਦੇ ਨਾਮ ’ਤੇ ਸ਼ੇਖਰ ਰੱਖਿਆ ਹੈ। ਜਿਲਿਸ ਅਤੇ ਮਸਕ ਦੇ ਚਾਰ ਬੱਚੇ ਹਨ - ਜੁੜਵਾਂ ਬੱਚੇ ਸਟ੍ਰਾਈਡਰ (Strider) ਅਤੇ ਐਜ਼ਿਓਰ (Azure), ਇੱਕ ਬੇਟੀ ਅਰਕਾਡੀਆ (Arcadia) ਅਤੇ ਬੇਟਾ ਸੇਲਡਨ ਲਾਈਕਰਗਸ (Selden Lycurgus)। ਜਿਲਿਸ, ਮਸਕ ਦੀ ਇੱਕ ਕੰਪਨੀ ਨਿਊਰਾਲਿੰਕ (Neu-ralink) ਵਿੱਚ ਆਪਰੇਸ਼ਨਲ ਅਤੇ ਸਪੈਸ਼ਲ ਪ੍ਰੋਜੈਕਟਸ ਵਿੱਚ ਨਿਰਦੇਸ਼ਕ ਹੈ।



ਮਸਕ ਨੇ ਜ਼ੀਰੋਧਾ ਦੇ ਸਹਿ-ਸੰਸਥਾਪਕ ਨਿਖਿਲ ਕਾਮਥ ਦੇ ਪ੍ਰੋਗਰਾਮ ਪੀਪਲ ਬਾਈ ਡਬਲਯੂਟੀਐਫ (People by WTF) ਵਿੱਚ ਇੱਕ ਇੰਟਰਵਿਊ ਵਿੱਚ ਕਿਹਾ, “ ਜਿਲਿਸ ਤੋਂ ਮੇਰਾ ਇੱਕ ਬੇਟਾ ਹੈ, ਉਸਦਾ ਵਿਚਕਾਰਲਾ ਨਾਮ ਚੰਦਰਸ਼ੇਖਰ ਦੇ ਨਾਮ ‘ਤੇ ਸ਼ੇਖਰ ਰੱਖਿਆ ਗਿਆ ਹੈ।” ਦੱਸ ਦਈਏ ਕਿ ਐੱਸ. ਚੰਦਰਸ਼ੇਖਰ ਇੱਕ ਪ੍ਰਸਿੱਧ ਭਾਰਤੀ-ਅਮਰੀਕੀ ਖਗੋਲ ਭੌਤਿਕ ਵਿਗਿਆਨੀ ਸਨ, ਜਿਨ੍ਹਾਂ ਨੂੰ ਤਾਰਿਆਂ ਦੀ ਬਣਤਰ ਅਤੇ ਵਿਕਾਸ ਲਈ ਮਹੱਤਵਪੂਰਨ ਭੌਤਿਕ ਪ੍ਰਕਿਰਿਆਵਾਂ ’ਤੇ ਉਨ੍ਹਾਂ ਦੇ ਸਿਧਾਂਤਕ ਅਧਿਐਨਾਂ ਲਈ 1983 ਵਿੱਚ ਭੌਤਿਕ ਵਿਗਿਆਨ ਦਾ ਨੋਬਲ ਪੁਰਸਕਾਰ ਪ੍ਰਦਾਨ ਕੀਤਾ ਗਿਆ ਸੀ।







~ ਅੱਜ ਦਾ ਵਿਚਾਰ ~

ਜੇਕਰ ਮਾੜੀ ਆਦਤ ਸਮੇਂ ਸਿਰ ਨਾ ਬਦਲੀ ਜਾਵੇ,
ਫਿਰ ਮਾੜੀ ਆਦਤ ਹੀ ਵਕਤ ਬਦਲ ਦਿੰਦੀ ਹੈ

# ਗੈਂਗਸਟਰ ਤੇ ਪੰਜਾਬ

ਪੰਜਾਬ, ਹਰਿਆਣਾ ਅਤੇ ਇਸ ਦੇ ਆਲੇ ਦੁਆਲੇ ਇਲਾਕਿਆਂ ਤੋਂ ਇਲਾਵਾ ਦੋਵਾਂ ਸੂਬਿਆਂ ਦੀ ਰਾਜਧਾਨੀ ਵਿੱਚ ਗੈਂਗਸਟਰ ਲੋਕਾਂ ਦੀ ਸੁਰੱਖਿਆ ਲਈ ਬਹੁਤ ਵੱਡਾ ਖ਼ਤਰਾ ਬਣਦੇ ਜਾ ਰਹੇ ਹਨ। ਪੰਜਾਬ ਵਿੱਚ ਹਰ ਰੋਜ਼ ਗੈਂਗਸਟਰਾਂ ਨਾਲ ਸਬੰਧਿਤ ਕੋਈ ਨਾ ਕੋਈ ਖ਼ਬਰ ਆਉਂਦੀ ਰਹਿੰਦੀ ਹੈ। ਕਦੇ ਕਿਸੇ ਕਤਲ ਦੀ, ਕਦੇ ਫਿਰੌਤੀ ਦੀ ਅਤੇ ਕਦੇ ਪੁਲਿਸ ਅਤੇ ਗੈਂਗਸਟਰਾਂ ਵਿਚਾਲੇ ਹੋਈ ਗੋਲੀਬਾਰੀ ਦੀ। ਇਸ ਸਬੰਧ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਕਈ ਵਾਰ ਗੈਂਗਸਟਰਾਂ ਨੂੰ ਚਿਤਾਵਨੀ ਦੇ ਚੁੱਕੇ ਹਨ ਕਿ ਉਹ ਬਾਜ਼ ਆ ਜਾਣ ਕਿਉਂਕਿ ਜਿਸ ਅੱਗ ਨਾਲ ਉਹ ਖੇਡ ਰਹੇ ਹਨ,ਉਹ ਅੱਗ ਉਨ੍ਹਾਂ ਨੂੰ ਸਾੜ ਦੇਵੇਗੀ। ਇਸ ਸਬੰਧ ਵਿੱਚ ਗੁਰਦਾਸਪੁਰ ਤੋਂ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਨੇ ਲੋਕ ਸਭਾ ਦੇ ਸਪੀਕਰ ਅਤੇ ਕੇਂਦਰ ਗ੍ਰਹਿ ਮੰਤਰੀ ਨੂੰ ਵੀ ਪੱਤਰ ਲਿਖੇ ਹਨ। ਇਨ੍ਹਾਂ ਗੈਂਗਸਟਰਾਂ ਨੇ ਪੰਜਾਬ ਅਤੇ ਹਰਿਆਣਾ ਵਿੱਚ ਬਹੁਤ ਕੀਮਤੀ ਜਾਨਾਂ ਲਈਆਂ ਹਨ। ਹਾਲ ਹੀ ਵਿੱਚ ਦੋਵਾਂ ਸੂਬਿਆਂ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਗੈਂਗਵਾਰ ਦੌਰਾਨ ਇਕ ਹੋਈ ਹੱਤਿਆ ਨੇ ਇਕ ਵਾਰ ਫਿਰ ਚਿੰਤਾਜਨਕ ਹਾਲਾਤ ਪੈਦਾ ਕਰ ਦਿੱਤੇ ਹਨ। ਚੰਡੀਗੜ੍ਹ ਦੇਸ਼ ਦਾ ਇੱਕ ਯੋਜਨਾਬੱਧ ਸ਼ਹਿਰ ਹੈ, ਜਿਸ ਵਿੱਚ ਸੜਕਾਂ ਤੋਂ ਲੈ ਕੇ ਰਿਹਾਇਸ਼ੀ ਖੇਤਰਾਂ ਤੱਕ ਹਰ ਚੀਜ਼ ਦਾ ਯੋਜਨਾਬੱਧ ਵਿਕਾਸ ਹੋਇਆ ਹੈ। ਇਹ ਸ਼ਹਿਰ ਨਿਵਾਸੀਆਂ ਲਈ ਇੱਕ ਤਰਜੀਹ ਬਣਿਆ ਹੋਇਆ ਹੈ। ਜਿੱਥੇ ਇਸਦੀ ਦਿੱਖ ਆਕਰਸ਼ਕ ਬਣੀ ਹੋਈ ਹੈ, ਉੱਥੇ ਹੀ ਪਿਛਲੇ ਕੁਝ ਸਾਲਾਂ ਤੋਂ ਇਸਦਾ ਚਰਿੱਤਰ ਬਦਲਦਾ ਜਾ ਰਿਹਾ ਹੈ। ਇੱਕ ਵਾਰ ਸ਼ਾਂਤ ਸ਼ਹਿਰ ਮੰਨਿਆ ਜਾਂਦਾ ਸੀ, ਹੁਣ ਕਾਨੂੰਨ ਦੀ ਉਲੰਘਣਾ ਉੱਭਰ ਰਹੀ ਹੈ। ਗੈਂਗਸਟਰ ਸੜਕਾਂ 'ਤੇ ਬੇਖੌਫ਼ ਹੋ ਕੇ ਅਪਰਾਧ ਕਰ ਰਹੇ ਹਨ। ਸੋਮਵਾਰ ਰਾਤ ਨੂੰ ਚੰਡੀਗੜ੍ਹ ਦੇ ਸੈਕਟਰ 26 ਵਿੱਚ ਜਨਤਕ ਤੌਰ 'ਤੇ ਇੱਕ ਵਿਅਕਤੀ ਦੇ ਕਤਲ ਨੇ ਸ਼ਹਿਰ ਦੀ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਕਈ ਸਵਾਲ ਖੜ੍ਹੇ ਕੀਤੇ ਹਨ। ਪੁਲਿਸ ਦਾ ਕਹਿਣਾ ਹੈ ਕਿ ਇਹ ਘਟਨਾ ਗੈਂਗਸਟਰਾਂ ਵਿਚਕਾਰ ਦੁਸ਼ਮਣੀ ਦਾ ਨਤੀਜਾ ਹੋ ਸਕਦੀ ਹੈ, ਕਿਉਂਕਿ ਮ੍ਰਿਤਕ ਕਦੇ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਸੀ ਅਤੇ ਹੁਣ ਕਿਸੇ ਹੋਰ ਗੈਂਗ ਲਈ ਕੰਮ ਕਰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਲੰਬੇ ਸਮੇਂ ਤੋਂ ਜੇਲ੍ਹ ਵਿੱਚ ਹੈ, ਅਤੇ ਹੁਣ ਉਸਦੇ ਭਰਾ, ਅਨਮੋਲ ਬਿਸ਼ਨੋਈ ਨੂੰ ਅਮਰੀਕਾ ਤੋਂ ਹਵਾਲਗੀ ਕਰਕੇ ਸੁਰੱਖਿਆ ਏਜੰਸੀਆਂ ਦੁਆਰਾ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅਜਿਹੀਆਂ ਰਿਪੋਰਟਾਂ ਵੀ ਆਈਆਂ ਹਨ ਕਿ ਲਾਰੈਂਸ ਜੇਲ੍ਹ ਤੋਂ ਆਪਣਾ ਗੈਂਗ ਚਲਾ ਰਿਹਾ ਹੈ। ਜੇਕਰ ਅਜਿਹਾ ਹੈ, ਤਾਂ ਇਹ ਸੰਭਵ ਹੈ ਕਿ ਕਈ ਪੱਧਰਾਂ 'ਤੇ ਲਾਪਰਵਾਹੀ ਹੋ ਰਹੀ ਹੈ, ਜਾਂ ਸੁਰੱਖਿਆ ਏਜੰਸੀ ਦੇ ਕਰਮਚਾਰੀ ਇਸ ਵਿੱਚ ਸ਼ਾਮਲ ਹਨ। ਚੰਡੀਗੜ੍ਹ ਵਿੱਚ ਵਾਪਰੀ ਘਟਨਾ ਨੇ ਇੱਕ ਵਾਰ ਫਿਰ ਪੁਲਿਸ ਦੇ ਕੰਮਕਾਜ 'ਤੇ ਸਵਾਲ ਖੜ੍ਹੇ ਕੀਤੇ ਹਨ। ਅਪਰਾਧੀਆਂ ਨੇ ਇਸ ਅਪਰਾਧ ਨੂੰ ਅੰਜਾਮ ਦਿੱਤਾ, ਖੁੱਲ੍ਹੇਆਮ ਸੜਕ 'ਤੇ ਗੋਲੀਆਂ ਚਲਾ ਕੇ ਅਤੇ ਫਿਰ ਫਰਾਰ ਹੋ ਗਏ। ਕੀ ਕਾਰਨ ਹੈ ਕਿ ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਵੀ ਅਪਰਾਧੀ ਇੰਨੇ ਨਿਡਰ ਹੋ ਕੇ ਸੜਕਾਂ 'ਤੇ ਘੁੰਮਦੇ ਹਨ? ਪੁਲਿਸ ਅਨੁਸਾਰ, ਮ੍ਰਿਤਕ ਸੈਕਟਰ 33 ਵਿੱਚ ਰਹਿੰਦਾ ਸੀ ਅਤੇ ਉਸ ਵਿਰੁੱਧ ਕਈ ਅਪਰਾਧਿਕ ਮਾਮਲੇ ਦਰਜ ਸਨ। ਸਵਾਲ ਇਹ ਹੈ ਕਿ ਜੇਕਰ ਉਹ ਸ਼ਹਿਰ ਵਿੱਚ ਰਹਿਣ ਵਾਲਾ ਇੱਕ ਲੋੜੀਂਦਾ ਅਪਰਾਧੀ ਸੀ, ਤਾਂ ਪੁਲਿਸ ਉਸਨੂੰ ਅਜੇ ਤੱਕ ਕਿਉਂ ਨਹੀਂ ਫੜ ਸਕੀ? ਸਪੱਸ਼ਟ ਹੈ ਕਿ ਸਥਾਨਕ ਪੁਲਿਸ ਪ੍ਰਣਾਲੀ ਵਿੱਚ ਕਮੀਆਂ ਹਨ, ਅਤੇ ਜਦੋਂ ਤੱਕ ਇਨ੍ਹਾਂ ਨੂੰ ਠੀਕ ਨਹੀਂ ਕੀਤਾ ਜਾਂਦਾ, ਸ਼ਹਿਰ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜਦੀ ਰਹੇਗੀ।


HAMDARD MEDIA GROUP | ਹਮਦਰਦ HAMDARD MEDIA GROUP CANADA | HAMDARD TV

| | |
|---|---|
| PUBLISHER COMPANY : | 1136811 ONTARIO INC. O/A.HAMDARD MEDIA GROUP |
| CANADA OFFICE : | 2-1332, KHALSA DRIVE, MISSISSAUGA ON L5S 0A2 |
| CHIEF EDITOR : | Amar Singh Bhullar |
| SUB EDITOR: | Karamjit Kaur Bhullar |
| GENERAL MANAGER: | Sandeep Kaur Ranu |
| DISTRIBUTER : | Bhupinder Kaur Dhillon |
| NEWS REPORTERS : | Darbara Singh Kahlon<br>Harpreet Singh Gill<br>Malkeet Singh (Vancouver)<br>Maninder Kumar (Montreal) |
| INDIA REPORTERS: | Upjit Singh<br>Makhan Shah |
| FRONT DESK : | 905-791-9999, 905-696-1991 |
| EMERGENCY : | 416-433-6342 |
| VANCOUVER OFFICE : | 604-807-8610 |
| EMAIL : | ads@hamdardtv.ca |

Subscription Price:$225/Year


Funded by the Government of Canada | Canada

# ਪਰਵਾਸੀਆਂ ਲਈ ਬੰਦ ਹੋ ਰਹੇ ਬੂਹੇ



ਸੁਰਜੀਤ ਸਿੰਘ ਫਲੋਰਾ
647-829-9397

ਪਿਛਲੇ ਕੁਝ ਸਮੇਂ ਤੋਂ ਵਿਸ਼ਵ-ਵਿਆਪੀ ਆਰਥਿਕ ਸੰਕਟ ਕਾਰਨ ਪੱਛਮੀ ਮੁਲਕ ਇਮੀਗ੍ਰੇਸ਼ਨ ਨੂੰ ਲੈ ਕੇ ਭਾਰੀ ਦਬਾਅ ਹੇਠ ਹਨ। ਸਥਾਨਕ ਲੋਕਾਂ ਦੇ ਲਗਾਤਾਰ ਵਿਰੋਧ ਕਾਰਨ ਇਨ੍ਹਾਂ ਮੁਲਕਾਂ ਵੱਲੋਂ ਆਪਣੀਆਂ ਪਰਵਾਸ ਨੀਤੀਆਂ ਨੂੰ ਲਗਾਤਾਰ ਸਖ਼ਤ ਤੇ ਸੀਮਤ ਕੀਤਾ ਜਾ ਰਿਹਾ ਹੈ। ਉਂਜ, ਕੈਨੇਡਾ-ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵੱਲੋਂ ਪਰਵਾਸ ਦੇ ਨਵੇਂ ਟੀਚੇ ਐਲਾਨ ਕਰਦਿਆਂ ਆਪਣਾ ਮਾਨਵੀ ਚਿਹਰਾ ਬਣਾਏ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਮਰੀਕਾ ਦੇ ਸਦਰ ਡੋਨਾਲਡ ਟਰੰਪ ਦੇ ਇਕ ਬਿਆਨ ਨੇ ਪਰਵਾਸੀ ਭਾਈਚਾਰਿਆਂ ਵਿਚ ਕਾਫ਼ੀ ਡਰ ਅਤੇ ਸ਼ੰਕੇ ਪੈਦਾ ਕੀਤੇ ਹਨ। ਵਾਸ਼ਿੰਗਟਨ ਡੀਸੀ ਵਿਚ ਦੋ ਨੈਸ਼ਨਲ ਗਾਰਡਾਂ ਨੂੰ ਇਕ ਸ਼ੱਕੀ ਅਫ਼ਗਾਨੀ ਨਾਗਰਿਕ ਵੱਲੋਂ ਗੋਲ਼ੀ ਮਾਰੇ ਜਾਣ ਉਪਰੰਤ ਟਰੰਪ ਨੇ ਕਿਹਾ ਹੈ ਕਿ ਉਹ ਤੀਸਰੀ ਦੁਨੀਆ ਦੇ ਲੋਕਾਂ ਦਾ ਅਮਰੀਕਾ ਵਿਚ ਦਾਖ਼ਲਾ ਪੱਕੇ ਤੌਰ 'ਤੇ ਬੰਦ ਕਰ ਦੇਣਗੇ। ਸ਼ੱਕੀ ਅਫ਼ਗਾਨੀ ਨਾਗਰਿਕ ਪਿਛਲੇ ਸਮੇਂ ਦੌਰਾਨ ਅਫ਼ਗਾਨਿਸਤਾਨ ਵਿਚ ਅਮਰੀਕੀ ਫ਼ੌਜਾਂ ਲਈ ਸਹਾਇਤਾ ਕਰਨ ਕਾਰਨ ਤਰਸ ਦੇ ਆਧਾਰ 'ਤੇ ਅਮਰੀਕਾ ਦੀ ਇਮੀਗ੍ਰੇਸ਼ਨ ਲੈਣ ਵਿਚ ਸਫਲ ਰਿਹਾ ਸੀ। ਰਾਸ਼ਟਰਪਤੀ ਨੇ ਅਜਿਹੇ ਲੋਕਾਂ ਨੂੰ ਅਮਰੀਕਾ ਵਿਚ ਲਿਆਂਦੇ ਜਾਣ ਲਈ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੀ ਨਿੰਦਾ ਕੀਤੀ।

ਆਪਣੇ ਦੂਜੇ ਰਾਸ਼ਟਰਪਤੀ ਕਾਰਜਕਾਲ ਵਿਚ ਟਰੰਪ ਦੇ ਛਾਪਿਆਂ ਅਤੇ ਦੇਸ਼ ਨਿਕਾਲੇ ਨੇ ਪੂਰੇ ਅਮਰੀਕਾ ਵਿਚ ਭਾਈਚਾਰਿਆਂ ਦੀ ਹਾਲਤ ਨੂੰ ਵਿਗਾੜ ਦਿੱਤਾ ਹੈ। ਪ੍ਰਸ਼ਾਸਨ ਨੇ ਅਪਰਾਧਕ ਰਿਕਾਰਡ ਵਾਲੇ ਅਤੇ ਹਿੰਸਾ ਦੇ ਦੋਸ਼ੀ ਲੋਕਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਵਾਅਦਾ ਕੀਤਾ ਸੀ ਪਰ ਬਹੁਤ ਸਾਰੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਿਵਾਸੀਆਂ ਅਤੇ ਇੱਥੋਂ ਤੱਕ ਕਿ ਅਮਰੀਕੀ ਨਾਗਰਿਕਾਂ ਨੂੰ ਵੀ ਕਦੇ-ਕਦੇ ਆਈਸੀਈ ਅਤੇ ਕਸਟਮ ਅਤੇ ਸਰਹੱਦੀ ਸੁਰੱਖਿਆ ਅਧਿਕਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ।

ਕਈ ਜੱਜਾਂ ਨੇ ਪ੍ਰਸ਼ਾਸਨ ਦੀ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਢੁੱਕਵੀਂ ਪ੍ਰਕਿਰਿਆ ਦਾ ਸਾਹਮਣਾ ਨਾ ਕਰਨ ਲਈ ਆਲੋਚਨਾ ਕੀਤੀ ਹੈ। ਕੁਈਆਂ ਨੂੰ ਜਿਨ੍ਹਾਂ ਨੂੰ ਅਮਰੀਕਾ ਵਿਚ ਕਦੇ ਵੀ ਕਿਸੇ ਅਪਰਾਧ ਦਾ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ, ਉਨ੍ਹਾਂ ਨੂੰ ਅਲ ਸਲਵਾਡੋਰ ਦੀ ਇਕ ਬਦਨਾਮ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਉਨ੍ਹਾਂ ਤੀਜੀ ਦੁਨੀਆ ਦੇ ਲੋਕਾਂ ਦੀ ਇਮੀਗ੍ਰੇਸ਼ਨ 'ਤੇ ਤੁਰੰਤ ਪਾਬੰਦੀ ਲਗਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਪਰਵਾਸੀਆਂ ਨੂੰ ਅਮਰੀਕਾ ਵਿਚ ਰਹਿਣ ਦਾ ਕੋਈ ਹੱਕ ਨਹੀਂ ਜੋ ਮੁਲਕ ਦੀ ਸੁਰੱਖਿਆ ਲਈ ਖ਼ਤਰਾ ਹਨ। ਟਰੰਪ ਨੇ ਅਸਥਾਈ ਪਰਵਾਸੀਆਂ ਨੂੰ ਫੈਡਰਲ ਸਹੂਲਤਾਂ ਅਤੇ ਸਬਸਿਡੀਆਂ ਵੀ ਬੰਦ ਕਰਨ ਦਾ ਐਲਾਨ ਕੀਤਾ। ਭਾਵੇਂ ਕਿ ਉਨ੍ਹਾਂ ਨੇ ਤੀਜੀ ਦੁਨੀਆ ਦੇ ਮੁਲਕਾਂ ਦਾ ਕੋਈ ਨਾਂ ਨਹੀਂ ਲਿਆ ਪਰ ਅਮਰੀਕਾ ਵਿਚ ਰਹਿ ਰਹੇ ਸਾਰੇ ਅਫ਼ਗਾਨੀ ਨਾਗਰਿਕਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਰੋਕ ਲਗਾਉਣ ਦਾ ਐਲਾਨ ਕਰ ਦਿੱਤਾ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਅਮਰੀਕੀ ਪ੍ਰਸ਼ਾਸਨ ਨੇ ਕੈਨੇਡਾ ਅਤੇ ਹੋਰ ਪੱਛਮੀ ਮੁਲਕਾਂ ਨੂੰ ਆਪਣੇ ਰਾਜਕੀ ਸੁਨੇਹੇ ਰਾਹੀਂ ਇਮੀਗ੍ਰੇਸ਼ਨ 'ਤੇ ਕੰਟਰੋਲ ਕਰਨ ਦੀ ਸਲਾਹ ਦਿੱਤੀ ਹੈ। ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਨੇ ਭਾਵੇਂ ਇਸ ਅਮਰੀਕੀ ਨਿਰਦੇਸ਼ ਤੋਂ ਅਣਜਾਣਤਾ ਪ੍ਰਗਟਾਈ ਹੈ ਪਰ ਕੈਨੇਡਾ ਵੱਲੋਂ ਪਹਿਲਾਂ ਹੀ ਐਲਾਨੀ ਗਈ 2026-28 ਦੀ ਇਮੀਗ੍ਰੇਸ਼ਨ ਨੀਤੀ ਤਹਿਤ ਅਸਥਾਈ ਨਿਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਵਿਚ ਹੋਰ ਕਮੀ ਕਰ ਦਿੱਤੀ ਗਈ ਹੈ। ਕੈਨੇਡਾ ਸਰਕਾਰ ਨੇ 2027 ਦੇ ਅੰਤ ਤੱਕ ਕੈਨੇਡਾ ਦੀ ਅਸਥਾਈ ਆਬਾਦੀ ਨੂੰ ਕੁੱਲ ਆਬਾਦੀ ਦੇ 5 ਫ਼ੀਸਦ ਘੱਟ ਕਰਨ ਲਈ ਵਚਨਬੱਧਤਾ ਪ੍ਰਗਟਾਈ ਹੈ। ਨਵੇਂ ਅਸਥਾਈ ਨਿਵਾਸੀਆਂ ਲਈ ਮਿੱਥੇ ਟੀਚੇ ਮੁਤਾਬਕ 2026 ਵਿਚ 385,000 ਅਤੇ 2027 ਅਤੇ 2028 ਵਿਚ 370,000 ਦੀ ਗਿਣਤੀ ਨਿਰਧਾਰਤ ਕੀਤੀ ਗਈ ਹੈ। ਸਰਕਾਰ 2026 ਅਤੇ 2027 ਵਿਚ 33,000 ਵਰਕ ਪਰਮਿਟ ਵਾਲੇ ਲੋਕਾਂ ਨੂੰ ਪੀਆਰ ਦੇਵੇਗੀ। ਜਦਕਿ ਅਸਥਾਈ ਨਿਵਾਸੀ ਵੀਜ਼ਾ ਜਾਂ ਇਲੈਕਟ੍ਰਾਨਿਕ ਵੀਜ਼ਾ, ਕੈਨੇਡਾ ਵਿਚ ਸਟੱਡੀ/ਵਰਕ ਪਰਮਿਟ ਅਰਜ਼ੀਆਂ ਅਤੇ ਸ਼ਰਨਾਰਥੀ ਦਾਅਵੇਦਾਰਾਂ ਲਈ ਟੀਚੇ ਨਿਰਧਾਰਤ ਨਹੀਂ ਕੀਤੇ। ਉਂਜ ਨਿੱਜੀ ਸ਼ਰਨਾਰਥੀਆਂ, ਅਰਜ਼ੀਆਂ ਉੱਪਰ 2027 ਤੱਕ ਰੋਕ ਲਗਾਉਣ ਦਾ ਐਲਾਨ ਕੀਤਾ ਗਿਆ ਹੈ। ਪਹਿਲਾਂ ਹੀ 90,000 ਸ਼ਰਨਾਰਥੀ ਅਰਜ਼ੀਆਂ ਲਟਕੀਆਂ ਪਈਆਂ ਹਨ।

ਓਧਰ ਯੂਰਪੀ ਮੁਲਕਾਂ ਨੇ ਇਮੀਗ੍ਰੇਸ਼ਨ ਨੀਤੀਆਂ ਵਿਚ ਵੱਡੀ ਤਬਦੀਲੀ ਕੀਤੀ ਹੈ। ਸੰਨ 2015 ਵਿਚ ਬਹੁਤ ਸਾਰੇ ਯੂਰਪੀਅਨ ਮੁਲਕ ਲੱਖਾਂ ਸੀਰੀਆਈ ਤੇ ਅਫ਼ਗਾਨੀ ਸ਼ਰਨਾਰਥੀਆਂ ਦੇ ਨਾਲ ਦੁਨੀਆ ਦੇ ਹੋਰ ਮੁਲਕਾਂ ਦੇ ਲੋਕਾਂ ਨੂੰ ਵੀ ਇਮੀਗ੍ਰੇਸ਼ਨ ਸੌਖਾਲੀ ਦੇਣ ਲਈ ਵਚਨਬੱਧ ਸਨ। ਜਰਮਨੀ ਵਰਗੇ ਮੁਲਕ ਨੇ ਤਾਂ ਸ਼ਰਨਾਰਥੀਆਂ ਲਈ ਸਵਾਗਤ ਅਤੇ ਦਿਆਲਤਾ ਦੇ ਸੱਭਿਆਚਾਰ ਦਾ ਅਨੁਸਰਣ ਕੀਤਾ ਸੀ। ਜਰਮਨੀ ਦੇ ਨਾਲ-ਨਾਲ ਹੋਰ ਯੂਰਪੀ ਮੁਲਕ ਜੋ ਸ਼ਰਨਾਰਥੀਆਂ ਦਾ ਖੁੱਲ੍ਹੀਆਂ ਬਾਹਾਂ ਨਾਲ ਸਵਾਗਤ ਕਰਦੇ ਸਨ, ਹੁਣ ਉਹ ਦਰ ਬੰਦ ਹੋ ਗਏ ਹਨ। ਯੂਰਪ ਵਿਚ ਇਮੀਗ੍ਰੇਸ਼ਨ ਕਾਨੂੰਨ ਸਖ਼ਤ ਬਣਾਉਣ ਵਾਲੇ ਪਹਿਲੇ ਮੁਲਕਾਂ ਵਿਚ ਡੈਨਮਾਰਕ ਨੇ ਪਹਿਲਕਦਮੀ ਕੀਤੀ ਸੀ। ਸੰਨ 2019 ਵਿਚ ਉਸ ਵੱਲੋਂ ਲਿਆਂਦੇ ਗਏ ਸਖ਼ਤ ਕਨੂੰਨਾਂ ਦੀ ਬਾਕੀ ਯੂਰਪੀ ਮੁਲਕਾਂ ਨੇ ਵੀ ਨਕਲ ਕੀਤੀ। ਡੈਨਮਾਰਕ ਦੀ ਪ੍ਰਧਾਨ ਮੰਤਰੀ ਫਰੈਡਰਿਕਸਨ ਨੇ ਇਕ ਨਵਾਂ ਦੇਸ਼ ਨਿਕਾਲੇ ਦਾ ਕਾਨੂੰਨ ਪੇਸ਼ ਕੀਤਾ ਹੈ ਜੋ ਸ਼ਰਨਾਰਥੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਭੇਜਣ ਦੀ ਆਗਿਆ ਦਿੰਦਾ ਹੈ। ਉਸ ਦੀ ਸਰਕਾਰ ਨੇ ਕੁਝ ਮਾਮਲਿਆਂ ਵਿਚ ਸਮਾਜਿਕ ਰਿਹਾਇਸ਼ੀ ਖੇਤਰਾਂ ਨੂੰ ਬੰਦ ਕਰ ਦਿੱਤਾ ਹੈ ਅਤੇ ਇੱਥੋਂ ਤੱਕ ਕਿ ਢਾਹ ਵੀ ਦਿੱਤਾ ਹੈ ਜਿੱਥੇ ਅੱਧੇ ਤੋਂ ਵੱਧ ਨਿਵਾਸੀ ਗ਼ੈਰ ਪੱਛਮੀ ਪਿਛੋਕੜ ਦੇ ਸਨ ਅਤੇ ਅਪਰਾਧ ਅਤੇ ਗ਼ਰੀਬੀ ਦੇ ਭੰਡਾਰ ਬਣ ਗਏ ਸਨ। ਪਿਛਲੇ ਹਫ਼ਤੇ ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਲੇਬਰ ਸਰਕਾਰ ਨੇ ਵੀ ਦੇਸ਼ ਦੀ ਸ਼ਰਨ ਨੀਤੀ ਵਿਚ ਇਕ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ ਜੋ ਹੁਣ ਸਾਰੇ ਯੂਰਪ ਵਿਚ ਸਭ ਤੋਂ ਸਖ਼ਤ ਸਜ਼ਾ ਦੇਣ ਵਾਲੀ ਨੀਤੀ ਕਹੀ ਜਾ ਸਕਦੀ ਹੈ।

**ਬ੍ਰਿਟਿਸ਼ ਸਰਕਾਰ ਨੇ ਡੈਨਮਾਰਕ ਦੀ ਨਕਲ ਕਰਦਿਆਂ ਸਥਾਈ ਨਿਵਾਸ ਲਈ ਯੋਗ ਹੋਣ ਦੀ ਉਡੀਕ ਨੂੰ ਵਧਾ ਕੇ 20 ਸਾਲ ਕਰ ਦਿੱਤਾ ਹੈ। ਇਸ ਸਮੇਂ ਦੌਰਾਨ ਪ੍ਰਾਰਥੀ ਦੀ ਹਰ ਢਾਈ ਸਾਲ ਬਾਅਦ ਸਮੀਖਿਆ ਕੀਤੀ ਜਾਵੇਗੀ। ਜੇ ਕਿਸੇ ਵਿਅਕਤੀ ਦਾ ਦੇਸ਼ ਇਸ ਸਮੇਂ ਦੌਰਾਨ ਸੁਰੱਖਿਅਤ ਹੈ ਤਾਂ ਉਸ ਨੂੰ ਵਾਪਸ ਭੇਜ ਦਿੱਤਾ ਜਾਵੇਗਾ। ਇੱਥੋਂ ਤੱਕ ਕਿ ਜਿਹੜੇ ਪਰਵਾਸੀ ਕਾਨੂੰਨੀ ਤੌਰ 'ਤੇ ਬ੍ਰਿਟੇਨ ਵਿਚ ਆਉਂਦੇ ਹਨ, ਉਨ੍ਹਾਂ ਨੂੰ ਵੀ ਸਥਾਈ ਨਿਵਾਸ ਲਈ 10 ਸਾਲਾਂ ਦੀ ਉਡੀਕ ਕਰਨੀ ਪਵੇਗੀ ਜਦਕਿ ਹੁਣ ਇਹ ਸਮਾਂ ਪੰਜ ਸਾਲ ਹੈ।**

ਯੂਕੇ ਦੇ ਗ੍ਰਿਹ ਸਕੱਤਰ ਨੇ ਜੋ ਸੁਧਾਰ ਪੇਸ਼ ਕੀਤੇ ਹਨ, ਉਨ੍ਹਾਂ ਅਨੁਸਾਰ ਪਿਛਲੇ ਚਾਰ ਸਾਲਾਂ ਵਿਚ ਦੇਸ਼ 'ਚ 400,000 ਲੋਕਾਂ ਨੇ ਸ਼ਰਨ ਦਾ ਦਾਅਵਾ ਕੀਤਾ ਹੈ। ਨਵੇਂ ਅੰਕੜਿਆਂ ਅਨੁਸਾਰ ਬ੍ਰਿਟੇਨ 'ਚ ਸ਼ੁੱਧ ਪਰਵਾਸ 2023 ਦੇ ਸਿਖਰ ਤੋਂ ਲਗਪਗ 80 ਪ੍ਰਤੀਸ਼ਤ ਤੱਕ ਘਟ ਗਿਆ ਹੈ। ਬ੍ਰਿਟਿਸ਼ ਸਰਕਾਰ ਨੇ ਡੈਨਮਾਰਕ ਦੀ ਨਕਲ ਕਰਦਿਆਂ ਸਥਾਈ ਨਿਵਾਸ ਲਈ ਯੋਗ ਹੋਣ ਦੀ ਉਡੀਕ ਨੂੰ ਵਧਾ ਕੇ 20 ਸਾਲ ਕਰ ਦਿੱਤਾ ਹੈ। ਇਸ ਸਮੇਂ ਦੌਰਾਨ ਪ੍ਰਾਰਥੀ ਦੀ ਹਰ ਢਾਈ ਸਾਲ ਬਾਅਦ ਸਮੀਖਿਆ ਕੀਤੀ ਜਾਵੇਗੀ। ਜੇ ਕਿਸੇ ਵਿਅਕਤੀ ਦਾ ਦੇਸ਼ ਇਸ ਸਮੇਂ ਦੌਰਾਨ ਸੁਰੱਖਿਅਤ ਹੈ ਤਾਂ ਉਸ ਨੂੰ ਵਾਪਸ ਭੇਜ ਦਿੱਤਾ ਜਾਵੇਗਾ। ਇੱਥੋਂ ਤੱਕ ਕਿ ਜਿਹੜੇ ਪਰਵਾਸੀ ਕਾਨੂੰਨੀ ਤੌਰ 'ਤੇ ਬ੍ਰਿਟੇਨ ਵਿਚ ਆਉਂਦੇ ਹਨ, ਉਨ੍ਹਾਂ ਨੂੰ ਵੀ ਸਥਾਈ ਨਿਵਾਸ ਲਈ 10 ਸਾਲਾਂ ਦੀ ਉਡੀਕ ਕਰਨੀ ਪਵੇਗੀ ਜਦਕਿ ਹੁਣ ਇਹ ਸਮਾਂ ਪੰਜ ਸਾਲ ਹੈ। ਕੋਈ ਵੀ ਦਾਅਵੇਦਾਰ ਜੋ ਕੰਮ ਕਰਦਾ ਹੈ, ਉਸ ਤੋਂ ਰਿਹਾਇਸ਼ ਅਤੇ ਹਫ਼ਤਾਵਾਰੀ ਭੱਤੇ ਵਾਪਸ ਲੈ ਲਏ ਜਾਣਗੇ। ਸ਼ਰਨਾਰਥੀ ਹੁਣ ਬ੍ਰਿਟੇਨ ਵਿਚ ਰਹਿਣ ਲਈ ਪਰਿਵਾਰਕ ਸਬੰਧਾਂ ਦੀ ਵਰਤੋਂ ਨਹੀਂ ਕਰ ਸਕਣਗੇ। ਪਰਵਾਸ ਪੱਛਮੀ ਦੁਨੀਆ ਵਿਚ ਲਗਪਗ ਹਰ ਜਗ੍ਹਾ ਇਕ ਭਖਦਾ ਮੁੱਦਾ ਹੈ। ਇਸ ਵਰਤਾਰੇ ਨੇ ਪੱਛਮੀ ਸਰਕਾਰਾਂ ਲਈ ਜੋ ਸਮੱਸਿਆ ਪੈਦਾ ਕੀਤੀ ਹੈ ਉਹ ਬਹੁਤ ਗੰਭੀਰ ਹੈ। ਬ੍ਰਿਟੇਨ ਪਰਵਾਸ ਸਮੱਸਿਆ ਦਾ ਗੜ੍ਹ ਬਣ ਗਿਆ ਹੈ। ਹਜ਼ਾਰਾਂ ਸਥਾਨਕ ਲੋਕ ਇਸ ਦੇ ਵਿਰੋਧ ਵਿਚ ਸੜਕਾਂ 'ਤੇ ਉਤਰ ਆਏ ਹਨ। ਦੰਗਿਆਂ ਵਾਲੀ ਸਥਿਤੀ ਹੈ। ਸ਼ਰਨਾਰਥੀ ਹਿੰਸਕ ਕਾਰਵਾਈਆਂ ਦਾ ਸਾਹਮਣਾ ਬਣ ਰਹੇ ਹਨ। ਅਜਿਹੇ ਹਾਲਾਤ ਵਿਚ ਸਰਕਾਰਾਂ ਦੀ ਸਖ਼ਤੀ ਨੂੰ ਸਮਝਿਆ ਜਾ ਸਕਦਾ ਹੈ।

-(ਲੇਖਕ ਬਰੈਂਪਟਨ ਆਧਾਰਤ ਫ੍ਰੀਲਾਂਸ ਜਰਨਲਿਸਟ ਹੈ)।

# ਸਰਕਾਰਾਂ ਅਤੇ ਸਿਆਸੀ ਲੋਕਾਂ ਹਥਿਆਈਆਂ ਸਥਾਨਕ ਸਰਕਾਰਾਂ



ਗੁਰਮੀਤ ਸਿੰਘ ਪਲਾਹੀ
-9815802070

ਪੰਜਾਬ ਵਿੱਚ ਸਾਲ 2025 'ਚ ਹੋਣ ਵਾਲੀਆਂ ਪੇਂਡੂ ਖੇਤਰ ਨਾਲ ਸੰਬੰਧਿਤ ਸਥਾਨਕ ਸਰਕਾਰਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਾਉਣ ਲਈ 14 ਦਸੰਬਰ 2025 ਦਾ ਦਿਨ, ਕਾਫ਼ੀ ਅੜਚਨਾਂ, ਅਦਾਲਤੀ ਕੇਸਾਂ ਦੇ ਨਿਪਟਾਰੇ ਤੋਂ ਬਾਅਦ, ਚੋਣ ਕਮਿਸ਼ਨ ਪੰਜਾਬ ਵੱਲੋਂ ਮਿਥਿਆ ਗਿਆ ਹੈ।

ਪੰਜਾਬ ਵਿੱਚ ਮੁੜ ਫਿਰ ਚੋਣ ਅਖਾੜਾ ਭਖੇਗਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਪਿੰਡਾਂ ਦੇ ਲੋਕਾਂ 'ਚ ਆਪਣਾ ਅਧਾਰ ਲੱਭਣ ਲਈ ਸਰਗਰਮ ਹੋ ਗਈਆਂ ਹਨ। ਉਹਨਾਂ ਆਪੋ-ਆਪਣੇ ਚੋਣਾਵੀਂ ਚੋਣ ਨਿਸ਼ਾਨ 'ਤੇ ਚੋਣਾਂ ਲੜਨ ਦਾ ਬਿਗਲ ਵਜਾ ਦਿੱਤਾ ਹੈ। ਇੱਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਜਿਸ ਦਾ " ਕਿਸਾਨ ਅੰਦੋਲਨ" ਵੇਲੇ ਪਿੰਡਾਂ 'ਚ ਦਾਖ਼ਲਾ ਬੰਦ ਸੀ, ਉਹ ਵੀ ਇਹਨਾਂ ਚੋਣਾਂ 'ਚ ਸਰਗਰਮ ਹੋਈ ਦਿਸਦੀ ਹੈ।

ਕਾਰਨ ਸਪਸ਼ਟ ਹੈ, ਉਹ ਇਹ ਕਿ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਆਪਣੇ 'ਪਰ' ਤੋਲਣਾ ਚਾਹੁੰਦੀਆਂ ਹਨ। ਇਹਨਾਂ ਚੋਣਾਂ 'ਚ ਇੱਕ ਕਰੋੜ ਛੱਤੀ ਲੱਖ ਵੋਟਰ ਹਿੱਸਾ ਲੈਣਗੇ ਅਤੇ 50 ਫ਼ੀਸਦੀ ਮਹਿਲਾ ਉਮੀਦਵਾਰ ਇਸ ਵਿੱਚ ਲਾਜ਼ਮੀ ਬਣਾਏ ਗਏ ਹਨ। ਕੀ ਇਹ 2027 ਦੀਆਂ ਚੋਣਾਂ ਦਾ ਸੈਮੀਫਾਈਨਲ ਹੋ ਨਿਬੜੇਗਾ?

ਕੇਂਦਰ ਦੀ ਸਰਕਾਰ ਨੇ ਸਾਲ 1992 ਵਿੱਚ 73ਵੀਂ ਸੋਧ ਕੀਤੀ ਸੀ। ਇਹ ਸੋਧ ਪੰਚਾਇਤੀ ਰਾਜ ਪ੍ਰਬੰਧ ਨੂੰ ਚੁਸਤ-ਦਰੁਸਤ ਕਰਨ ਲਈ ਸੀ। ਇਸ ਵਾਸਤੇ ਇੱਕ ਵਿਧੀ-ਵਿਧਾਨ ਬਣਾਇਆ ਗਿਆ ਸੀ। ਲੋਕਤੰਤਰੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਵੱਲ ਇਹ ਵੱਡਾ ਕਦਮ ਸੀ। ਇਸ ਸੋਧ ਅਧੀਨ ਪੇਂਡੂ ਸਥਾਨਕ ਸਰਕਾਰਾਂ ਨੂੰ ਵੱਡੇ-ਵੱਡੇ ਕੰਮ ਸੌਂਪਣਾ ਮਿਥਿਆ ਗਿਆ ਸੀ ਤਾਂ ਕਿ ਪਿੰਡਾਂ ਦੀਆਂ ਇਹ ਸੰਸਥਾਵਾਂ, ਪਿੰਡਾਂ ਦੇ ਢਾਂਚੇ ਦੇ ਵਿਕਾਸ, ਲਈ ਕੰਮ ਕਰ ਸਕਣ। ਪਿੰਡਾਂ 'ਚ ਨੌਜਵਾਨਾਂ ਲਈ ਰੁਜ਼ਗਾਰ ਮੁਖੀ ਪੜ੍ਹਾਈ ਲਈ ਮਦਦ ਕਰ ਸਕਣ। ਪਿੰਡਾਂ ਦੀ ਸਫ਼ਾਈ, ਪਿੰਡਾਂ 'ਚ ਸਿਹਤ ਸਹੂਲਤਾਂ, ਇੱਥੋਂ ਤੱਕ ਕਿ ਪਿੰਡਾਂ 'ਚ ਪੜ੍ਹਾਈ ਦਾ ਯੋਗ ਪ੍ਰਬੰਧ ਕਰਨ ਲਈ ਮੋਹਰੀ ਰੋਲ ਅਦਾ ਕਰ ਸਕਣ। ਪਰ ਤੇਤੀ ਵਰ੍ਹੇ ਬੀਤਣ ਬਾਅਦ ਵੀ ਇਹ ਸੰਸਥਾਵਾਂ ਜਾਪਦਾ ਹੈ ਮਿੱਥੇ ਨਿਸ਼ਾਨਿਆਂ ਵੱਲ ਸਾਰਥਕ ਕਦਮ ਨਹੀਂ ਪੁੱਟ ਸਕੀਆਂ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਹਨਾਂ ਪੇਂਡੂ ਸਥਾਨਕ ਸਰਕਾਰਾਂ (ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ) ਨੂੰ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ ਅਤੇ ਤਤਕਾਲੀ ਸਰਕਾਰਾਂ ਦੀ ਸਿਰੇ ਦੀ ਦਖ਼ਲ-ਅੰਦਾਜੀ ਨੇ ਇਹਨਾਂ ਸੰਸਥਾਵਾਂ ਦਾ ਰੂਪ ਹੀ ਬਿਗਾੜ ਕੇ ਰੱਖ ਦਿੱਤਾ ਹੈ।

ਆਓ, ਵੇਖੀਏ,ਪੰਜਾਬ ਦੇ ਪੇਂਡੂ ਸਮਾਜ ਦੇ ਹਾਲਾਤ ਕਿਹੋ ਜਿਹੇ ਹਨ। ਪੇਂਡੂ ਸਮਾਜ ਬੁਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਹੈ। ਜਾਤ-ਬਰਾਦਰੀ ਦੇ ਨਾਮ 'ਤੇ ਵੰਡਿਆ ਪਿਆ ਹੈ। ਬੇਰੁਜ਼ਗਾਰੀ ਨੇ ਨੌਜਵਾਨਾਂ ਦਾ ਨਾਸ ਮਾਰਿਆ ਹੋਇਆ ਹੈ। ਉਹ ਨਸ਼ਿਆਂ ਦੀ ਮਾਰ ਹੇਠ, ਗੈਂਗਸਟਰਾਂ ਦੇ ਪ੍ਰਭਾਵ ਹੇਠ ਅਤੇ ਸਿਆਸੀ ਨੇਤਾਵਾਂ ਦੀਆਂ ਕੋਝੀਆਂ ਚਾਲਾਂ 'ਚ ਫਸਕੇ ਪੰਜਾਬੀ ਸਮਾਜ ਦੀਆਂ ਅਸਲ ਕਦਰਾਂ-ਕੀਮਤਾਂ ਨੂੰ ਭੁਲਾਕੇ ਵੈਰ-ਵਿਰੋਧ, ਲੁੱਟ-ਖੋਹ, ਕਰਨ ਜਿਹੇ ਕਾਰਿਆਂ ਵੱਲ ਰੁਚਿਤ ਹੋਏ ਵਿਖਾਈ ਦਿੰਦੇ ਹਨ। ਇਸ ਪੇਂਡੂ ਭੈੜੇ ਮਾਹੌਲ ਦਾ ਲਾਹਾ "ਸਿਆਸੀ ਨੇਤਾ" ਚੁੱਕ ਰਹੇ ਹਨ, ਜਿਹੜੇ ਸਾਮ-ਦਾਮ-ਦੰਡ, ਜਿਹੇ ਹਥਿਆਰਾਂ ਨਾਲ ਤਾਕਤ ਹਥਿਆਕੇ ਸੱਤਾ 'ਤੇ ਕਾਬਜ਼ ਹੋਣਾ ਆਪਣਾ ਆਖ਼ਰੀ ਨਿਸ਼ਾਨਾ ਮਿਥੀ ਬੈਠੇ ਹਨ, ਜਿਹਨਾਂ ਲਈ ਸਮਾਜਕ ਸਾਰੋਕਾਰ, ਭਾਈਚਾਰਾ, ਸਮਾਜ ਸੇਵਾ, ਮਨੁੱਖੀ ਕਦਰਾਂ-ਕੀਮਤਾਂ ਕੋਈ ਅਰਥ ਨਹੀਂ ਰੱਖਦੀਆਂ।

ਜਿਹੜੀ ਵੀ ਸਿਆਸੀ ਧਿਰ ਪੰਜਾਬ ਸੂਬੇ ਦੀ ਗੱਦੀ ਉੱਤੇ ਕਾਬਜ਼ ਹੋਈ, ਉਸ ਵੱਲੋਂ ਪੇਂਡੂ ਸਥਾਨਕ ਸਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੰਵਿਧਾਨ ਦੀ 73ਵੀਂ ਸੋਧ ਵਿੱਚ ਜਿਹੜੇ ਹੱਕ ਪੇਂਡੂ ਸੰਸਥਾਵਾਂ ਨੂੰ ਮਿਲੇ, ਉਹਨਾਂ ਨੂੰ ਆਪਣੇ ਸਰਕਾਰੀ ਨਿਯਮਾਂ, ਨੇਮਾਂ ਨਾਲ ਘਟਾਇਆ ਅਤੇ ਇਹਨਾਂ ਸੰਸਥਾਵਾਂ ਨੂੰ ਸਿਰਫ਼ ਸਰਕਾਰ ਉੱਤੇ ਨਿਰਭਰ ਹੋਣ 'ਤੇ ਮਜ਼ਬੂਰ ਕਰ ਦਿੱਤਾ।

ਪਿੰਡਾਂ ਦੀ ਸਭ ਤੋਂ ਪਹਿਲੀ ਸਥਾਨਕ ਇਕਾਈ ਗ੍ਰਾਮ ਸਭਾ ਹੈ। ਜਿਸ ਕੋਲ ਵੱਡੇ ਅਧਿਕਾਰ ਹਨ। ਇਹ ਪਿੰਡ ਦੇ ਵੋਟਰਾਂ ਦੀ ਸੰਸਥਾ ਹੈ। ਇਹ ਸੰਸਥਾ ਗ੍ਰਾਮ ਪੰਚਾਇਤ ਦੀ ਚੋਣ ਕਰਦੀ ਹੈ। ਇਹ ਗ੍ਰਾਮ ਸਭਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਚੁਣਦੀ ਹੈ। ਤਾਂ ਕਿ ਪਿੰਡਾਂ 'ਚ ਸਵੈ-ਸਾਸ਼ਨ ਪ੍ਰਣਾਲੀ ਲਾਗੂ ਹੋਵੇ ਅਤੇ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਕੰਮ ਵੀ ਇਹਨਾਂ ਸੰਸਥਾਵਾਂ ਕੋਲ ਹੈ। 73ਵੀਂ ਸੋਧ ਅਨੁਸਾਰ ਪੰਚਾਇਤਾਂ ਲਈ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ ਫੰਡ ਪ੍ਰਾਪਤ ਕਰਨ ਦਾ ਪ੍ਰਾਵਧਾਨ ਤਾਂ ਹੈ ਹੀ, ਕੇਂਦਰੀ ਸਪਾਂਸਰਡ ਸਕੀਮਾਂ ਨੂੰ ਲਾਗੂ ਕਰਨ ਲਈ ਫੰਡ ਵੀ ਇਹਨਾਂ ਸੰਸਥਾਵਾਂ ਲਈ ਉਪਲੱਬਧ ਹਨ ਅਤੇ ਰਾਜ ਸਰਕਾਰਾਂ ਵੱਲੋਂ ਰਾਜ ਵਿੱਤ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਤੇ ਫੰਡ ਵੀ ਇਹਨਾਂ ਸੰਸਥਾਵਾਂ ਲਈ ਮਿਲਦੇ ਹਨ।

73ਵੀਂ ਸੋਧ ਅਨੁਸਾਰ ਸਰਕਾਰ ਦੇ 29 ਵਿਭਾਗਾਂ ਦਾ ਕੰਮ ਕਾਰ ਵੀ ਇਹਨਾਂ ਸੰਸਥਾਵਾਂ ਨੂੰ ਸੌਂਪਿਆ ਗਿਆ ਦੱਸਿਆ ਜਾਂਦਾ ਹੈ। ਇਸਦਾ ਪ੍ਰਬੰਧਨ ਜ਼ਿਲਾ ਪ੍ਰੀਸ਼ਦ ਰਾਹੀਂ ਕੀਤਾ ਜਾਣਾ ਮਿਥਿਆ ਗਿਆ ਹੈ।

ਪਰ ਆਓ ਵੇਖੀਏ ਅਸਲੀਅਤ ਕੀ ਹੈ। ਪਿੰਡ ਪੰਚਾਇਤਾਂ ਅਸਲ ਅਰਥਾਂ 'ਚ ਪੰਗੂ ਬਣਾ ਦਿੱਤੀਆਂ ਗਈਆਂ ਹਨ। ਪਿੰਡ ਪੰਚਾਇਤਾਂ ਦਾ ਸਾਰਾ ਕਾਰੋਬਾਰ ਅਤੇ ਵਿਕਾਸ ਕਾਰਜ ਅਸਿੱਧੇ ਤੌਰ 'ਤੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਦੇ ਹੱਥ ਕਰ ਦਿੱਤਾ ਹੋਇਆ ਹੈ। ਪਿੰਡ ਦਾ ਸਰਪੰਚ ਆਪਣੀ ਮਰਜ਼ੀ ਨਾਲ ਪੰਚਾਇਤ ਫੰਡ ਵਿੱਚੋਂ ਇੱਕ ਪੈਸਾ ਵੀ ਖ਼ਰਚਣ ਦਾ ਅਧਿਕਾਰੀ ਨਹੀਂ ਹੈ। ਪੰਚਾਇਤ ਸਕੱਤਰ, ਬਲਾਕ ਵਿਕਾਸ ਅਧਿਕਾਰੀ ਤੋਂ ਬਿਨ੍ਹਾਂ ਇੱਕ ਪੈਸਾ ਵੀ ਖ਼ਾਤੇ 'ਚੋਂ ਕੱਢਿਆ ਨਹੀਂ ਜਾ ਸਕਦਾ ਜਾਂ ਖ਼ਰਚਿਆ ਨਹੀਂ ਜਾ ਸਕਦਾ। ਉਹ ਵਿਅਕਤੀ ਜਿਸਨੂੰ ਸਮੁੱਚਾ ਪਿੰਡ ਵੋਟਾਂ ਪਾਕੇ ਚੁਣਦਾ ਹੈ, ਉਸ ਕੋਲ ਆਖ਼ਿਰ ਫਿਰ ਸ਼ਕਤੀ ਕਿਹੜੀ ਹੈ? ਇਹੋ ਹਾਲ ਪੰਚਾਇਤ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦਾ ਹੈ, ਜਿਹਨਾਂ ਦੀਆਂ ਸ਼ਕਤੀਆਂ ਅਫ਼ਸਰਸ਼ਾਹੀ ਅਤੇ ਹਾਕਮਾਂ ਨੇ ਆਪਣੇ ਲੜ ਬੰਨੀਆ ਹੋਈਆਂ ਹਨ। ਮੈਂਬਰ ਤਾਂ ਸਿਰਫ਼ ਮੀਟਿੰਗ ਦਾ "ਅਜੰਡਾ" ਬਣਾ ਕੇ ਰੱਖ ਦਿੱਤੇ ਗਏ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਇਹਨਾਂ ਚੁਣੇ ਨੁਮਾਇੰਦਿਆਂ ਨੂੰ ਮਹੀਨਾ ਆਨਰੇਰੀਅਮ ਵੀ ਨਹੀਂ ਮਿਲਦਾ, ਜਿਵੇਂ ਕਾਰਪੋਰੇਸ਼ਨਾਂ ਦੇ ਮੈਂਬਰਾਂ ਨੂੰ ਮਿਲਦਾ ਹੈ।

ਇਹ ਸਪਸ਼ਟ ਕੀਤਾ ਗਿਆ ਸੀ ਸੋਧ ਵਿੱਚ ਕਿ ਪੇਂਡੂ ਭਾਰਤ 'ਚ ਸਧਾਰਨ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾਂ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਮਿਥਿਆ ਸੀ।

ਇਹ ਸਪਸ਼ਟ ਕੀਤਾ ਗਿਆ ਕਿ ਪੇਂਡੂ ਭਾਰਤ 'ਚ ਸਥਾਨਕ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨਾ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਅਤੇ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਲਾਗੂ ਕਰਨਾ ਹੈ। ਸਥਾਨਕ ਸਰਕਾਰਾਂ ਨੂੰ ਦੋਵੇਂ ਸਰਕਾਰਾਂ, ਕੇਂਦਰ ਤੇ ਸੂਬਾ ਸਰਕਾਰ ਦੇ ਬਰਾਬਰ ਸੰਵਿਧਾਨਿਕ ਅਧਿਕਾਰ ਮਿਲੇ।

ਪਰ ਕੁਝ ਇੱਕ ਸੂਬਾ ਸਰਕਾਰਾਂ ਨੂੰ ਛੱਡਕੇ ਵੱਡੀ ਗਿਣਤੀ ਸੂਬਾ ਸਰਕਾਰਾਂ ਨੇ ਪੰਚਾਇਤਾਂ ਨੂੰ ਅਧਿਕਾਰ ਨਹੀਂ ਦਿੱਤੇ ਹੋਏ। ਸਰਕਾਰੀ ਦਖ਼ਲ ਦੇ ਨਾਲ-ਨਾਲ ਸਿਆਸੀ ਦਖ਼ਲ ਨੇ ਪੰਚਾਇਤੀ ਪ੍ਰਬੰਧ ਨੂੰ ਖੋਖਲਾ ਕੀਤਾ ਹੋਇਆ ਹੈ। ਯੋਜਨਾਵਾਂ ਅਧੀਨ ਜਿਹੜੀ ਸਹਾਇਤਾ ਵਿੱਤ ਕਮਿਸ਼ਨ ਰਾਹੀਂ ਸਿੱਧਿਆਂ ਪੰਚਾਇਤੀ ਫੰਡਾਂ 'ਚ ਆਉਣੀ ਹੁੰਦੀ ਹੈ, ਉਸ ਉਤੇ ਵੀ ਅਫ਼ਸਰਸ਼ਾਹੀ ਤੇ ਕਾਬਜ ਸਿਆਸੀ ਧਿਰਾਂ ਆਪਣਾ ਕੁੰਡਾ ਰੱਖਦੀਆਂ ਹਨ। ਪੰਚਾਇਤੀ ਰਾਜ ਪ੍ਰਬੰਧਨ ਅਧੀਨ ਪੰਜਾਬ ਦੀ ਹਾਲਤ ਤਾਂ ਜ਼ਿਆਦਾ ਖਸਤਾ ਹੈ, ਜਿਸ ਅਨੁਸਾਰ ਪੰਚਾਇਤਾਂ ਤਾਂ ਪੰਚਾਇਤ ਸਕੱਤਰਾਂ ਅਤੇ ਮੁਲਾਜ਼ਮਾਂ ਦੇ ਰਹਿਮੋ-ਕਰਮ ਉਤੇ ਹੈ। ਗ੍ਰਾਮ ਸਭਾਵਾਂ, ਆਮ ਇਜਲਾਸ ਕਰਨ ਦੀ ਪਰੰਪਰਾਂ ਤਾਂ ਬੱਸ ਕਾਗਜ਼ੀ ਹੈ। ਸਰਪੰਚ, ਬਲਾਕ ਪੰਚਾਇਤਾਂ ਦਫ਼ਤਰਾਂ ਦੇ ਚੱਕਰ ਕੱਟਦੇ, ਕਾਰਵਾਈ ਰਜਿਸਟਰ ਲੈ ਕੇ ਬਿੱਲ ਆਦਿ ਦੇ ਭੁਗਤਾਣ ਲਈ, ਆਮ ਵੇਖੇ ਜਾਂਦੇ ਹਨ। ਸਿਤਮ ਦੀ ਗੱਲ ਤਾਂ ਇਹ ਹੈ ਕਿ ਬਲਾਕਾਂ 'ਚ ਪੰਚਾਇਤ ਸਕੱਤਰ, ਜਿਹਨਾ ਕੋਲ ਅਥਾਹ ਪੰਚਾਇਤੀ ਸ਼ਕਤੀਆਂ ਇਕੱਠੀਆਂ ਹੋ ਚੁੱਕੀਆਂ ਹਨ, ਕੋਲ ਦੋ-ਦੋ, ਤਿੰਨ-ਤਿੰਨ ਦਰਜਨਾਂ ਤੱਕ ਪੰਚਾਇਤਾਂ ਦੇ ਚਾਰਜ ਹਨ। ਇਹੋ ਜਿਹੇ ਹਾਲਾਤ ਵਿੱਚ ਪੇਂਡੂ ਵਿਕਾਸ ਦੀ ਕੀ ਤਵੱਕੋ ਹੋ ਸਕਦੀ ਹੈ?

ਪੇਂਡੂ ਪੰਚਾਇਤਾਂ, ਸਥਾਨਕ ਸਰਕਾਰ ਨਾਲ ਸੂਬਾ ਸਰਕਾਰਾਂ ਦੇ ਧੱਕੇ ਦੀ ਦਾਸਤਾਨ ਇਥੇ ਹੀ ਖ਼ਤਮ ਨਹੀਂ ਹੁੰਦੀ। ਆਮਦਨ ਜ਼ਮੀਨ ਦੇ ਠੇਕੇ ਭਾਵ ਕਿਰਾਏ ਦੀ ਹੈ ਜਾਂ ਪੰਚਾਇਤੀ ਹੁਕਮਾਂ ਦੇ ਕਿਰਾਏ ਦੀ ਜਾਂ ਹੋਰ, ਇਸ ਵਿਚੋਂ ਪਿੰਡਾਂ ਨੂੰ ਆਮਦਨ ਵਿਚੋਂ ਲਗਭਗ ਤੀਜਾ ਹਿੱਸਾ (30 ਫ਼ੀਸਦੀ) ਬਲਾਕ ਸੰਮਤੀਆਂ ਪੰਚਾਇਤ ਸਕੱਤਰਾਂ ਦੀ ਤਨਖ਼ਾਹ ਲਈ ਹਰ ਵਰ੍ਹੇ ਲੈ ਜਾਂਦੀਆਂ ਹਨ। ਅਸਲ ਵਿੱਚ ਤਾਂ ਸੰਵਿਧਾਨ ਦੀ ਰੂਹ ਅਨੁਸਾਰ ਪੰਚਾਇਤਾਂ ਨੂੰ ਦਿੱਤੇ ਗਏ ਅਧਿਕਾਰ, ਸਥਾਨਕ ਸਰਕਾਰਾਂ ਦੀ ਪਦਵੀ, ਕੰਮ ਕਰਨ ਦੀ ਖੁੱਲ੍ਹ ਸਭ ਕੁਝ ਸੂਬਾ ਸਰਕਾਰ ਅਤੇ ਹਾਕਮਾਂ ਵਲੋਂ ਹਥਿਆਈ ਜਾ ਚੁੱਕੀ ਹੈ ਅਤੇ ਹਥਿਆਈ ਜਾਂਦੀ ਰਹੀ ਹੈ। ਇੱਕ ਆਖ਼ਰੀ ਤਸੱਲੀ ਪੰਚਾਇਤੀ ਨੁਮਾਇੰਦਿਆਂ ਦੀ ਇਹੋ ਹੈ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਹਾਂ।

ਅੱਜ ਪਿੰਡਾਂ ਦੀ ਹਾਲਤ ਬਹੁਤ ਭੈੜੀ ਹੈ। ਪੇਂਡੂ ਸੜਕਾਂ ਟੁੱਟੀਆਂ ਪਈਆਂ ਹਨ। ਪਿੰਡਾਂ 'ਚ ਖੁੱਲ੍ਹੇ ਹਸਪਤਾਲਾਂ 'ਚ ਸਟਾਫ਼ ਦੀ ਕਮੀ ਹੈ, ਦਵਾਈਆਂ ਦੀ ਘਾਟ ਹੈ। ਪੇਂਡੂ ਸਕੂਲਾਂ 'ਚ ਅਧਿਆਪਕਾਂ ਦੀਆਂ ਅੱਧੀਆਂ ਅਸਾਮੀਆਂ ਖਾਲੀ ਹਨ। ਪੇਂਡੂ ਵਿਕਾਸ ਦੇ ਨਾਹਰੇ ਵੱਡੇ ਹਨ, ਪਰ ਉਹਨਾਂ ਦੇ ਪੱਲੇ ਕੁਝ ਪਾਇਆ ਨਹੀਂ ਜਾ ਰਿਹਾ। ਪਿੰਡਾਂ ਦੇ ਸੁਧਾਰ ਦਾ ਜ਼ੁੰਮਾ ਸਥਾਨਕ ਸਰਕਾਰ ਦਾ ਸੀ, ਪਰ ਇਹਨਾਂ ਕੋਲ ਇੰਨੀਆਂ ਸ਼ਕਤੀਆਂ ਹੀ ਨਹੀਂ ਰਹਿਣ ਦਿੱਤੀਆਂ ਗਈਆਂ, ਜਿਸ ਕਾਰਨ ਇਹ ਸੰਸਥਾਵਾਂ ਬਲਾਕ ਸੰਪਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਕਿਧਰੇ ਨਜ਼ਰ ਨਹੀਂ ਪੈਂਦੀਆਂ।

ਹਰ ਤਿਮਾਹੀ, ਛਿਮਾਹੀ ਪੰਜਾਬ ਚੋਣਾਂ 'ਚ ਝੋਕਿਆ ਜਾ ਰਿਹਾ ਹੈ। ਕਦੇ ਪੰਚਾਇਤ ਚੋਣਾਂ, ਕਦੇ ਮਿਊਂਸਪਲ ਚੋਣਾਂ, ਕਦੇ ਕਿਸੇ ਹਲਕੇ ਦੀ ਉਪ ਚੋਣ। ਅਤੇ ਜਿਸ ਢੰਗ ਨਾਲ ਇਹ ਚੋਣਾਂ ਕੀਤੀਆਂ, ਕਰਵਾਈਆਂ ਜਾਂਦੀਆਂ ਹਨ, ਇਹਨਾਂ ਪੰਚਾਇਤ ਚੋਣਾਂ ਵੇਲੇ ਵੀ ,ਮਿਊਂਸਪਲ ਕਾਰਪੋਰੇਸ਼ਨ ਚੋਣਾਂ ਵੇਲੇ ਵੀ ਇਹਨਾਂ ਉੱਤੇ ਵੱਡੇ ਸਵਾਲ ਖੜੇ ਹੋਏ। ਸਰਕਾਰ ਕਟਿਹਰੇ 'ਚ ਲੋਕਾਂ ਵੱਲੋਂ ਖੜੀ ਕੀਤੀ ਗਈ। ਉਸ ਵੱਲੋਂ ਪਿੰਡਾਂ 'ਚ ਆਪਣੇ ਬੰਦਿਆਂ ਰਾਹੀਂ ਸਰਪੰਚ, ਪੰਚ ਬਣਾਏ ਗਏ ਤਾਂ ਕਿ ਇੰਝ ਦਿਸੇ ਕਿ ਪਿੰਡਾਂ 'ਚ ਸਿਆਸੀ ਤਾਕਤ ਸਰਕਾਰ ਹੱਥ ਹੈ। ਧੜੇਬੰਦੀ, ਪੈਸੇ, ਧੱਕੇ ਧੌਂਸ ਦਾ ਪੂਰਾ ਬੋਲਬਾਲਾ ਦਿਸਿਆ। ਉਂਝ ਹਰੇਕ ਸਿਆਸੀ ਧਿਰ ਨੇ ਵੀ ਆਪਣੇ ਕਾਨੂੰਨੀ, ਗ਼ੈਰ-ਕਾਨੂੰਨੀ ਸਾਧਨਾਂ ਦੀ ਵਰਤੋਂ ਕੀਤੀ। ਹੁਣ ਇਹੋ ਵਰਤਾਰਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ 'ਚ ਵੇਖਣ ਨੂੰ ਮਿਲੇਗਾ। ਇਸ ਨਾਲ ਇਹਨਾਂ ਸਥਾਨਕ ਸਰਕਾਰਾਂ ਦੇ ਅਸਲ ਮੰਤਵ ਨੂੰ ਖੋਰਾ ਲੱਗੇਗਾ।

ਲੋੜ ਤਾਂ ਇਸ ਗੱਲ ਦੀ ਹੈ ਕਿ ਪੇਂਡੂ ਸੰਸਥਾਵਾਂ ਨੂੰ ਤਕੜਿਆ ਕੀਤਾ ਜਾਵੇ। ਉਹਨਾਂ ਨੂੰ ਵੱਧ ਅਧਿਕਾਰੀ ਮਿਲਣ। ਸਰਕਾਰਾਂ ਦਾ ਸਥਾਨਕ ਸਰਕਾਰਾਂ 'ਚ ਦਖ਼ਲ ਘਟੇ। ਉਹਨਾਂ ਨੂੰ ਆਪ ਟੈਕਸ ਲਗਾਉਣ, ਆਪੋ-ਆਪਣੇ ਖੇਤਰ ਦੀਆਂ ਲੋੜਾਂ ਅਨੁਸਾਰ ਵਿਕਾਸ ਕਰਨ ਦਾ ਹੱਕ ਮਿਲੇ, ਤਦੇ ਪਿੰਡ ਵਿਕਾਸ ਕਰ ਸਕਦਾ ਹੈ। ਤਦੇ ਪਿੰਡ ਤੇ ਪੇਂਡੂ ਸੰਸਥਾਵਾਂ ਦੀ 'ਸਿਹਤ' ਠੀਕ ਹੋ ਸਕਦੀ ਹੈ।


ਅੱਜ ਉਸ ਸਮੇਂ ਲੋੜ ਇਹਨਾਂ ਪੇਂਡੂ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਵੱਧ ਦਿਸਦੀ ਹੈ, ਜਦੋਂ "ਪੰਜਾਬ ਦਾ ਪਿੰਡ" ਵਧੇਰੇ ਸਮੱਸਿਆਵਾਂ ਦਾ ਟਾਕਰਾ ਕਰ ਰਿਹਾ ਹੈ। ਜਦ ਪਿੰਡ ਦਾ ਖੇਤ, ਘਰ, ਪਿੰਡ ਪ੍ਰਬੰਧ ਰਸਾਤਲ ਵੱਲ ਵੱਧ ਰਿਹਾ ਹੈ।

ਇਹ ਤਦੇ ਸੰਭਵ ਹੋ ਸਕੇਗਾ ਜਦੋਂ ਇਹ ਚੋਣਾਂ ਤਣਾਅ ਰਹਿਤ, ਅਜ਼ਾਦ ਹੋਣਗੀਆਂ ਅਤੇ ਚੋਣਾਂ ਉਪਰੰਤ ਇਹਨਾਂ ਸਥਾਨਕ ਸਰਕਾਰਾਂ ਨੂੰ ਉਪਰਲੀ, ਹੇਠਲੀ ਸਰਕਾਰ ਤੋਂ ਮੁਕਤੀ ਮਿਲੇਗੀ।

ਸੰਵਿਧਾਨ ਦੇ ਆਰਟੀਕਲ-40 ਅਨੁਸਾਰ ਸਥਾਨਕ ਸਰਕਾਰਾਂ ਦਾ ਰੁਤਬਾ ਮਿਲਿਆ ਹੈ ਅਤੇ ਅਧਿਕਾਰ ਸੂਬਾ ਸਰਕਾਰ, ਕੇਂਦਰ ਸਰਕਾਰ ਦੇ ਬਰਾਬਰ ਦੇ ਹਨ ਤਾਂ ਕਿ ਜ਼ਮੀਨੀ ਪੱਧਰ 'ਤੇ ਲੋਕਤੰਤਰੀ ਪ੍ਰੀਕਿਰਿਆ 'ਚ ਉਹ ਹਿੱਸੇਦਾਰ ਬਨਣ।

********





# ਸੋਸ਼ਲ ਮੀਡੀਆ 'ਤੇ ਟਿੱਪਣੀਆਂ

ਅੱਜਕੱਲ੍ਹ ਲੋਕਾਂ 'ਚ ਦੂਜਿਆਂ ਦੀਆਂ ਪ੍ਰਤੀਕਿਰਿਆਵਾਂ ਦੁਆਰਾ ਆਪਣੇ ਆਪ ਦਾ ਮੁਲਾਂਕਣ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ। ਇਸ ਵਧਦੇ ਰੁਝਾਨ ਕਾਰਨ ਕਿਸੇ ਵੀ ਸੋਸ਼ਲ ਮੀਡੀਆ 'ਤੇ ਪਾਈਆਂ ਗਈਆਂ ਪੋਸਟਾਂ 'ਤੇ ਕਈ ਵਾਰ ਨਫ਼ਰਤ ਭਰੀਆਂ ਤੇ ਹੰਕਾਰੀ ਟਿੱਪਣੀਆਂ ਵੀ ਦੇਖਣ ਨੂੰ ਮਿਲ ਰਹੀਆਂ ਹਨ। ਬੇਸ਼ੱਕ ਲੋਕਤੰਤਰ 'ਚ ਹਰ ਕਿਸੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਹੱਕ ਹੈ ਪਰ ਕਿਸੇ ਦੀ ਵੀ ਪੋਸਟ 'ਤੇ ਅਸ਼ਲੀਲ ਤੇ ਹੰਕਾਰੀ ਟਿੱਪਣੀਆਂ ਸਾਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦੀਆਂ ਹਨ ਕਿ ਸਾਡਾ ਸਮਾਜ ਕਿਸ ਰਾਹ ਵੱਲ ਜਾ ਰਿਹਾ ਹੈ।

ਸੋਸ਼ਲ ਮੀਡੀਆ ਦੀਆਂ ਪੋਸਟਾਂ 'ਤੇ ਇਤਰਾਜ਼ਯੋਗ ਟਿੱਪਣੀਆਂ ਕਰਨ ਦੀ ਆਦਤ ਕਾਰਨ ਨਫ਼ਰਤ ਅਤੇ ਅਸਹਿਮਤੀ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਇਕ ਚਿੰਤਾਜਨਕ ਵਿਸ਼ਾ ਹੈ ਤੇ ਇਹ ਸਮਾਜ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਲੋਕ ਅਕਸਰ ਉਨ੍ਹਾਂ ਦੇ ਵਿਵਹਾਰ ਦੇ ਦੂਜਿਆਂ ਦੇ ਮਨਾਂ 'ਤੇ ਪੈਣ ਵਾਲੇ ਅਸਰ ਨੂੰ ਨਜ਼ਰਅੰਦਾਜ਼ ਕਰਦੇ ਹਨ। ਕਈ ਵਿਅਕਤੀ ਆਪਣੀਆਂ ਹੰਕਾਰੀ ਟਿੱਪਣੀਆਂ ਨੂੰ ਜਨਤਕ ਤੌਰ 'ਤੇ ਸਾਂਝਾ ਕਰਨ ਤੋਂ ਪਹਿਲਾਂ ਸੋਚਦੇ ਵੀ ਨਹੀਂ। ਨਫ਼ਰਤ ਭਰੀਆਂ ਟਿੱਪਣੀਆਂ ਨਾ ਸਿਰਫ਼ ਉਨ੍ਹਾਂ ਦੇ ਚਰਿੱਤਰ ਨੂੰ ਪ੍ਰਭਾਵਿਤ ਕਰਦੀਆਂ ਹਨ, ਸਗੋਂ ਸਮਾਜ 'ਚ ਨਕਾਰਾਤਮਕਤਾ ਨੂੰ ਵੀ ਉਤਸ਼ਾਹਤ ਕਰਦੀਆਂ ਹਨ। ਸੋਸ਼ਲ ਮੀਡੀਆ 'ਤੇ ਸੱਭਿਅਕ ਤੇ ਸਮਝਦਾਰ ਰਹਿਣਾ ਜ਼ਰੂਰੀ ਹੈ ਅਤੇ ਇਹ ਪਲੇਟਫਾਰਮ ਯਕੀਨੀ ਤੌਰ 'ਤੇ ਸਾਨੂੰ ਵੱਖ-ਵੱਖ ਵਿਚਾਰਧਾਰਾਵਾਂ ਨਾਲ ਸਮਝੌਤਾ ਕਰਦੇ ਹੋਏ ਸਹਿਮਤੀ ਨਾਲ ਰਹਿਣ ਦਾ ਮੌਕਾ ਪ੍ਰਦਾਨ ਕਰਦਾ ਹੈ। ਪਰ ਜੇ ਅਸੀਂ ਆਪਣੀਆਂ ਨਫ਼ਰਤ ਭਰੀਆਂ ਟਿੱਪਣੀਆਂ ਸਾਂਝੀਆਂ ਕਰਦੇ ਹਾਂ ਤਾਂ ਇਸ ਨਾਲ ਸਮਾਜਿਕ ਸਹਿਯੋਗ ਅਤੇ ਸਮਰਥਨ ਘੱਟ ਹੋ ਸਕਦਾ ਹੈ।

ਸੋਸ਼ਲ ਮੀਡੀਆ 'ਤੇ ਸਾਨੂੰ ਆਪਣੇ ਵਿਚਾਰਾਂ ਨੂੰ ਜਨਤਕ ਤੌਰ 'ਤੇ ਸਾਂਝਾ ਕਰਦੇ ਸਮੇਂ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਦੂਜਿਆਂ ਦੇ ਵਿਚਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਾਨੂੰ ਸੋਸ਼ਲ ਮੀਡੀਆ 'ਤੇ ਪ੍ਰੇਰਣਾ ਤੇ ਸੰਵਾਦ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਸਾਨੂੰ ਚੰਗੀਆਂ ਮਿਸਾਲਾਂ ਕਾਇਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਜੋ ਦੂਜੇ ਸਾਡੇ ਵਾਂਗ ਸਮਾਜ ਨੂੰ ਪ੍ਰੇਰਿਤ ਕਰ ਸਕਣ। ਹੰਕਾਰ ਭਾਵੇਂ ਰਾਜਨੀਤੀ ਦੇ ਖੇਤਰ 'ਚ ਹੋਵੇ ਜਾਂ ਸਮਾਜਿਕ ਮਾਹੌਲ 'ਚ, ਵਿਅਕਤੀ ਅਤੇ ਸਮਾਜ ਲਈ ਨੁਕਸਾਨਦਾਇਕ ਹੀ ਹੈ।

ਸਾਡੇ ਸੁਭਾਅ ਦਾ ਬਹੁਤ ਮਹੱਤਵ ਹੁੰਦਾ ਹੈ। ਇਕ ਪ੍ਰਭਾਵਸ਼ਾਲੀ, ਸਕਾਰਾਤਮਕ ਸੁਭਾਅ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਸਕਦਾ ਹੈ ਅਤੇ ਜੀਵਨ ਦੇ ਖੇਤਰ 'ਚ ਸਾਡੀ ਮਦਦ ਕਰ ਸਕਦਾ ਹੈ। ਸੋਸ਼ਲ ਮੀਡੀਆ ਅੱਜਕੱਲ੍ਹ ਹਰੇਕ ਦੇ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਦੀ ਵਰਤੋਂ ਪਿਆਰ, ਸਹਿਯੋਗ ਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਰੱਖਣ ਲਈ ਕੀਤੀ ਜਾਵੇ। ਇਸ ਲਈ ਸਾਨੂੰ ਇਸ 'ਤੇ ਕਿਸੇ ਵੀ ਕਿਸਮ ਦੀ ਟਿੱਪਣੀ ਕਰਦੇ ਸਮੇਂ ਬਹੁਤ ਸੋਚ ਵਿਚਾਰ ਕਰਨਾ ਚਾਹੀਦਾ ਹੈ।

-ਮੁਨੀਸ਼ ਭਾਟੀਆ
ਮੁਹਾਲੀ, 94164-57695



# ਅਮਰੀਕਾ ਦੇ ਸਮੁੰਦਰ ਵਿਚ ਡੁੱਬਿਆ ਸਿੱਖ ਫ਼ੌਜੀ

## ਇਕ ਹਫ਼ਤੇ ਬਾਅਦ ਵੀ ਨਹੀਂ ਮਿਲੀ ਅਮਨਪ੍ਰੀਤ ਸਿੰਘ ਦੀ ਦੇਹ

ਮੌਂਟਰੇ ਕਾਊਂਟੀ, 29 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੀ ਫੌਜ ਵਿਚ ਬਤੌਰ ਸਪੈਸ਼ਲਿਸਟ ਸੇਵਾਵਾਂ ਨਿਭਾਅ ਰਹੇ 35 ਸਾਲਾ ਅਮਨਪ੍ਰੀਤ ਸਿੰਘ ਥਿੰਦ ਦੀ ਸਮੁੰਦਰ ਵਿਚ ਡੁੱਬਣ ਕਾਰਨ ਮੌਤ ਹੋ ਗਈ ਪਰ ਹੁਣ ਤੱਕ ਦੇਹ ਬਰਾਮਦ ਨਹੀਂ ਕੀਤੀ ਜਾ ਸਕੀ। ਮੀਡੀਆ ਰਿਪੋਰਟ ਮੁਤਾਬਕ ਕੈਲੇਫੋਰਨੀਆ ਦੀ ਮੌਂਟਰੇ ਕਾਊਂਟੀ ਵਿਚ ਪੈਂਦੇ ਬਿਗ ਸੁਰ ਇਲਾਕੇ ਵਿਚ ਅਮਨਪ੍ਰੀਤ ਸਿੰਘ ਥਿੰਦ ਆਪਣੇ ਸਾਥੀਆਂ ਨਾਲ ਸਮੁੰਦਰੀ ਕੰਢੇ ‘ਤੇ ਮੌਜੂਦ ਸੀ ਜਦੋਂ ਤੇਜ਼ ਛੱਲਾਂ ਤਿੰਨ ਜਣਿਆਂ ਨੂੰ ਰੋੜ੍ਹ ਕੇ ਲੈ ਗਈਆਂ। ਅਮਨਪ੍ਰੀਤ ਨਾਲ ਸਮੁੰਦਰ ਵਿਚ ਰੁੜ੍ਹੇ ਦੋ ਫ਼ੌਜੀ ਬਾਹਰ ਨਿਕਲਣ ਵਿਚ ਸਫ਼ਲ ਰਹੇ ਪਰ ਬਦਕਿਸਮਤੀ ਨਾਲ ਉਹ ਬਾਹਰ ਨਾ ਆ ਸਕਿਆ। ਤਕਰੀਬਨ ਇਕ ਹਫ਼ਤਾ ਪਹਿਲਾਂ ਵਾਪਰੀ ਘਟਨਾ ਮਗਰੋਂ ਰਾਹਤ ਟੀਮਾਂ ਲਗਾਤਾਰ ਅਮਨਪ੍ਰੀਤ ਸਿੰਘ ਦੀ ਭਾਲ ਕਰ ਰਹੀਆਂ ਹਨ ਅਤੇ ਹੁਣ ਤੱਕ ਸਫ਼ਲਤਾ ਨਹੀਂ ਮਿਲ ਸਕੀ। ਟ੍ਰੈਂਟਨ, ਨਿਊ ਜਰਸੀ ਦੇ ਗਗਨ ਥਿੰਦ ਵੱਲੋਂ ਗੋਫੰਡਮੀ ਪੇਜ ਰਾਹੀਂ ਆਰਥਿਕ ਸਹਾਇਤਾ ਦੀ ਮੰਗ ਕੀਤੀ ਗਈ ਹੈ ਤਾਂਕਿ ਡੂੰਘੇ ਸਮੁੰਦਰ ਵਿਚ ਅਮਨਪ੍ਰੀਤ ਸਿੰਘ ਦੀ ਭਾਲ ਕੀਤੀ ਜਾ ਸਕੇ। ਗਗਨ ਥਿੰਦ ਵੱਲੋਂ ਏਂਜਲ ਰਿਕਵਰੀ ਡਾਈਵ ਟੀਮ, ਮੌਂਟਰੇ ਕਾਊਂਟੀ ਦੇ ਸ਼ੈਰਿਫ਼ ਦਫ਼ਤਰ, ਕੈਲੇਫੋਰਨੀਆ ਫਾਇਰ, ਕੈਲੇਫੋਰਨੀਆ ਸਟੇਟ ਪਾਰਕਸ ਪੁਲਿਸ ਅਤੇ ਹੋਰਨਾਂ ਰਾਹਤ ਟੀਮਾਂ ਦਾ ਸ਼ੁਕਰੀਆ ਅਦਾ ਕੀਤਾ ਗਿਆ ਹੈ ਜਿਨ੍ਹਾਂ ਵੱਲੋਂ ਅਮਨਪ੍ਰੀਤ ਸਿੰਘ ਦੇ ਭਾਲ ਵਿਚ ਯੋਗਦਾਨ ਪਾਇਆ ਜਾ ਰਿਹਾ ਹੈ।



ਗਗਨ ਨੇ ਅੱਗੇ ਕਿਹਾ ਕਿ ਉਨ੍ਹਾਂ ਦਾ ਪਰਵਾਰ ਡੂੰਘੇ ਸਦਮੇ ਵਿਚ ਹੈ ਅਤੇ ਅਮਨਪ੍ਰੀਤ ਸਿੰਘ ਨੂੰ ਘਰ ਵਾਪਸ ਲਿਆਉਣ ਤੱਕ ਹਰ ਸੰਭਵ ਯਤਨ ਜਾਰੀ ਰੱਖਿਆ ਜਾਵੇਗਾ। ਆਪਣੇ ਪਰਵਾਰ, ਦੋਸਤਾਂ ਅਤੇ ਸਾਥੀ ਫੌਜੀਆਂ ਵਿਚ ਅਮਨਪ੍ਰੀਤ ਸਿੰਘ ਨੂੰ ਵੱਡਾ ਸਤਿਕਾਰ ਹਾਸਲ ਸੀ ਅਤੇ ਉਸ ਦੇ ਲਾਪਤਾ ਹੋਣ ਮਗਰੋਂ ਦਿਲ ਵਿਚ ਡੂੰਘਾ ਦਰਦ ਮਹਿਸੂਸ ਹੋ ਰਿਹਾ ਹੈ। ਦੂਜੇ ਪਾਸੇ ਮੌਂਟਰੇ ਕਾਊਂਟੀ ਸ਼ੈਰਿਫ਼ ਦਫ਼ਤਰ ਦੇ ਬੁਲਾਰੇ ਐਂਡੀ ਰੋਜ਼ਾਜ਼ ਨੇ ਦੱਸਿਆ ਕਿ ਡਰੋਨ ਅਤੇ ਹੈਲੀਕਾਪਟਰ ਟੀਮਾਂ ਸਰਚ ਅਪ੍ਰੇਸ਼ਨ ਵਿਚ ਲਗਾਤਾਰ ਯੋਗਦਾਨ ਪਾ ਰਹੀਆਂ ਹਨ। ਅਮਨਪ੍ਰੀਤ ਸਿੰਘ ਦੇ ਮਾਮਲੇ ਵਿਚ ਅਮਰੀਕਾ ਦੀ ਫੌਜ ਵੱਲੋਂ ਖਾਸ ਪ੍ਰੋਟੋਕੋਲ ਲਾਗੂ ਕਰਦਿਆਂ ਸਰਚ ਅਪ੍ਰੇਸ਼ਨ ਦੀ ਮੁਕੰਮਲ ਜਾਣਕਾਰੀ ਪਰਵਾਰਕ ਮੈਂਬਰਾਂ ਤੱਕ ਪੁੱਜਦੀ ਕਰਨ ਦੇ ਹੁਕਮ ਦਿਤੇ ਗਏ ਹਨ। ਇਯੇ ਦੌਰਾਨ ਕੋਸਟ ਗਾਰਡਜ਼ ਵੱਲੋਂ ਲੋਕਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਸਮੁੰਦਰੀ ਛੱਲਾਂ ਉਚੀਆਂ ਹੋਣ ਦੌਰਾਨ ਪਾਣੀ ਵੱਲ ਜਾਣ ਤੋਂ ਗੁਰੇਜ਼ ਕੀਤਾ ਜਾਵੇ। ਕੋਸਟ ਗਾਰਡਜ਼ ਦੇ ਚੀਫ਼ ਵਾਰੰਟ ਔਫ਼ੀਸਰ ਲੀਓ ਜ਼ਪਾਵਾ ਦਾ ਕਹਿਣਾ ਸੀ ਕਿ ਉਚੀਆਂ ਛੱਲਾਂ ਵਿਚ ਪਾਣੀ ਦਾ ਜ਼ੋਰ ਐਨਾ ਜ਼ਿਆਦਾ ਹੁੰਦਾ ਹੈ ਕਿ ਕੋਈ ਮਨੁੱਖ ਇਨ੍ਹਾਂ ਦਾ ਟਾਕਰਾ ਨਹੀਂ ਕਰ ਸਕਦਾ ਅਤੇ ਇਕ ਵਾਰ ਸਮੁੰਦਰ ਵੱਲ ਰੁੜ੍ਹਨ ਮਗਰੋਂ ਵਾਪਸੀ ਕਰਨ ਬੇਹੱਦ ਮੁਸ਼ਕਲ ਹੋ ਜਾਂਦੀ ਹੈ। ਇਸੇ ਦੌਰਾਨ ਇਲਾਕੇ ਵਿਚ ਸੈਰ ਸਪਾਟਾ ਕਰਨ ਪੁੱਜੇ ਇਕ ਸ਼ਖਸ ਨੇ ਕਿਹਾ ਕਿ ਸਮੁੰਦਰ ਸ਼ਾਂਤ ਹੋਵੇ ਤਾਂ ਡੂੰਘੇ ਪਾਣੀ ਵੱਲ ਜਾਣ ਦਾ ਜ਼ਿਆਦਾ ਖਤਰਾ ਨਹੀਂ ਹੁੰਦਾ ਪਰ ਸੀਅ ਡਾਈਵਿੰਗ ਦੇ ਹਰ ਸ਼ੌਕੀਨ ਨੂੰ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ।

# ਰੋਜ਼ਗਾਰ ਬੀਮਾ ਲੈਣ ਦੀਆਂ ਸ਼ਰਤਾਂ ਅਤੇ ਤਨਖ਼ਾਹ



ਚਰਨ ਸਿੰਘ ਰਾਏ
MA,CAIB
416-400-9997

ਓਨਟਾਰੀਓ ਵਿਚ ਕੰਮ ਕਰਨ ਵਾਲਿਆਂ ਦੀ ਇਕ ਅਕਤੂਬਰ 2023 ਤੋ ਘੱਟੋ-ਘੱਟ ਉਜਰਤ 16.55 ਡਾਲਰ ਕਰ ਦਿੱਤੀ ਗਈ ਹੈ।

ਤਿੰਨ ਘੰਟੇ ਦਾ ਕਨੂੰਨ-ਜਿਹੜੇ ਸ਼ਿਫ਼ਟ ਵਰਕ ਕਰਦੇ ਹਨ ਜੇ ਉਹਨਾਂ ਦੀ ਸ਼ਿਫ਼ਟ ਤਿੰਨ ਘੰਟੇ ਤੋ ਵੱਧ ਦੀ ਹੈ ਅਤੇ ਉਹਨਾਂ ਨੂੰ ਕੰਮ ਸ਼ੁਰੂ ਕਰਨ ਤੇ ਤਿੰਨ ਘੰਟੇ ਤੋ ਪਹਿਲਾਂ ਘਰ ਭੇਜ ਦਿੱਤਾ ਜਾਂਦਾ ਹੈ ਤਾਂ ਉਹ ਤਿੰਨ ਘੰਟੇ ਦੀ ਤਨਖ਼ਾਹ ਦੇ ਹੱਕਦਾਰ ਹਨ।

ਰੋਜ਼ਗਾਰ-ਬੀਮਾ ਜਾਂ ਲੇ-ਆਫ਼ ਅਧੀਨ ਮਿਲਣ ਵਾਲੀਆਂ ਸਹੂਲਤਾਂ

ਰੋਜ਼ਗਾਰ-ਬੀਮਾ ਅਧੀਨ ਮਿਲਣ ਵਾਲੀਆਂ ਰੈਗੂਲਰ ਸਹੂਲਤਾਂ ਉਨ੍ਹਾਂ ਕਾਮਿਆਂ ਨੂੰ ਮਿਲਦੀਆਂ ਹਨ ਜਿਨ੍ਹਾਂ ਦੀ ਨੌਕਰੀ ਉਹਨਾਂ ਦੇ ਕਸੂਰ ਤੋ ਬਿਨਾਂ ਖੁੱਸ ਜਾਂਦੀ ਹੈ।ਇਹ ਲਾਭ ਉਨ੍ਹਾਂ ਨੂੰ ਨਹੀਂ ਮਿਲਦੇ ਜਿਨ੍ਹਾਂ ਨੇ ਨੌਕਰੀ ਆਪ ਛੱਡੀ ਹੋਵੇ,ਗ਼ਲਤ ਵਿਵਹਾਰ ਕਰਕੇ ਨੌਕਰੀ ਤੋ ਕੱਢਿਆ ਹੋਵੇ ਜਾਂ ਹੜਤਾਲ ਜਾਂ ਲਾਕ ਆਊਟ ਵਿਚ ਹਿੱਸਾ ਲਿਆ ਹੋਵੇ।ਪਰ ਜੇ ਨੌਕਰੀ ਛੱਡਣ ਦਾ ਕਾਰਨ ਜਾਇਜ਼ ਹੋਵੇ ਤਾਂ ਇਹ ਲਾਭ ਲਏ ਵੀ ਜਾ ਸਕਦੇ ਹਨ।

ਇਹ ਲਾਭ ਲੈਣ ਵਾਸਤੇ ਘੱਟੋ-ਘੱਟ 420 ਤੋ 700 ਘੰਟੇ ਪਿਛਲੇ ਸਾਲ ਕੰਮ ਕੀਤਾ ਹੋਵੇ ਅਤੇ ਤਨਖ਼ਾਹ ਵਿਚੋ ਈ ਆਈ ਦਾ ਪ੍ਰੀਮੀਅਮ ਕੱਟਿਆਂ ਜਾਂਦਾ ਹੋਵੇ ਤਾਂ ਇਹ ਲਾਭ ਮਿਲ ਸਕਦਾ ਹੈ ।ਇਹ ਘੰਟੇ ਤੁਹਾਡੇ ਇਲਾਕੇ ਦੇ ਬੇਰੁਜ਼ਗਾਰੀ ਦੇ ਰੇਟ ਦੇ ਹਿਸਾਬ ਨਾਲ ਵੱਧ ਘੱਟ ਹੋ ਸਕਦੇ ਹਨ

ਇਹ ਲਾਭ ਸਾਡੀ ਹਫ਼ਤੇ ਦੀ ਤਨਖ਼ਾਹ ਦਾ 55% ਹੁੰਦਾ ਹੈ ਅਤੇ ਇਹ ਵੱਧ ਤੋ ਵੱਧ 650 ਡਾਲਰ ਪ੍ਰਤੀ ਹਫ਼ਤਾ ਹੁੰਦਾ ਹੈ।ਪਰ ਜੇ ਅਸੀਂ ਘੱਟ ਆਮਦਨ ਵਾਲੇ ਗਰੁੱਪ ਵਿਚ ਆਉਂਦੇ ਹਾਂ ਤਾਂ ਇਹ ਰਕਮ ਵੱਧ ਵੀ ਮਿਲ ਸਕਦੀ ਹੈ।

ਇਹ ਲਾਭ ਕਿੰਨੇ ਸਮੇਂ ਵਾਸਤੇ ਮਿਲੇਗਾ ਇਹ ਇਸੇ ਨਿਰਭਰ ਕਰਦਾ ਹੈ ਕਿ ਪਿਛਲੇ ਸਾਲ ਅਸੀਂ ਕਿੰਨੇ ਘੰਟੇ ਕੰਮ ਕੀਤਾ ਹੈ ਅਤੇ ਇਹ 14 ਤੋ 45 ਹਫ਼ਤਿਆਂ ਦੇ ਵਿਚ -ਵਿਚ ਮਿਲ ਸਕਦਾ ਹੈ।

ਹੋਰ ਸਪੈਸ਼ਲ ਸਹੂਲਤਾਂ ਜਾਂ ਲਾਭ ਵੀ ਮਿਲਦੇ ਹਨ ਪਰ ਇਹ ਲਾਭ ਲੈਣ ਵਾਸਤੇ ਸ਼ਰਤ ਇਹ ਹੈ ਕਿ ਤੁਸੀਂ ਪਿਛਲੇ ਸਾਲ ਘੱਟੋ-ਘੱਟ 600 ਘੰਟੇ ਤੱਕ ਕੰਮ ਕੀਤਾ ਹੈ। ਜਿਵੇਂ

1.ਮੇਟਰਨਿਟੀ ਅਤੇ ਪੇਰੈਂਟਲ ਛੁੱਟੀ ਦੀ ਸਹੂਲਤ: ਬੱਚੇ ਦੇ ਜਨਮ ਸਮੇਂ 15 ਹਫ਼ਤੇ ਦੀ ਛੁੱਟੀ ਬੱਚੇ ਦੀ ਮਾਤਾ ਨੂੰ ਮਿਲਦੀ ਹੈ ਅਤੇ ਇਸ ਤੋ ਇਲਾਵਾ ਨਵੇਂ ਜਨਮੇ ਬੱਚੇ ਦੀ ਮਾਤਾ ਜਾਂ ਪਿਤਾ ਨੂੰ ਉਸ ਬੱਚੇ ਦੀ ਦੇਖਭਾਲ ਕਰਨ ਵਾਸਤੇ ਹੋਰ ਛੁੱਟੀ ਦੀ ਸਹੂਲਤ ਮਿਲਦੀ ਹੈ ਜੋ ਕਿ 40 ਹਫ਼ਤੇ ਤੱਕ ਹੁੰਦੀ ਹੈ।ਹੁਣ ਬੱਚੇ ਦੇ ਮਾਤਾ ਪਿਤਾ ਇਹ ਛੁੱਟੀ 40 ਹਫ਼ਤੇ ਦੀ ਜਗਾ ਤੇ 69 ਹਫ਼ਤੇ ਤੱਕ ਲੈ ਸਕਦੇ ਹਨ,ਪਰ ਪੈਸੇ ਓਨੇ ਹੀ ਮਿਲਣੇ ਹਨ ਜਿੰਨੇ ਪਹਿਲਾਂ 40 ਹਫ਼ਤਿਆਂ ਵਿਚ ਮਿਲਣੇ ਸੀਗੇ ਭਾਵ ਜੇ 40 ਹਫ਼ਤੇ ਵਾਸਤੇ 650 ਡਾਲਰ ਤੱਕ ਮਿਲਣੇ ਸੀ ਹੁਣ 69 ਹਫ਼ਤਿਆਂ ਵਾਸਤੇ 390 ਡਾਲਰ ਤੱਕ ਹਫ਼ਤੇ ਦੇ ਮਿਲਣਗੇ।

2.ਬਿਮਾਰੀ ਦੀ ਛੁੱਟੀ ਵੀ 15 ਹਫ਼ਤੇ ਤੱਕ ਮਿਲ ਸਕਦੀ ਹੈ ਜੇ ਤੁਸੀਂ ਬਹੁਤ ਹੀ ਗੰਭੀਰ ਬਿਮਾਰ ਹੋ ਤਾਂ ਜਾਂ ਬਹੁਤ ਵੱਡੀ ਸੱਟ-ਫੇਟ ਲੱਗ ਗਈ ਹੈ।

3.ਕੰਪਸ਼ਨੇਟ ਕੇਅਰ ਲਾਭ:ਜੇ ਤੁਹਾਡਾ ਕੋਈ ਪਰਿਵਾਰਿਕ ਮੈਂਬਰ ਬਹੁਤ ਹੀ ਭਿਆਨਕ ਬਿਮਾਰ ਹੈ ਅਤੇ ਮੌਤ ਕਿਨਾਰੇ ਹੈ ਤਾਂ ਉਸ ਦੀ ਦੇਖ-ਭਾਲ ਕਰਨ ਵਾਸਤੇ ਵੀ ਇਹ ਲਾਭ 26 ਹਫ਼ਤਿਆਂ ਤੱਕ ਮਿਲ ਸਕਦਾ ਹੈ। ਪਰ ਹੁਣ ਨਵੇਂ ਕਨੂੰਨ ਅਨੁਸਾਰ ਗੰਭੀਰ ਰੂਪ ਵਿਚ ਬਿਮਾਰ 18 ਸਾਲ ਤੋ ਘੱਟ ਬੱਚੇ ਦੀ ਦੇਖਭਾਲ ਕਰਨ ਵਾਸਤੇ 35 ਹਫ਼ਤਿਆਂ ਤੱਕ ਇਹ ਲਾਭ ਮਿਲ ਸਕਦਾ ਹੈ ਅਤੇ 18 ਸਾਲ ਤੋ ਵੱਧ ਬੱਚੇ ਦੀ ਦੇਖਭਾਲ ਕਰਨ ਵਾਸਤੇ 15 ਹਫ਼ਤਿਆਂ ਤੱਕ ਇਹ ਲਾਭ ਮਿਲ ਸਕਦਾ ਹੈ

4.ਆਪਣਾ ਕੰਮ ਕਰਨ ਵਾਲੇ ( ਸੈੱਲਫ਼ ਇੰਪਲਾਇਡ)ਵੀ 31 ਜਨਵਰੀ 2010 ਤੋ ਬਾਅਦ ਇਹ ਸਪੈਸ਼ਲ ਸਹੂਲਤਾਂ ਜਿਵੇਂ ਮੈਟਰਨਿਟੀ ਅਤੇ ਪੇਰੈਂਟਲ ਲੀਵ,ਬਿਮਾਰੀ ਜਾਂ ਕੰਪਸ਼ਨੇਟ ਕੇਅਰ ਦੀ ਛੁੱਟੀ ਲੈਣ ਦੇ ਕਾਬਲ ਹੋ ਗਏ ਹਨ ਜੇ ਉਹ ਇਹ ਬੈਨੀਫਿਟ ਲੈਣ ਵਾਸਤੇ ਰਜਿਸਟਰਡ ਹਨ ਅਤੇ ਯੋਗ ਹਨ। ਪਰ ਉਹਨਾਂ ਨੂੰ ਰੈਗੂਲਰ ਲਾਭ ਨਹੀਂ ਮਿਲ ਸਕਦੇ ।ਜੇ ਉਹ ਈ ਆਈ ਦੀ ਪੇਮੈਂਟ ਕਰਦੇ ਹਨ ਉਹਨਾਂ ਦੀ ਆਮਦਨ 40% ਘੱਟ ਗਈ ਹੈ ।ਹਰ ਇਕ ਕਿੱਤੇ ਵਾਲਿਆਂ ਵਾਸਤੇ ਵੱਖੋ-ਵੱਖ ਸ਼ਰਤਾਂ ਹਨ।

ਹੋਰ ਧਿਆਨ ਰੱਖਣ ਯੋਗ ਗੱਲਾਂ:

1 - ਇਹ ਸਾਰੇ ਲਾਭਾਂ ਦੀ ਰਕਮ ਤੇ ਟੈਕਸ ਲਗਦਾ ਹੈ।ਹਰ ਲਾਭ ਵਾਸਤੇ 2 ਹਫ਼ਤਿਆਂ ਦਾ ਉਡੀਕ ਸਮਾਂ ਹੁੰਦਾ ਹੈ ।

2;ਇਹ ਸਾਰੇ ਸਪੈਸ਼ਲ ਲਾਭ ਇਕੱਠੇ ਵੀ ਲਏ ਜਾ ਸਕਦੇ ਹਨ ਜੋਕਿ 102 ਹਫ਼ਤਿਆਂ ਵਾਸਤੇ ਹੋ ਸਕਦੇ ਹਨ ।

3.ਰੈਗੂਲਰ ਲਾਭ ਲੈਣ ਸਮੇਂ ਅਸੀਂ ਕੈਨੇਡਾ ਤੋ ਬਾਹਰ ਇਹ ਲਾਭ ਨਹੀਂ ਲੈ ਸਕਦੇ ਪਰ ਕੁਝ ਖ਼ਾਸ ਹਾਲਤਾਂ ਵਿਚ 7 ਤੋ 14 ਦਿਨ ਤੱਕ ਬਾਹਰ ਜਾ ਵੀ ਸਕਦੇ ਹਾਂ ਪਰ ਮੈਟਰਨਿਟੀ ਜਾਂ ਪੇਰੈਂਟਲ ਛੁੱਟੀ ਸਮੇਂ ਕੈਨੇਡਾ ਤੋ ਬਾਹਰ ਵੀ ਇਹ ਲਾਭ ਲੈ ਸਕਦੇ ਹਾਂ।

4.ਸਰਕਾਰ ਇਹ ਸੂਚਨਾ ਕੈਨੇਡਾ ਬਾਰਡਰ ਸਰਵਿਸ ਏਜੰਸੀ ਤੋ ਲੈ ਸਕਦੀ ਹੈ ਕਿ ਤੁਸੀਂ ਕਿੰਨੇ ਦਿਨ ਕੈਨੇਡਾ ਤੋ ਬਾਹਰ ਗਏ। ਪਤਾ ਲੱਗਣ ਤੇ ਤਿੰਨ ਗੁਣਾ ਜੁਰਮਾਨਾ ਹੁੰਦਾ ਹੈ ਅਤੇ ਅੱਗੇ ਵਾਸਤੇ ਆਮ ਨਾਲੋ ਵੱਧ ਘੰਟੇ ਕੰਮ ਕਰਕੇ ਹੀ ਇਹ ਲਾਭ ਲਿਆ ਜਾ ਸਕਦਾ ਹੈ ।

5.ਗ਼ਲਤ ਜਾਣਕਾਰੀ ਦੇਣ ਤੇ ਜਾਂ ਮਹੱਤਵਪੂਰਨ ਸੂਚਨਾ ਨਾ ਦੱਸਣ ਤੇ ਸਜਾ ਮਿਲਦੀ ਹੈ,ਪੈਨਲਟੀ ਲਗਦੀ ਹੈ ਅਤੇ ਲਾਭ ਮਿਲਣੇ ਬੰਦ ਹੋ ਜਾਂਦੇ ਹਨ।

ਇਹ ਲੇਖ ਸਿਰਫ਼ ਆਮ ਜਾਣਕਾਰੀ ਵਾਸਤੇ ਲਿਖਿਆ ਗਿਆ ਹੈ।ਜੇ ਤੁਹਾਡੇ ਕੋਲ 2 ਕਾਰਾਂ ਅਤੇ 7-8 ਲੱਖ ਤੋ ਉਪਰ ਘਰ ਹੈ ਤਾਂ ਤੁਹਾਨੂੰ ਬਹੁਤ ਵਧੀਆ ਰੇਟ ਮਿਲ ਸਕਦੇ ਹਨ।ਜੇ ਹਾਈ ਰਿਸਕ ਡਰਾਈਵਰ ਬਣ ਗਏ ਹੋ,ਇੰਸ਼ੋਰੈਂਸ ਬਹੁਤ ਮਹਿੰਗੀ ਮਿਲ ਰਹੀ ਹੈ ਜਾਂ ਨਵੇਂ ਡਰਾਈਵਰਾਂ ਦੀ ਇੰਸ਼ੋਰੈਂਸ ਇਕ ਸਾਲ ਪੂਰਾ ਹੋਣ ਤੇ ਵੀ ਨਹੀਂ ਘਟੀ ਜਾਂ ਘਰ 8-9 ਵਿਅਕਤੀਆਂ ਨੂੰ ਕਿਰਾਏ ਤੇ ਦਿੱਤਾ ਹੋਇਆ ਹੈ ਤਾਂ ਤੁਸੀਂ ਮੈਨੂੰ 416-400-9997 ਤੇ ਕਾਲ ਕਰ ਸਕਦੇ ਹੋ।

# ਯੂ.ਕੇ. ’ਚ ਜਲਦ ਕਾਬੂ ਆ ਸਕਦੈ ਰੁਪਿੰਦਰ ਕੌਰ ਪੰਧੇਰ ਦਾ ਕਾਤਲ

## ਚਰਨਜੀਤ ਸਿੰਘ ਨੂੰ ਘੇਰਨ ਦੀ ਰਣਨੀਤੀ ਤਿਆਰ

ਲੁਧਿਆਣਾ, 29 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਪਿਆਰ ਦੀ ਭਾਲ ਵਿਚ ਅਮਰੀਕਾ ਤੋਂ ਪੰਜਾਬ ਆਈ 71 ਸਾਲਾ ਰੁਪਿੰਦਰ ਕੌਰ ਪੰਧੇਰ ਦੇ ਕਥਿਤ ਕਾਤਲ ਚਰਨਜੀਤ ਸਿੰਘ ਨੂੰ ਯੂ.ਕੇ. ਵਿਚ ਗ੍ਰਿਫ਼ਤਾਰ ਕਰਵਾਉਣ ਦੀ ਤਿਆਰੀ ਹੋ ਚੁੱਕੀ ਹੈ। ਚਰਨਜੀਤ ਸਿੰਘ ਅਤੇ ਰੁਪਿੰਦਰ ਕੌਰ ਦੀ ਮੁਲਾਕਾਤ ਇਕ ਮੈਟਰੀਮੌਨੀਅਲ ਵੈਬਸਾਈਟ ਰਾਹੀਂ ਹੋਈ ਅਤੇ ਵਿਆਹ ਦਾ ਲਾਰਾ ਲਾ ਕੇ ਚਰਨਜੀਤ ਸਿੰਘ ਨੇ 35 ਲੱਖ ਰੁਪਏ ਠੱਗ ਲਏ ਪਰ ਬਾਅਦ ਵਿਚ ਵਿਆਹ ਕਰਵਾਉਣ ਤੋਂ ਹੀ ਮੁਕਰ ਗਿਆ। ਚਰਨਜੀਤ ਸਿੰਘ ਨੇ ਰੁਪਿੰਦਰ ਕੌਰ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਘੜ ਲਈ ਅਤੇ ਇਸੇ ਯੋਜਨਾ ਤਹਿਤ ਲੁਧਿਆਣਾ ਸੱਦਿਆ।

ਰੁਪਿੰਦਰ ਕੌਰ ਦੇ ਕਤਲ ਅਤੇ ਲਾਸ਼ ਖੁਰਦ ਬੁਰਦ ਕਰਨ ਦੀ ਜ਼ਿੰਮੇਵਾਰੀ ਸੁਖਜੀਤ ਨੂੰ ਸੌਂਪੀ ਗਈ। ਪੁਲਿਸ ਮੁਤਾਬਕ ਰੁਪਿੰਦਰ ਕੌਰ ਕੋਲ ਪੈਸੇ ਦੀ ਕੋਈ ਕਮੀ ਨਹੀਂ ਅਤੇ ਚਰਨਜੀਤ ਸਿੰਘ ਨਾਲ ਇਕ ਸਾਲ ਤੱਕ ਅਫੇਅਰ ਚਲਦਾ ਰਿਹਾ। ਚਰਨਜੀਤ ਵਿਆਹ ਤੋਂ ਮੁਕਰਿਆ ਤਾਂ ਰੁਪਿੰਦਰ ਕੌਰ ਨੇ ਬਲਾਤਕਾਰ ਦੇ ਮਾਮਲੇ ਵਿਚ ਫਸਾਉਣ ਦਾ ਡਰਾਵਾ ਦਿਤਾ। ਦੂਜੇ ਪਾਸੇ ਕਿਲਾ ਰਾਏਪੁਰ ਕੋਰਟ ਦੇ ਟਾਈਪਿਸਟ ਸੁਖਜੀਤ ਸਿੰਘ ਜਿਸ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਦੇ ਭਰਾ ਮਨਵੀਰ ਉਰਫ਼ ਭਲਵਾਨ ਦੀ ਭਾਲ ਵਿਚ ਪੁਲਿਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ। ਪੁਲਿਸ ਵੱਲੋਂ ਉਨ੍ਹਾਂ ਕਬੱਡੀ ਮੈਚਾਂ ਦੀ ਪੜਤਾਲ ਵੀ ਕੀਤੀ ਜਾਵੇਗੀ ਜਿਥੇ ਮਨਵੀਰ ਦੇ ਖੇਡਣ ਦਾ ਸ਼ੱਕ ਹੋਵੇ। ਹਾਲ ਹੀ ਵਿਚ ਪੁਲਿਸ ਦੇ ਹੱਥ ਕੁਝ ਵੀਡੀਓ ਕਲਿੱਪ ਲੱਗੇ ਜਿਨ੍ਹਾਂ ਰਾਹੀਂ ਮਨਵੀਰ



ਦੀ ਲੋਕੇਸ਼ਨ ਟ੍ਰੇਸ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਥੇ ਦਸਣਾ ਬਣਦਾ ਹੈ ਕਿ ਕਿਲਾ ਰਾਏਪੁਰ ਦੇ ਇਕ ਘਰ ਵਿਚ ਰੁਪਿੰਦਰ ਕੌਰ ਦਾ ਕਤਲ ਕਰ ਕੇ ਲਾਸ਼ ਕੋਲਿਆਂ ਨਾਲ ਸਾੜ ਦਿਤੀ ਗਈ ਅਤੇ ਦੋ ਮਹੀਨੇ ਤੱਕ ਰੁਪਿੰਦਰ ਕੌਰ ਦੀ ਕਿਸੇ ਨੂੰ ਕੋਈ ਉਘ ਸੁੱਘ ਨਾ ਮਿਲੀ।

ਮੰਨਿਆ ਜਾ ਰਿਹਾ ਹੈ ਸੁਖਜੀਤ ਸਿੰਘ ਸੋਨੂੰ ਕਿਸੇ ਵੀ ਵੇਲੇ ਆਪਣੇ ਬਿਆਨਾਂ ਤੋਂ ਮੁਕਰ ਸਕਦਾ ਹੈ। ਕਾਨੂੰਨ ਦੇ ਜਾਣਕਾਰਾਂ ਮੁਤਾਬਕ ਜਿਹੜਾ ਸ਼ਖਸ ਦੋ ਮਹੀਨੇ ਤੱਕ ਕਤਲ ‘ਤੇ ਪਰਦਾ ਪਾ ਸਕਦਾ ਹੈ, ਉਹ ਅਦਾਲਤ ਵਿਚ ਜਾ ਕੇ ਆਪਣੇ ਬਿਆਨ ਵੀ ਬਦਲ ਸਕਦਾ ਹੈ। ਪੁਲਿਸ ਵੱਲੋਂ ਮੁਢਲੇ ਤੌਰ ‘ਤੇ ਕੀਤੀ ਪੁੱਛ ਪੜਤਾਲ ਦੌਰਾਨ ਸੁਖਜੀਤ ਸਿੰਘ ਸੋਨੂੰ ਖੁਦ ਨੂੰ ਬੇਕਸੂਰ ਦਸਦਾ ਰਿਹਾ ਪਰ ਡੇਹਲੋਂ ਪੁਲਿਸ ਨੂੰ ਮਿਲੀ ਸੂਹ ਰਾਹੀਂ ਇਸ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ ਜਾ ਸਕੀ। ਪੰਜਾਬ ਪੁਲਿਸ ਐਨ.ਆਰ.ਆਈ. ਚਰਨਜੀਤ ਸਿੰਘ ਗਰੇਵਾਲ ਵਿਰੁੱਧ ਪਹਿਲਾਂ ਹੀ ਲੁਕ ਆਊਟ ਨੋਟਿਸ ਜਾਰੀ ਕਰ ਚੁੱਕੀ ਹੈ। ਰੁਪਿੰਦਰ ਕੌਰ ਪੰਧੇਰ ਦੀ ਟੈਕਸਸ ਰਹਿੰਦੀ ਭੈਣ ਕਮਲਜੀਤ ਕੌਰ ਖਹਿਰਾ ਵੱਲੋਂ ਮੁਢਲੇ ਤੌਰ ‘ਤੇ ਲਗਾਤਾਰ ਕੇਸ ਦੀ ਪੈਰਵੀ ਕੀਤੀ ਗਈ ਅਤੇ ਮੀਡੀਆ ਨਾਲ ਵੀ ਗੱਲਬਾਤ ਕੀਤੀ ਪਰ ਹੁਣ ਉਨ੍ਹਾਂ ਦੀਆਂ ਸਰਗਰਮੀਆਂ ਵੀ ਨਜ਼ਰ ਨਹੀਂ ਆ ਰਹੀਆਂ। ਕਮਲਜੀਤ ਕੌਰ ਮੁਤਾਬਕ ਰੁਪਿੰਦਰ ਕੌਰ ਦੇ ਸਾਰੇ ਦਸਤਾਵੇਜ਼ ਅਤੇ ਵਿੱਤੀ ਲੈਣ-ਦੇਣ ਅਮਰੀਕਾ ਦੇ ਪਾਸਪੋਰਟ ‘ਤੇ ਆਧਾਰਤ ਹੈ ਅਤੇ ਪਾਸਪੋਰਟ ਵਿਚ ਪੱਕਾ ਪਤਾ ਸਿਐਟਲ ਦਾ ਦਰਜ ਹੈ। ਰੁਪਿੰਦਰ ਕੌਰ ਦੇ ਚਰਨਜੀਤ ਸਿੰਘ ਨਾਲ ਸਬੰਧਾਂ ਬਾਰੇ ਵੱਖੋ ਵੱਖਰੀਆਂ ਕਹਾਣੀਆਂ ਉਭਰ ਰਹੀਆਂ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਦੋਹਾਂ ਦੀ ਮੁਲਾਕਾਤ 2014 ਵਿਚ ਹੋਈ ਜਦਕਿ ਕੁਝ ਲੋਕ ਰਿਸ਼ਤੇ ਨੂੰ 2-4 ਸਾਲ ਪੁਰਾਣਾ ਦੱਸ ਰਹੇ ਹਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਰੁਪਿੰਦਰ ਕੌਰ ਪਿਛਲੇ ਸਾਲ ਅਕਤੂਬਰ ਵਿਚ ਭਾਰਤ ਆਈ ਅਤੇ ਮਈ 2025 ਵਿਚ ਅਮਰੀਕਾ ਪਰਤ ਗਈ। ਇਸ ਮਗਰੋਂ ਉਹ ਜੂਨ ਵਿਚ ਮੁੜ ਭਾਰਤ ਆਈ ਅਤੇ ਚਰਨਜੀਤ ਸਿੰਘ ਦੇ ਜਾਣਕਾਰਾਂ ਨੂੰ ਮਿਲੀ। ਰੁਪਿੰਦਰ ਕੌਰ ਨੇ ਮੁਲਜ਼ਮਾਂ ਦੇ ਖਾਤਿਆਂ ਵਿਚ 30 ਤੋਂ 35 ਲੱਖ ਰੁਪਏ ਟ੍ਰਾਂਸਫਰ ਕੀਤੇ ਅਤੇ ਇਸ ਮਗਰੋਂ ਚਰਨਜੀਤ ਸਿੰਘ ਵਿਆਹ ਤੋਂ ਆਨਾਕਾਨੀ ਕਰਨ ਲੱਗਾ ਅਤੇ ਸੁਖਜੀਤ ਨੂੰ 50 ਲੱਖ ਰੁਪਏ ਦਾ ਲਾਲਚ ਦੇ ਕੇ ਕਤਲ ਕਰਨ ਵਾਸਤੇ ਆਖਿਆ। ਸੁਖਜੀਤ ਨੇ 12 ਤੋਂ 15 ਜੁਲਾਈ ਦਰਮਿਆਨ ਰੁਪਿੰਦਰ ਦਾ ਕਤਲ ਕਰ ਕੇ ਲਾਸ਼ ਖੁਰਦ ਬੁਰਦ ਕਰ ਦਿਤੀ।

# ਟਰੰਪ ਪੂਰੀ ਤਰ੍ਹਾਂ ਸਿਹਤਮੰਦ, ਦਿਲ ਤੇ ਪੇਟ ਦੀ ਐੱਮਆਰਆਈ ‘ਠੀਕ’: ਅਮਰੀਕੀ ਡਾਕਟਰ

ਵਾਸ਼ਿੰਗਟਨ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਿਛਲੇ ਦਿਨਾਂ ਵਿਚ ਕਰਵਾਈ ਐੱਮਆਰਆਈ ਨੂੰ ਲੈ ਕੇ ਲਾਏ ਜਾ ਰਹੇ ਕਿਆਸਾਂ ਦਰਮਿਆਨ ਉਨ੍ਹਾਂ ਦੇ ਡਾਕਟਰ ਨੇ ਕਿਹਾ ਕਿ ਰਾਸ਼ਟਰਪਤੀ ਪੂਰੀ ਤਰ੍ਹਾਂ ਸਿਹਤਮੰਦ ਹਨ। ਡਾਕਟਰ ਨੇ ਕਿਹਾ ਕਿ ਰਾਸ਼ਟਰਪਤੀ ਦੀ ਅਕਤੂਬਰ ਵਿਚ ਇਹਤਿਆਤ ਵਜੋਂ ਦਿਲ ਤੇ ਪੇਟ ਦੀ ਐੱਮਆਰਆਈ ਕਰਵਾਈ ਗਈ ਸੀ, ਜੋ ਕਿ ਬਿਲਕੁਲ ਨਾਰਮਲ ਹੈ ਤੇ ਸਭ ਕੁਝ ਠੀਕ ਹੈ। ਅਮਰੀਕੀ ਰਾਸ਼ਟਰਪਤੀ ਦੀ ਅਧਿਕਾਰਤ ਰਿਹਾਇਸ਼ ਤੇ ਦਫ਼ਤਰ ਵ੍ਹਾਈਟ ਹਾਊਸ ਵੱਲੋਂ ਡਾਕਟਰ ਤਰਫ਼ੋਂ ਜਾਰੀ ਇਕ ਮੈਮੋ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਵ੍ਹਾਈਟ ਹਾਊਸ ਨੇ ਇਹ ਦੱਸਣ ਤੋਂ ਨਾਂਹ ਕਰ ਦਿੱਤੀ ਸੀ ਕਿ ਅਕਤੂਬਰ ਵਿਚ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਚ ਹੋਏ ਸਰੀਰਕ ਟੈਸਟ ਦੌਰਾਨ ਐੱਮਆਰਆਈ ਕਿਉਂ ਕੀਤਾ ਗਿਆ ਸੀ। ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਟਰੰਪ ਨੇ ਐਤਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐੱਮਆਰਆਈ ਦੇ ਨਤੀਜਿਆਂ ਨੂੰ ‘ਪੂਰੀ ਤਰ੍ਹਾਂ ਠੀਕ’ ਦੱਸਿਆ ਸੀ। ਉਨ੍ਹਾਂ ਕਿਹਾ ਸੀ ਕਿ ਜੇਕਰ ਕੋਈ ਚਾਹੇ ਤਾਂ ਉਹ ਰਿਪੋਰਟ ਜਾਰੀ ਕਰ ਸਕਦੇ ਹਨ, ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਸੀ ਕਿ ਉਨ੍ਹਾਂ ਨੂੰ ਕੋਈ ਅੰਦਾਜ਼ਾ ਨਹੀਂ ਹੈ ਕਿ ਐੱਮਆਰਆਈ ਸਰੀਰ ਦੇ ਕਿਸ ਅੰਗ ’ਤੇ ਕੀਤਾ ਗਿਆ ਸੀ। ਉਨ੍ਹਾਂ ਜ਼ੋਰ ਦੇ ਕੇ ਆਖਿਆ ਸੀ ਕਿ ਇਹ ‘ਦਿਮਾਗ’ ਦਾ ਨਹੀਂ ਸੀ।



# ਭਾਰਤੀ ਹਵਾਈ ਸੈਨਾ ਵੱਲੋਂ ਸ੍ਰੀਲੰਕਾ ’ਚੋਂ 800 ਲੋਕਾਂ ਨੂੰ ਏਅਰਲਿਫਟ ਕਰਨ ਦੀ ਤਿਆਰੀ

ਨਵੀਂ ਦਿੱਲੀ, 29 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਸ੍ਰੀਲੰਕਾ ਇਸ ਵੇਲੇ ‘ਚੱਕਰਵਾਤ ਦਿਤਵਾਹ’ (Cyclone Ditwah) ਦੇ ਮੱਦੇਨਜ਼ਰ ਵਿਆਪਕ ਹੜ੍ਹਾਂ, ਢਿੱਗਾਂ ਡਿੱਗਣ ਦੀਆਂ ਘਟਨਾਵਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਚੱਕਰਵਾਤ ਕਾਰਨ ਵੱਡੇ ਪੱਧਰ ’ਤੇ ਉਡਾਣਾ ਪ੍ਰਭਾਵਿਤ ਹੋਈਆਂ ਹਨ ਅਤੇ ਵੱਖ-ਵੱਖ ਦੇਸ਼ਾਂ ਦੇ ਵੱਡੀ ਗਿਣਤੀ ਲੋਕ ਉੱਥੇ ਫਸੇ ਹੋਏ ਹਨ। ਉਧਰ ਭਾਰਤੀ ਹਵਾਈ ਸੈਨਾ ਵੱਲੋਂ ਚੱਕਰਵਾਤ ਪ੍ਰਭਾਵਿਤ ਸ੍ਰੀਲੰਕਾ ਵਿੱਚੋਂ 800 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਐਤਵਾਰ ਨੂੰ ਬਾਹਰ ਕੱਢੇ ਜਾਣ ਦੀ ਉਮੀਦ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਹਵਾਈ ਸੈਨਾ (IAF) ਦੇ ਦੋ ਜਹਾਜ਼ IL-76 ਅਤੇ C-130 ਯਾਤਰੀਆਂ ਨੂੰ ਕੋਲੰਬੋ ਤੋਂ ਕੇਰਲ ਦੇ ਤਿਰੂਵਨੰਤਪੁਰਮ ਤੱਕ ਹਵਾਈ ਮਾਰਗ ਰਾਹੀਂ ਲਿਆਉਣਗੇ। ਇਹ ਜਹਾਜ਼ ਮੌਸਮ ਦੀਆਂ ਸਥਿਤੀਆਂ ਦੇ ਅਧੀਨ, ਦੋਹਾਂ ਸ਼ਹਿਰਾਂ ਵਿਚਕਾਰ ਕਈ ਉਡਾਣਾਂ ਭਰਨਗੇ। ਜੇਕਰ ਵਾਧੂ ਉਡਾਣਾਂ ਸੰਭਵ ਹੋਈਆਂ, ਤਾਂ IAF 800 ਤੋਂ ਵੱਧ ਲੋਕਾਂ ਨੂੰ ਬਾਹਰ ਕੱਢ ਸਕਦੀ ਹੈ। ਤਿਰੂਵਨੰਤਪੁਰਮ ਇੱਕ ਪ੍ਰਮੁੱਖ ਹਵਾਬਾਜ਼ੀ ਕੇਂਦਰ ਹੈ, ਇਸ ਲਈ ਬਾਹਰ ਕੱਢੇ ਗਏ ਲੋਕ ਅੱਗੇ ਆਪਣੀਆਂ ਮੰਜ਼ਿਲਾਂ ਲਈ ਕਨੈਕਟਿੰਗ ਉਡਾਣਾਂ ਲੈ ਸਕਦੇ ਹਨ। ਦੋਵੇਂ ਜਹਾਜ਼ ਰਾਹਤ ਸਮੱਗਰੀ ਅਤੇ ਕੌਮੀ ਆਫ਼ਤ ਪ੍ਰਤੀਕਿਰਿਆ ਬਲ (NDRF) ਦੀ ਇੱਕ ਵਾਧੂ ਟੀਮ ਦੇ ਨਾਲ ਸ੍ਰੀਲੰਕਾ ਭੇਜੇ ਗਏ ਹਨ। IL-76 ਜਹਾਜ਼ ਐਤਵਾਰ ਸਵੇਰੇ ਹੀ ਕੋਲੰਬੋ ਵਿੱਚ ਉਤਰ ਚੁੱਕਾ ਹੈ ਅਤੇ C-130 ਦਿਨ ਵਿੱਚ ਬਾਅਦ ਵਿੱਚ ਪਹੁੰਚੇਗਾ। ਸ਼ਨਿਚਰਵਾਰ ਨੂੰ ਸ੍ਰੀਲੰਕਾ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਫਸੇ ਹੋਏ ਭਾਰਤੀ ਯਾਤਰੀਆਂ ਨੂੰ ਇੱਕ ਆਨਲਾਈਨ ਲਿੰਕ ਰਾਹੀਂ ਆਪਣੇ ਵੇਰਵੇ ਰਜਿਸਟਰ ਕਰਨ ਲਈ ਕਿਹਾ ਸੀ। ਯਾਤਰੀ ਕੋਲੰਬੋ ਦੇ ਬੰਦਰਨਾਇਕੇ ਅੰਤਰਰਾਸ਼ਟਰੀ ਹਵਾਈ ਅੱਡੇ ‘ਤੇ ਐਮਰਜੈਂਸੀ ਹੈਲਪ ਡੈਸਕ ‘ਤੇ ਵੀ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ।

ਕਾਰਜਕਾਰੀ ਹਾਈ ਕਮਿਸ਼ਨਰ ਸਤਿਅੰਜਲ ਪਾਂਡੇ ਨੇ ਹਵਾਈ ਅੱਡੇ ‘ਤੇ ਫਸੇ ਹੋਏ ਭਾਰਤੀ ਨਾਗਰਿਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਉਨ੍ਹਾਂ ਦੀ ਤੁਰੰਤ ਵਾਪਸੀ ਵਿੱਚ ਸਹੂਲਤ ਪ੍ਰਦਾਨ ਕਰੇਗੀ।

‘ਚੱਕਰਵਾਤ ਦਿਤਵਾਹ’ (Cyclone Ditwah) ਦੇ ਮੱਦੇਨਜ਼ਰ ਸ੍ਰੀਲੰਕਾ ਇਸ ਵੇਲੇ ਵਿਆਪਕ ਹੜ੍ਹਾਂ, ਢਿੱਗਾਂ ਡਿੱਗਣ ਅਤੇ ਸੇਵਾਵਾਂ ਵਿੱਚ ਗੰਭੀਰ ਰੁਕਾਵਟਾਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿੱਚ ਉਡਾਣਾਂ ਨੂੰ ਰੱਦ ਕਰਨਾ ਵੀ ਸ਼ਾਮਲ ਹੈ।

# ਜ਼ਮੀਨ ਘਪਲੇ ’ਚ ਸ਼ੇਖ਼ ਹਸੀਨਾ ਨੂੰ ਪੰਜ ਸਾਲ ਦੀ ਸਜ਼ਾ

## ਭਾਣਜੀ ਅਤੇ ਬਰਤਾਨਵੀ ਸੰਸਦ ਮੈਂਬਰ ਨੂੰ ਦੋ ਸਾਲ ਦੀ ਜੇਲ੍ਹ

ਢਾਕਾ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਬੰਗਲਾਦੇਸ਼ ਦੀ ਅਦਾਲਤ ਨੇ ਅਹੁਦੇ ਤੋਂ ਲਾਂਭੇ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਜ਼ਮੀਨ ਘੁਟਾਲੇ ਦੇ ਮਾਮਲੇ ’ਚ ਸੋਮਵਾਰ ਨੂੰ ਪੰਜ ਸਾਲ



ਦੀ ਜੇਲ੍ਹ ਅਤੇ ਉਨ੍ਹਾਂ ਦੀ ਭਾਣਜੀ ਤੇ ਬਰਤਾਨਵੀ ਸੰਸਦ ਮੈਂਬਰ ਟਿਊਲਿਪ ਸਿੱਦੀਕ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਹੈ। ਸਰਕਾਰੀ ਖ਼ਬਰ ਏਜੰਸੀ ਬੀ ਐੱਸ ਐੱਸ ਮੁਤਾਬਕ ਢਾਕਾ ਵਿਖ ਵਿਸ਼ੇਸ਼ ਅਦਾਲਤ-4 ਦੇ ਜੱਜ ਮੁਹੰਮਦ ਰਬੀਉੱਲ ਆਲਮ ਨੇ ਇਸੇ ਮਾਮਲੇ ’ਚ ਹਸੀਨਾ ਦੀ ਭੈਣ ਸ਼ੇਖ਼ ਰੇਹਾਨਾ ਨੂੰ ਵੀ ਸੱਤ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਭ੍ਰਿਸ਼ਟਾਚਾਰ ਦੇ ਇਸ ਮਾਮਲੇ ’ਚ 17 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਨੇ ਤਿੰਨ ਮੁਲਜ਼ਮਾਂ ਦੀ ਗ਼ੈਰ-ਮੌਜੂਦਗੀ ’ਚ ਇਹ ਫ਼ੈਸਲਾ ਸੁਣਾਇਆ। ਬਾਕੀ 14 ਮੁਲਜ਼ਮਾਂ ਨੂੰ ਪੰਜ-ਪੰਜ ਸਾਲ ਦੀ ਜੇਲ੍ਹ ਹੋਈ ਹੈ। ਅਦਾਲਤ ਨੇ ਹਸੀਨਾ, ਰੇਹਾਨਾ ਅਤੇ ਸਿੱਦੀਕ ਸਮੇਤ ਸਾਰੇ 17 ਮੁਲਜ਼ਮਾਂ ’ਤੇ ਇਕ-ਇਕ ਲੱਖ ਟਕੇ ਦਾ ਜੁਰਮਾਨਾ ਵੀ ਲਾਇਆ ਹੈ। ਬਰਤਾਨੀਆ ਦੀ ਬੰਗਲਾਦੇਸ਼ ਮੂਲ ਦੀ ਲੇਬਰ ਪਾਰਟੀ ਦੀ ਆਗੂ ਸਿੱਦੀਕ, ਰੇਹਾਨਾ ਦੀ ਧੀ ਹੈ ਅਤੇ 2015 ਤੋਂ ਹੈਂਪਸਟੈੱਡ ਅਤੇ ਹਾਈਗੇਟ ਤੋਂ ਸੰਸਦ ਮੈਂਬਰ ਹੈ। ਅੰਤਰਿਮ ਸਰਕਾਰ ਨੇ ਅਪਰੈਲ ’ਚ ਹਸੀਨਾ ਦੇ ਪ੍ਰਧਾਨ ਮੰਤਰੀ ਰਹਿਣ ਦੌਰਾਨ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਤਹਿਤ 43 ਸਾਲ ਦੀ ਸਿੱਦੀਕ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ। ਉਸ ਨੂੰ ਆਪਣੀ ਮਾਸੀ ਸ਼ੇਖ਼ ਹਸੀਨਾ ਨੂੰ ਪ੍ਰਭਾਵਿਤ ਕਰ ਕੇ ਢਾਕਾ ਦੇ ਬਾਹਰੀ ਇਲਾਕਿਆਂ ’ਚ ਆਪਣੀ ਮਾਂ, ਭਰਾ ਅਤੇ ਭੈਣ ਦੇ ਨਾਮ ’ਤੇ ਜ਼ਮੀਨ ਲੈਣ ਦਾ ਦੋਸ਼ੀ ਪਾਇਆ ਗਿਆ। ਉਂਝ, ਉਸ ਨੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕੀਤਾ ਹੈ। ‘ਦਿ ਡੇਲੀ ਸਟਾਰ’ ਅਖ਼ਬਾਰ ਦੀ ਰਿਪੋਰਟ ਮੁਤਾਬਕ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ ਵੱਲੋਂ ਦਾਇਰ ਕੀਤੇ ਗਏ ਮਾਮਲਿਆਂ ’ਚ ਹਸੀਨਾ ਨਾਲ ਜੁੜਿਆ ਇਹ ਚੌਥਾ ਫ਼ੈਸਲਾ ਹੈ।

# ਏਸ਼ੀਆਈ ਮੁਲਕਾਂ ਵਿਚ ਹੜ੍ਹਾਂ ਕਾਰਨ 1000 ਤੋਂ ਵੱਧ ਮੌਤਾਂ

## ਮੀਂਹ ਨੇ ਤੋੜਿਆ 300 ਸਾਲ ਦਾ ਰਕਿਾਰਡ, ਸੈਂਕੜੇ ਲਾਪਤਾ

ਜਕਾਰਤਾ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਏਸ਼ੀਆਈ ਮੁਲਕਾਂ ਵਿਚ ਹੜ੍ਹਾਂ ਦੀ ਤਬਾਹੀ ਜਾਰੀ ਹੈ ਅਤੇ ਹੁਣ ਤੱਕ ਇਕ ਹਜ਼ਾਰ ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ। ਇੰਡੋਨੇਸ਼ੀਆ, ਮਲੇਸ਼ੀਆ, ਥਾਈਲੈਂਡ ਅਤੇ ਸ੍ਰੀਲੰਕਾ ਵਿਚ ਭਾਰੀ ਮੀਂਹ ਨੇ ਕਈ ਦਹਾਕਿਆਂ ਦੇ ਰਿਕਾਰਡ ਤੋੜ ਦਿਤੇ ਅਤੇ ਲੱਖਾਂ ਲੋਕ ਬੇਘਰ ਹੋ ਚੁੱਕੇ ਹਨ। ਦੂਜੇ ਪਾਸੇ ਸ੍ਰੀਲੰਕਾ ਵਿਚ ਸਮੁੰਦਰੀ ਤੂਫ਼ਾਲ ਦਿਤਵਾਹ ਨੇ ਸ੍ਰੀਲੰਕਾ ਅਤੇ ਭਾਰਤ ਦੇ ਕਈ ਇਲਾਕਿਆਂ ਨੂੰ ਪ੍ਰਭਾਵਤ ਕੀਤਾ। ਇੰਡੋਨੇਸ਼ੀਆ ਵਿਚ ਹੜ੍ਹਾਂ ਅਤੇ ਲੈਂਡਸਲਾਈਡਿੰਗ ਕਾਰਨ ਮਰਨ ਵਾਲਿਆਂ ਦੀ ਗਿਣਤੀ 500 ਤੋਂ ਟੱਪ ਚੁੱਕੀ ਹੈ ਜਦਕਿ 750 ਤੋਂ ਵੱਧ ਲਾਪਤਾ ਦੱਸੇ ਜਾ ਰਹੇ ਹਨ। ਸੁਮਾਤਰਾ ਟਾਪੂ ‘ਤੇ ਫਸੇ ਹਜ਼ਾਰਾਂ ਲੋਕਾਂ ਨੂੰ ਪਿਛਲੇ ਕਈ ਦਿਨ ਤੋਂ ਖਾਣ ਵਾਸਤੇ ਰੋਟੀ ਨਹੀਂ ਮਿਲੀ ਅਤੇ ਬਿਮਾਰ ਲੋਕ ਤੜਪ ਤੜਪ ਕੇ ਦਮ ਤੋੜ ਰਹੇ ਹਨ।



ਢਿੱਡ ਦੀ ਭੁੱਖ ਲੋਕਾਂ ਨੂੰ ਡਾਕੇ ਮਾਰਨ ਵਾਸਤੇ ਮਜਬੂਰ ਕਰ ਰਹੀ ਹੈ ਅਤੇ ਪੁਲਿਸ ਦਾ ਕੰਮ ਵੀ ਵਧ ਗਿਆ ਹੈ। ਰਾਹਤ ਏਜੰਸੀਆਂ ਵੱਲੋਂ ਤਾਪਨੁਲੀ ਅਤੇ ਸਿਬੋਲਾਗਾ ਇਲਾਕਿਆਂ ਤੱਕ ਪਹੁੰਚ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਜਿਥੇ ਤਿੰਨ ਦਿਨ ਤੋਂ ਕੋਈ ਨਹੀਂ ਪੁੱਜ ਸਕਿਆ। ਇਸੇ ਦੌਰਾਨ ਸ੍ਰੀਲੰਕਾ ਵਿਚ 340 ਜਣਿਆਂ ਦੀ ਮੌਤ ਹੋ ਗਈ ਅਤੇ ਰਾਹਤ ਕਾਰਜਾਂ ਦਾ ਸਿਲਸਿਲਾ ਜਾਰੀ ਹੈ। ਰਾਜਧਾਨੀ ਕੋਲੰਬੋ ਵਿਖੇ ਪੂਰੀ ਰਾਤ ਮੀਂਹ ਪਿਆ ਅਤੇ ਕਈ ਇਲਾਕੇ ਤਿੰਨ ਤਿੰਨ ਫੁੱਟ ਪਾਣੀ ਵਿਚ ਡੁੱਬ ਗਏ। ਇੰਡੋਨੇਸ਼ੀਆ ਅਤੇ ਸ੍ਰੀਲੰਕਾ ਦੋਹਾਂ ਮੁਲਕਾਂ ਵਿਚ ਰਾਹਤ ਕਾਰਜਾਂ ਵਾਸਤੇ ਫੌਜ ਤੈਨਾਤ ਕੀਤੀ ਗਈ ਹੈ। ਇਸੇ ਦੌਰਾਨ ਥਾਈਲੈਂਡ ਦੇ ਦੱਖਣੀ ਇਲਾਕਿਆਂ ਵਿਚ ਆਏ ਹੜ੍ਹਾਂ ਕਰ ਕੇ 175 ਤੋਂ ਵੱਧ ਲੋਕ ਦਮ ਤੋੜ ਚੁੱਕੇ ਹਨ ਅਤੇ ਮੁਲਕ ਪਿਛਲੇ ਦੋ ਦਹਾਕਿਆਂ ਦੇ ਸਭ ਤੋਂ ਖ਼ਤਰਨਾਕ ਹੜ੍ਹਾਂ ਦਾ ਟਾਕਰਾ ਕਰ ਰਿਹਾ ਹੈ। ਥਾਈਲੈਂਡ ਵਿਚ ਘੱਟੋ ਘੱਟ 38 ਲੱਖ ਸਿੱਧੇ ਤੌਰ ‘ਤੇ ਹੜ੍ਹਾਂ ਨਾਲ ਪ੍ਰਭਾਵਤ ਦੱਸੇ ਜਾ ਰਹੇ ਹਨ ਅਤੇ 12 ਦੱਖਣੀ ਰਾਜਾਂ ਵਿਚ ਮੀਂਹ ਰੁਕਣ ਦਾ ਨਾਂ ਨਹੀਂ ਲੈ ਰਿਹਾ। ਹਾਤਯਾਈ ਸ਼ਹਿਰ ਵਿਚ ਮੀਂਹ ਨੇ 300 ਸਾਲ ਦਾ ਰਿਕਾਰਡ ਤੋੜ ਦਿਤਾ ਅਤੇ ਇਕ ਦਿਨ ਵਿਚ 335 ਐਮ.ਐਮ. ਬਾਰਸ਼ ਹੋਈ। ਆਉਣ ਵਾਲੇ ਦਿਨਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਹੋਰ ਵਧਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ।

# ਅਮਰੀਕਾ ਵੱਲੋਂ ਭਾਰਤੀ ਲੋਕਾਂ ਦੀਆਂ 70 ਫ਼ੀ ਸਦੀ ਵੀਜ਼ਾ ਅਰਜ਼ੀਆਂ ਰੱਦ

## ਭਾਰਤੀ ਫ਼ਰਮਾਂ ਦੇ ਸਿਰਫ਼ 4,573 ਵੀਜ਼ੇ ਹੋਏ ਪ੍ਰਵਾਨ

ਵਾਸ਼ਿੰਗਟਨ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਤੀਜੀ ਦੁਨੀਆਂ ਦੇ ਮੁਲਕਾਂ ਤੋਂ ਇੰਮੀਗ੍ਰੇਸ਼ਨ ਉਤੇ ਮੁਕੰਮਲ ਰੋਕ ਲਾਏ ਜਾਣ ਦਰਮਿਆਨ ਭਾਰਤੀ ਲੋਕਾਂ ਦੀਆਂ 70 ਫ਼ੀ ਸਦੀ ਵੀਜ਼ਾ ਅਰਜ਼ੀਆਂ ਰੱਦ ਹੋਣ ਦੀ ਰਿਪੋਰਟ ਸਾਹਮਣੇ ਆਈ ਹੈ। ਨੈਸ਼ਨਲ ਫਾਊਂਡੇਸ਼ਨ ਆਫ਼ ਅਮੈਰਿਕ ਪੌਲਿਸੀ ਵੱਲੋਂ 2015 ਤੋਂ 2025 ਦਰਮਿਆਨ ਐਚ-1ਬੀ ਵੀਜ਼ਿਆਂ ਬਾਰੇ ਕੀਤੇ ਵਿਸ਼ਲੇਸ਼ਣ ਮੁਤਾਬਕ ਇਸ ਸਾਲ ਭਾਰਤੀ ਆਈ.ਟੀ. ਫਰਮਾਂ ਨੂੰ ਸਿਰਫ਼ 4,573 ਵੀਜ਼ਾ ਪ੍ਰਵਾਨਗੀਆਂ ਮਿਲੀਆਂ ਅਤੇ ਪਿਛਲੇ ਸਾਲ ਦੇ ਮੁਕਾਬਲੇ 37 ਫ਼ੀ ਸਦੀ ਘੱਟ ਬਣਦੀਆਂ ਹਨ ਜਦਕਿ 2015 ਦੇ ਮੁਕਾਬਲੇ ਇਹ ਅੰਕੜਾ 70 ਫੀ ਸਦੀ ਘੱਟ ਬਣਦਾ ਹੈ। ਐਚ-1ਬੀ ਵੀਜ਼ਾ ਯੋਜਨਾ ਅਧੀਨ ਵਿਦੇਸ਼ੀ ਕਾਮਿਆਂ ਨੂੰ ਭਰਤੀ ਕਰਨ ਵਾਲੀਆਂ ਸਿਖਰਲੀਆਂ 25 ਫ਼ਰਮਾਂ ਵਿਚੋਂ ਸਿਰਫ਼ 3 ਹੀ ਭਾਰਤੀ ਸਨ। ਕੌਮਾਂਤਰੀ ਅੰਕੜਿਆਂ ਦੇ ਹਿਸਾਬ ਨਾਲ ਐਮਾਜ਼ੌਨ ਦੇ ਮੁਲਾਜ਼ਮਾਂ ਨੂੰ 4,644 ਵੀਜ਼ੇ ਮਿਲੇ ਜਦਕਿ ਮੈਟਾ ਦੇ ਮੁਲਾਜ਼ਮ 1,555 ਵੀਜ਼ਾ ਪ੍ਰਵਾਨਗੀਆਂ ਨਾਲ ਦੂਜੇ ਸਥਾਨ ‘ਤੇ ਰਹੇ। ਇਸੇ ਤਰ੍ਹਾਂ ਮਾਈਕਰੋਸਾਫ਼ਟ ਨੂੰ 1,394 ਅਤੇ ਗੂਗਲ ਨੂੰ 1,050 ਵੀਜ਼ਾ ਪ੍ਰਵਾਨਗੀਆਂ ਹਾਸਲ ਹੋਈਆਂ। ਨੈਸ਼ਨਲ ਫਾਊਂਡੇਸ਼ਨ ਆਫ਼ ਅਮੈਰਿਕ ਪੌਲਿਸੀ ਕਾਰਜਕਾਰੀ ਡਾਇਰੈਕਟਰ ਸਟੂਅਰਟ ਐਂਡਰਸਨ ਦਾ ਕਹਿਣਾ ਸੀ ਕਿ ਭਾਰਤੀ ਕੰਪਨੀਆਂ ਘੱਟ ਵੀਜ਼ੇ ਮਿਲਣ ਦੇ ਬਾਵਜੂਦ ਆਪਣੀਆਂ ਸੇਵਾਵਾਂ ਸੰਭਾਲਣ ਦੇ ਯਤਨ ਕਰ ਰਹੀਆਂ ਹਨ ਪਰ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ ਅਮਰੀਕਾ ਦੀਆਂ ਟੈਕ ਫ਼ਰਮਜ਼ ਨੂੰ ਬਹੁਤਾ ਫ਼ਰਕ ਨਹੀਂ ਪਿਆ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਅਮਰੀਕਾ ਵਿਚ ਮੌਜੂਦ 28,277 ਇੰਪਲੋਇਰਜ਼ ਨੂੰ ਘੱਟੋ ਘੱਟੋ ਇਕ ਨਵਾਂ ਵਿਦੇਸ਼ੀ ਮੁਲਾਜ਼ਮ ਭਰਤੀ ਕਰਨ ਦੀ ਇਜਾਜ਼ਤ ਦਿਤੀ ਗਈ।





ਬੀਤੇ ਹਫ਼ਤੇ ਬਰੈਂਪਟਨ ਦੇ ਸਪੈਜ਼ਾ ਬੈਂਕੁਟ ਹਾਲ ਵਿੱਚ ਭਾਰਤੀ ਕੌਂਸਲੇਟ ਜਨਰਲ, ਟੋਰਾਂਟੋ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਸਮਾਗਮ ਉਲੀਕੀਆਂ ਗਿਆ ਸੀ, ਜਿਸ ਵਿੱਚ ਭਾਰਤੀ ਭਾਈਚਾਰੇ ਦੇ ਲੋਕ ਬਹੁਤ ਵੱਡੀ ਗਿਣਤੀ 'ਚ ਸਮੂਹਿਕ ਤੌਰ ਤੇ ਸ਼ਾਮਿਲ ਹੋਏ। ਸਮਾਗਮ ਵਿੱਚ ਸ਼ਬਦ ਕੀਰਤਨ ਦਾ ਗਾਇਨ ਕੀਤਾ ਗਿਆ, ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਅਖੀਰ ਵਿੱਚ ਇੱਕ ਨਾਟਕ ਵੀ ਖੇਡਿਆ ਗਿਆ। ਟੋਰਾਂਟੋ ਵਿੱਚ ਭਾਰਤ ਦੇ ਕਾਰਜਕਾਰੀ ਕੌਂਸਲ ਜਨਰਲ ਸ੍ਰੀ ਕਪਿਧਵਾਜਾ ਪ੍ਰਤਾਪ ਸਿੰਘ ਵੱਲੋਂ ਸਾਰੇ ਮਹਿਮਾਨਾਂ ਦਾ ਸਮਾਗਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਗਿਆ। ਭਾਰਤੀ ਭਾਈਚਾਰੇ ਦੀਆਂ ਸਿਆਸੀ, ਸਮਾਜਿਕ ਅਤੇ ਵਿੱਦਿਅਕ ਤੌਰ ਤੇ ਨਾਮਣਾ ਖੱਟ ਚੁੱਕੀਆਂ ਬਹੁਤ ਸਾਰੀਆਂ ਜਾਣੀਆਂ-ਮਾਣੀਆਂ ਸ਼ਖਸ਼ੀਅਤਾਂ ਵੀ ਇਸ ਸਮਾਗਮ ਵਿੱਚ ਸ਼ਾਮਿਲ ਹੋ ਕੇ ਆਪਣੇ ਆਪ ਨੂੰ ਮਾਣਮੱਤਾ ਮਹਿਸੂਸ ਕਰ ਰਹੇ ਸਨ। ਸਟੇਜ ਦੀ ਜਿਮੇਵਾਰੀ ਭਾਰਤੀ ਕਾਉਂਸਲਰ ਸ੍ਰੀ ਗੁਰਨੀਸ਼ ਜੂਨੇਜਾ ਨੇ ਬੜੀ ਖੂਬਸੂਰਤੀ ਨਾਲ ਨਿਭਾਈ।ਕੁੱਲ ਮਿਲਾ ਕੇ ਇਹ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਹੀ ਸਮਰਪਿਤ ਇੱਕ ਵਧੀਆ ਸਮਾਗਮ ਸੀ।

# ਕੈਨੇਡਾ: ਸਾਬਕਾ ਓਲੰਪੀਅਨ ਦੇ ਡਰੱਗ ਸਾਮਰਾਜ ਦਾ ਖੁਲਾਸਾ



ਚੰਡੀਗੜ੍ਹ, 29 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਸਾਬਕਾ ਓਲੰਪੀਅਨ ਰਿਆਨ ਵੈਡਿੰਗ ਵੱਲੋਂ ਚਲਾਏ ਜਾ ਰਹੇ ਇੱਕ ਵੱਡੇ ਅੰਤਰਰਾਸ਼ਟਰੀ ਡਰੱਗ ਤਸਕਰੀ ਨੈੱਟਵਰਕ ਵਿੱਚ ਕਈ ਇੰਡੋ-ਕੈਨੇਡੀਅਨ ਵਿਅਕਤੀਆਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ, ਜਿਸ ਵਿੱਚ ਟਰੱਕ ਡਰਾਈਵਰ ਅਤੇ ਹੋਰ ਸਾਥੀ ਸ਼ਾਮਲ ਹਨ। ਅਮਰੀਕੀ ਅਤੇ ਕੈਨੇਡੀਅਨ ਅਦਾਲਤੀ ਦਸਤਾਵੇਜ਼ਾਂ ਨੇ ਇਸ ਹਿੰਸਕ, ਅੰਤਰਰਾਸ਼ਟਰੀ ਅਪਰਾਧਿਕ ਗਠਜੋੜ ਦੇ ਅੰਦਰੂਨੀ ਕਾਰਜਾਂ ਦਾ ਪਰਦਾਫਾਸ਼ ਕੀਤਾ ਹੈ।

ਇਸ ਗਠਜੋੜ ਦਾ ਮੁਖੀ 44 ਸਾਲਾ ਵੈਡਿੰਗ ਹੈ, ਜੋ ਕਿ ਕੈਨੇਡਾ ਦਾ ਸਭ ਤੋਂ ਵੱਡਾ ਕੋਕੀਨ ਦਰਾਮਦਕਾਰ ਮੰਨਿਆ ਜਾਂਦਾ ਹੈ ਅਤੇ ਵਰਤਮਾਨ ਵਿੱਚ FBI ਦੀ 10 ਸਭ ਤੋਂ ਵੱਧ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਲ ਹੈ। ਇਸ ਦੇ ਮੈਕਸੀਕੋ ਵਿੱਚ ਲੁਕਿਆ ਹੋਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ।

ਨਵੇਂ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਵੈਡਿੰਗ ਦੇ ਨੈੱਟਵਰਕ ਨੇ ਮੈਕਸੀਕਨ ਡਰੱਗ ਕਾਰਟੇਲਾਂ ਦੇ ਸਹਿਯੋਗ ਨਾਲ ਕੋਲੰਬੀਆ ਤੋਂ ਮੈਕਸੀਕੋ ਤੱਕ ਸੈਂਕੜੇ ਕਿਲੋਗ੍ਰਾਮ ਕੋਕੀਨ ਦੀ ਤਸਕਰੀ ਕੀਤੀ। ਇਨ੍ਹਾਂ ਖੇਪਾਂ ਨੂੰ ਅਮਰੀਕਾ, ਕੈਨੇਡਾ ਤੱਕ ਅੱਗੇ ਲਿਜਾਣ ਲਈ ਟਰੱਕ ਡਰਾਈਵਰਾਂ 'ਤੇ ਦੀ ਵਰਤੋਂ ਕੀਤੀ।

ਪਿਛਲੇ ਹਫ਼ਤੇ ਕੈਨੇਡੀਅਨ ਅਧਿਕਾਰੀਆਂ ਨੇ ਇਸ ਕੇਸ ਨਾਲ ਜੁੜੇ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਵਿੱਚ ਕਥਿਤ ਮਨੀ ਲਾਂਡਰਿੰਗ ਕਰਨ ਵਾਲੇ ਵੈਡਿੰਗ ਦਾ ਵਕੀਲ ਦੀਪਕ ਪਾਰਾਦਕਰ ਅਤੇ ਗੁਰਸੇਵਕ ਸਿੰਘ ਬਾਲ ਸ਼ਾਮਲ ਹਨ, ਜਿਸ 'ਤੇ ਇੱਕ ਐੱਫ.ਬੀ.ਆਈ. ਗਵਾਹ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ। ਅਦਾਲਤੀ ਦਸਤਾਵੇਜ਼ਾਂ ਤੋਂ ਵੈਡਿੰਗ ਦੇ ਟਰਾਂਸਪੋਰਟੇਸ਼ਨ ਨੈੱਟਵਰਕ ਦੇ ਡੂੰਘੇ ਕੰਮਕਾਜ਼ ਦਾ ਵੀ ਪਤਾ ਲੱਗਦਾ ਹੈ। ਰੋਵਲ ਅਤੇ ਵਿਰਕ ਸਹੀ ਦਸਤਾਵੇਜ਼ਾਂ ਵਾਲੀਆਂ ਕਾਨੂੰਨੀ ਵਸਤੂਆਂ ਦੀ ਢੋਆ-ਢੁਆਈ ਕਰਕੇ ਨਸ਼ਿਆਂ ਨੂੰ ਲੁਕਾਉਂਦੇ ਸਨ, ਪਰ ਸਰਹੱਦ 'ਤੇ ਦੂਜੀ ਜਾਂਚ ਦੌਰਾਨ ਫੜੇ ਗਏ ਸਨ। ਇੱਕ ਐਕਸ-ਰੇ ਸਕੈਨ ਅਤੇ ਸੁੰਘਣ ਵਾਲੇ ਕੁੱਤੇ ਨੇ ਇੱਕ ਲੁਕਵੇਂ ਕੰਪਾਰਟਮੈਂਟ ਦਾ ਪਤਾ ਲਗਾਇਆ।

# ਜਰਮਨੀ ਵਿਚ ਮੁੜ ਜ਼ੋਰ ਫੜਨ ਲੱਗੀ ਹਿਟਲਰ ਦੀ ਵਿਚਾਰਧਾਰਾ

## ਕੱਟੜਪੰਥੀਆਂ ਵਿਰੁੱਧ ਸੜਕਾਂ 'ਤੇ ਉਤਰੇ ਹਜ਼ਾਰਾਂ ਲੋਕ

ਬਰਲਿਨ, 1 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਜਰਮਨੀ ਵਿਚ ਹਿਟਲਰ ਦੀ ਵਿਚਾਰਧਾਰਾ ਮੁੜ ਜ਼ੋਰ ਫੜਨ ਲੱਗੀ ਹੈ ਅਤੇ ਇਸ ਦਾ ਵਿਰੋਧ ਕਰਨ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸੜਕਾਂ 'ਤੇ ਨਜ਼ਰ ਆਏ। ਧੁਰ ਕੱਟੜਪੰਥੀ ਮੰਨੀ ਜਾਂਦੀ ਪਾਰਟੀ ਏ.ਐਫ਼.ਡੀ. ਦੇ ਨਵੇਂ ਯੂਥ ਵਿੰਗ 'ਜੈਨਰੇਸ਼ਨ ਜਰਮਨੀ' ਵਿਰੁੱਧ ਵੱਡੇ ਪੱਧਰ 'ਤੇ ਰੋਸ ਵਿਖਾਵੇ ਕੀਤੇ ਗਏ ਅਤੇ ਮੁਜ਼ਾਹਰਾਕਾਰੀਆਂ ਨੇ ਪੁਲਿਸ 'ਤੇ ਇੱਟਾਂ ਰੋੜੇ ਵੀ ਚਲਾਏ। ਗੀਜ਼ਨ ਵਿਖੇ ਏ.ਐਫ਼.ਡੀ. ਦੇ ਯੂਥ ਵਿੰਗ ਦਾ ਐਲਾਨ ਕਰਨ ਵਾਸਤੇ ਵੱਡਾ ਸਮਾਗਮ ਕਰਵਾਇਆ ਗਿਆ ਪਰ ਵਿਖਾਵਾਕਾਰੀ ਉਥੇ ਵੀ ਪੁੱਜ ਗਏ।



ਹਾਲਾਤ ਦੇ ਨਜ਼ਾਕਤ ਨੂੰ ਸਮਝਦਿਆਂ ਪੁਲਿਸ ਨੂੰ 5 ਹਜ਼ਾਰ ਜਵਾਨਾਂ ਦੀ ਤੈਨਾਤੀ ਕਰਨੀ ਪਈ। ਇਕ ਵੇਲਾ ਅਜਿਹਾ ਆਇਆ ਕਿ ਵਿਖਾਵਾਕਾਰੀਆਂ ਨੂੰ ਖਿੰਡਾਉਣ ਲਈ ਪੁਲਿਸ ਨੂੰ ਜਲ ਤੋਪਾਂ ਛੱਡਣੀਆਂ ਪਈਆਂ। ਦੱਸਿਆ ਜਾ ਰਿਹਾ ਹੈ ਕਿ ਏ.ਐਫ਼.ਡੀ. ਦਾ ਨਵਾਂ ਯੂਥ ਵਿੰਗ ਤਾਂ ਬਣਾਉਣਾ ਪਿਆ ਕਿਉਂਕਿ ਪੁਰਾਣੀ ਜਥੇਬੰਦੀ ਨੂੰ ਜਰਮਨ ਖੁਫੀਆ ਏਜੰਸੀ ਕੱਟੜਪੰਥੀ ਐਲਾਨ ਚੁੱਕੀ ਹੈ ਜਿਸ ਮਗਰੋਂ ਨੂੰ ਇਸ ਭੰਗ ਕਰ ਦਿਤਾ ਗਿਆ। ਜਰਮਨੀ ਦੀ ਘਰੇਲੂ ਸੁਰੱਖਿਆ ਏਜੰਸੀ ਨੇ ਬੀਤੇ ਮਈ ਮਹੀਨੇ ਦੌਰਾਨ ਏ.ਐਫ਼.ਡੀ. ਨੂੰ ਵੀ ਸੱਜੇਪੱਖੀ ਕੱਟੜਪੰਥੀ ਦੱਸਿਆ ਸੀ ਜਿਸ ਮਗਰੋਂ ਇਸ ਉਤੇ ਪਾਬੰਦੀ ਦੀ ਮੰਗ ਤੇਜ਼ ਹੋ ਗਈ ਪਰ ਪਾਰਟੀ ਵੱਲੋਂ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿਤੀ ਗਈ ਹੈ।

ਦੂਜੇ ਪਾਸੇ ਜਰਮਨੀ ਦੇ ਚਾਂਸਲਰ ਫਰੈਡਰਿਕ ਮਰਤਜ਼ ਵੱਲੋਂ ਏ.ਐਫ਼.ਡੀ. ਉਤੇ ਮੁਕੰਮਲ ਪਾਬੰਦੀ ਦਾ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਦਲੀਲ ਦਿਤੀ ਕਿ 1 ਕਰੋੜ ਏ.ਐਫ਼.ਡੀ. ਵੋਟਰਾਂ ਉਤੇ ਪਾਬੰਦੀ ਨਹੀਂ ਲਾਈ ਜਾ ਸਕਦੀ। ਦਰਅਸਲ ਇਹ ਜਥੇਬੰਦੀ ਨੌਜਵਾਨਾ ਵਿਚ ਮਕਬੂਲ ਹੈ ਅਤੇ ਪ੍ਰਵਾਸੀਆਂ ਦੇ ਮੁਲਕ ਵਿਚ ਦਾਖਲੇ ਦਾ ਤਿੱਖਾ ਵਿਰੋਧ ਕਰਦੀ ਹੈ।

# ਅਮਰੀਕਾ ਵਿਚ 19 ਮੁਲਕਾਂ ਦੇ ਲੋਕ ਨਹੀਂ ਬਣ ਸਕਣਗੇ ਨਾਗਰਿਕ



ਵਾਸ਼ਿੰਗਟਨ, 3 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ 19 ਮੁਲਕਾਂ ਨਾਲ ਸਬੰਧਤ ਪ੍ਰਵਾਸੀਆਂ ਦੇ ਨਾਗਰਿਕ ਵਜੋਂ ਸਹੁੰ ਚੁੱਕਣ 'ਤੇ ਮੁਕੰਮਲ ਰੋਕ ਲਾ ਦਿਤੀ ਗਈ ਹੈ ਅਤੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਤਾਜ਼ਾ ਹੁਕਮਾਂ ਮਗਰੋਂ 15 ਲੱਖ ਤੋਂ ਵੱਧ ਅਸਾਇਲਮ ਅਰਜ਼ੀਆਂ ਪ੍ਰਭਾਵਤ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਮੰਗਲਵਾਰ ਰਾਤ ਜਾਰੀ ਕੀਤੇ ਗਏ ਪੌਲਿਸੀ ਮੈਮੋਰੈਂਡਮ ਮੁਤਾਬਕ ਡੌਨਲਡ ਟਰੰਪ 30 ਤੋਂ ਵੱਧ ਮੁਲਕਾਂ ਉਤੇ ਆਵਾਜਾਈ ਬੰਦਿਸ਼ਾਂ ਲਾਗੂ ਕਰਨ ਬਾਰੇ ਵੀ ਵਿਚਾਰ ਕਰ ਰਹੇ ਹਨ। 'ਦਾ ਨਿਊ ਯਾਰਕ ਟਾਈਮਜ਼' ਦੀ ਰਿਪੋਰਟ ਮੁਤਾਬਕ ਟਰੰਪ ਸਰਕਾਰ ਨੇ ਤੈਅ ਕਰ ਲਿਆ ਹੈ ਕਿ ਅਫ਼ਗਾਨਿਸਤਾਨ, ਮਿਆਂਮਾਰ, ਰਿਪਬਲਿਕ ਆਫ਼ ਕਾਂਗੋ, ਈਰਾਨ, ਹੈਤੀ, ਲੀਬੀਆ, ਸੋਮਾਲੀਆ, ਸੂਡਾਨ ਅਤੇ ਯਮਨ ਵਰਗੇ ਮੁਲਕਾਂ ਨਾਲ ਸਬੰਧਤ ਕੋਈ ਪ੍ਰਵਾਸੀ ਸਿਟੀਜ਼ਨਸ਼ਿਪ ਦੀ ਸਹੁੰ ਨਹੀਂ ਚੁੱਕ ਸਕੇਗਾ। ਅਫ਼ਗਾਨਿਸਤਾਨ ਦੇ ਨਾਗਰਿਕ ਵੱਲੋਂ ਕੀਤੀ ਗੋਲੀਬਾਰੀ ਮਗਰੋਂ ਰਾਸ਼ਟਰਪਤੀ ਡੌਨਲਡ ਟਰੰਪ ਇਕ ਮਗਰੋਂ ਇਕ ਸਖ਼ਤ ਇੰਮੀਗ੍ਰੇਸ਼ਨ ਫੈਸਲੇ ਸੁਣਾ ਰਹੇ ਹਨ। ਉਧਰ ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਮ ਨੇ ਇਕ ਕਦਮ ਹੋਰ ਅੱਗੇ ਵਧਾਉਂਦਿਆਂ ਕਿਹਾ ਕਿ ਸਾਡੇ ਦਾਦੇ-ਪੜਦਾਦਿਆਂ ਨੇ ਆਪਣੇ ਖ਼ੂਨ ਨਾਲ ਮੁਲਕ ਨੂੰ ਸਿੰਜਿਆ ਪਰ ਹੁਣ ਵਿਦੇਸ਼ਾਂ ਤੋਂ ਆ ਰਹੇ ਧਾੜਵੀ ਸਾਡੀ ਆਜ਼ਾਦੀ ਖੋਹਣਾ ਚਾਹੁੰਦੇ ਹਨ। ਟਰੰਪ ਸਰਕਾਰ ਅਜਿਹੇ ਇਰਾਦੇ ਕਦੇ ਵੀ ਸਫ਼ਲ ਨਹੀਂ ਹੋਣ ਦੇਵੇਗੀ। ਇੰਮੀਗ੍ਰੇਸ਼ਨ ਮਾਹਰਾਂ ਦਾ ਮੰਨਣਾ ਹੈ ਕਿ ਟਰੰਪ ਸਰਕਾਰ ਦੀ ਤਾਜ਼ਾ ਕਾਰਵਾਈ ਮਗਰੋਂ 50 ਹਜ਼ਾਰ ਉਹ ਲੋਕ ਵੀ ਪ੍ਰਭਾਵਤ ਹੋਣਗੇ ਜਿਨ੍ਹਾਂ ਨੂੰ ਬਾਇਡਨ ਸਰਕਾਰ ਵੇਲੇ ਪਨਾਹ ਦਿਤੀ ਗਈ।

# ਇੰਗਲੈਂਡ 'ਚ ਭਾਰਤੀ ਨੌਜਵਾਨ ਦਾ ਕਤਲ

## ਪਰਿਵਾਰ ਨੂੰ ਹੱਤਿਆ ਪਿੱਛੇ ਹਰਿਆਣਾ ਤੇ ਪੰਜਾਬ ਦੇ ਨੌਜਵਾਨਾਂ ਦਾ ਹੱਥ ਹੋਣ ਦਾ ਸ਼ੱਕ

ਹਿਸਾਰ, 29 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਹਰਿਆਣਾ ਦੇ ਚਰਖੀ ਦਾਦਰੀ ਜ਼ਿਲ੍ਹੇ ਦੇ 30 ਸਾਲਾ ਨੌਜਵਾਨ ਦੀ ਇੰਗਲੈਂਡ ਵਿੱਚ ਲੰਡਨ ਤੋਂ ਲਗਪਗ 215 ਕਿਲੋਮੀਟਰ ਦੂਰ ਵੋਰਸੈਸਟਰ ਸ਼ਹਿਰ ਵਿੱਚ ਕੁੱਝ ਵਿਅਕਤੀਆਂ ਨੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਉਸ ਦੀ ਪਛਾਣ ਵਿਜੈ ਕੁਮਾਰ ਸ਼ਿਓਰਾਨ ਵਜੋਂ ਹੋਈ ਹੈ। ਇਹ ਘਟਨਾ 25 ਨਵੰਬਰ ਦੀ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਸ਼ੱਕ ਹੈ ਕਿ ਇਸ ਹੱਤਿਆ ਪਿੱਛੇ ਉੱਥੇ ਰਹਿ ਰਹੇ ਹਰਿਆਣਾ ਅਤੇ ਪੰਜਾਬ ਦੇ ਕੁੱਝ ਵਿਅਕਤੀਆਂ ਦਾ ਹੱਥ ਹੈ। ਹਾਲਾਂਕਿ, ਇਸ ਸਬੰਧੀ ਇੰਗਲੈਂਡ ਦੀ ਪੁਲੀਸ ਨੇ ਕੋਈ ਖੁਲਾਸਾ ਨਹੀਂ ਕੀਤਾ। ਪਰਿਵਾਰ ਨੇ ਵਿਦੇਸ਼ ਮੰਤਰਾਲੇ ਨੂੰ ਵਿਜੈ ਕੁਮਾਰ ਦੀ ਲਾਸ਼ ਭਾਰਤ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਹੈ। ਚਰਖੀ ਦਾਦਰੀ ਜ਼ਿਲ੍ਹੇ ਦੀ ਬਧਰਾ ਸਬ-ਡਿਵੀਜ਼ਨ ਦੇ ਪਿੰਡ ਜਗਰਾਮਬਾਸ ਦੇ ਵਸਨੀਕ ਰਵੀ ਕੁਮਾਰ ਨੇ ਵਿਦੇਸ਼ ਮੰਤਰੀ ਨੂੰ ਲਿਖੇ



ਪੱਤਰ ਵਿੱਚ ਕਿਹਾ ਕਿ ਕੁੱਝ ਵਿਅਕਤੀਆਂ ਵੱਲੋਂ ਉਸ ਦੇ ਛੋਟੇ ਭਰਾ ਵਿਜੈ ਕੁਮਾਰ, ਜੋ ਬ੍ਰਿਸਟਲ ਵਿੱਚ ਯੂਨੀਵਰਸਿਟੀ ਆਫ ਦਿ ਵੈਸਟ ਆਫ ਇੰਗਲੈਂਡ (ਯੂ ਡਬਲਿਊ ਈ) ਵਿੱਚ ਪੜ੍ਹਾਈ ਕਰ ਰਿਹਾ ਸੀ, ਦੀ 25 ਨਵੰਬਰ ਨੂੰ ਹੱਤਿਆ ਕਰ ਦਿੱਤੀ ਗਈ। ਬਰਤਾਨੀਆ ਦੀ ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ। ਉਸ ਨੇ ਪੱਤਰ ਵਿੱਚ ਲਿਖਿਆ, ''ਅਸੀਂ ਮੰਤਰਾਲੇ ਨੂੰ ਮਦਦ ਦੀ ਅਪੀਲ ਕਰਦੇ ਹਾਂ ਤਾਂ ਜੋ ਮੇਰੇ ਭਰਾ ਦੀ ਦੇਹ ਅੰਤਿਮ ਰਸਮਾਂ ਲਈ ਭਾਰਤ ਲਿਆਂਦੀ ਜਾ ਸਕੇ।'' ਉਨ੍ਹਾਂ ਦੱਸਿਆ ਕਿ ਵਿਜੈ ਕੁਮਾਰ ਸੈਂਟਰਲ ਐਕਸਾਈਜ਼ ਤੇ ਕਸਟਮਜ਼ ਵਿਭਾਗ ਵਿੱਚ ਕੋਚੀ ਵਿੱਚ ਤਾਇਨਾਤ ਸੀ। ਉਹ ਨੌਕਰੀ ਛੱਡ ਕੇ ਉੱਚ ਪੜ੍ਹਾਈ ਲਈ ਇਸ ਸਾਲ ਸ਼ੁਰੂ ਵਿੱਚ ਇੰਗਲੈਂਡ ਗਿਆ ਸੀ।

# ਇਮਰਾਨ ਉਤੇ ਪਾਕਿਸਤਾਨ ਛੱਡਣ ਲਈ ਦਬਾਅ: ਤਹਿਰੀਕ-ਏ-ਇਨਸਾਫ਼

## ਇਮਰਾਨ ਖਾਨ ਅਦਿਆਲਾ ਜੇਲ੍ਹ ਵਿੱਚ ਜ਼ਿੰਦਾ', ਸਰਕਾਰ ਉਨ੍ਹਾਂ ਦੀ ਪ੍ਰਸਿੱਧੀ ਤੋਂ ਡਰੀ ਹੋਈ: ਜੀਸ਼ਾਨ

ਨਵੀਂ ਦਿੱਲੀ, 29 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਮੌਤ ਦੀਆਂ ਅਫਵਾਹਾਂ ਨੂੰ ਖਾਰਜ ਕਰਦਿਆਂ, ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਸੰਸਦ ਮੈਂਬਰ ਖੁਰਮ ਜ਼ੀਸ਼ਾਨ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਜ਼ਿੰਦਾ ਹਨ ਅਤੇ ਇਸ ਸਮੇਂ ਅਦਿਆਲਾ ਜੇਲ੍ਹ ਵਿੱਚ ਬੰਦ ਹਨ।



ਉਨ੍ਹਾਂ ਅੱਗੇ ਕਿਹਾ ਕਿ ਖਾਨ ਨੂੰ ਪਾਕਿਸਤਾਨ ਛੱਡਣ ਲਈ ਦਬਾਅ ਪਾਉਣ ਦੀ ਚਾਲ ਵਜੋਂ ਇਕਾਂਤਵਾਸ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਰਕਾਰ ਇਮਰਾਨ ਖਾਨ ਦੀ ਪ੍ਰਸਿੱਧੀ ਤੋਂ ਡਰੀ ਹੋਈ ਹੈ, ਇਸੇ ਲਈ ਉਨ੍ਹਾਂ ਦੀਆਂ ਕੋਈ ਤਸਵੀਰਾਂ ਜਾਂ ਵੀਡੀਓ ਜਾਰੀ ਨਹੀਂ ਕਰਨ ਦਿੱਤੀਆਂ।

ਇਸ ਹਫਤੇ ਦੇ ਸ਼ੁਰੂ ਵਿੱਚ, ਅਫਗਾਨਿਸਤਾਨ ਦੇ ਕਈ ਸੋਸ਼ਲ ਮੀਡੀਆ ਹੈਂਡਲਾਂ ਨੇ ਦਾਅਵਾ ਕੀਤਾ ਸੀ ਕਿ ਇਮਰਾਨ ਖਾਨ ਨੂੰ ਰਾਵਲਪਿੰਡੀ ਦੀ ਜੇਲ੍ਹ ਵਿੱਚ ਕਤਲ ਕਰ ਦਿੱਤਾ ਗਿਆ ਸੀ। ਇਹ ਅਫਵਾਹਾਂ ਇਸ ਗੱਲ ਦੇ ਨਾਲ ਮਿਲੀਆਂ ਹਨ ਕਿ ਪਾਕਿਸਤਾਨੀ ਅਧਿਕਾਰੀਆਂ ਨੇ ਅਦਾਲਤੀ ਹੁਕਮਾਂ ਦੇ ਬਾਵਜੂਦ ਇਮਰਾਨ ਦੀਆਂ ਭੈਣਾਂ ਨੂੰ ਪਿਛਲੇ ਇੱਕ ਮਹੀਨੇ ਤੋਂ ਉਨ੍ਹਾਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਹੈ।

ਉਨ੍ਹਾਂ ਦੱਸਿਆ, "ਇਹ ਬਹੁਤ ਮੰਦਭਾਗਾ ਹੈ। ਉਨ੍ਹਾਂ ਨੂੰ ਅਲੱਗ ਰੱਖਿਆਂ ਨੂੰ ਲਗਭਗ ਇੱਕ ਮਹੀਨਾ ਹੋ ਗਿਆ ਹੈ ਅਤੇ ਉਨ੍ਹਾਂ ਦੇ ਪਰਿਵਾਰ, ਉਨ੍ਹਾਂ ਦੇ ਵਕੀਲਾਂ, ਅਤੇ ਇੱਥੋਂ ਤੱਕ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੀ ਸੀਨੀਅਰ ਲੀਡਰਸ਼ਿਪ ਨੂੰ ਵੀ ਉਨ੍ਹਾਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਇਹ ਮਨੁੱਖੀ ਅਧਿਕਾਰਾਂ ਦੀ ਪੂਰੀ ਉਲੰਘਣਾ ਹੈ। ਜਾਪਦਾ ਹੈ ਕਿ ਉਹ ਉਨ੍ਹਾਂ 'ਤੇ ਕੁਝ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।"

ਅਫਵਾਹਾਂ 'ਤੇ ਵਿਰਾਮ ਲਗਾਉਂਦੇ ਹੋਏ, ਜ਼ੀਸ਼ਾਨ ਨੇ ਕਿਹਾ, "ਪਿਛਲੇ ਕੁਝ ਦਿਨਾਂ ਵਿੱਚ, ਸਾਨੂੰ ਗਾਰੰਟੀ ਦਿੱਤੀ ਗਈ ਹੈ, ਸਾਨੂੰ ਭਰੋਸਾ ਦਿੱਤਾ ਗਿਆ ਹੈ। ਉਹ ਜ਼ਿੰਦਾ ਹਨ ਅਤੇ ਇਸ ਸਮੇਂ ਅਦਿਆਲਾ ਜੇਲ੍ਹ ਵਿੱਚ ਬੰਦ ਹਨ। ਉਹ ਠੀਕ ਹਨ।"

ਜਦੋਂ ਪੁੱਛਿਆ ਗਿਆ ਕਿ ਪਾਕਿਸਤਾਨ ਸਰਕਾਰ ਇਮਰਾਨ ਖਾਨ ਨਾਲ ਕਿਸ ਤਰ੍ਹਾਂ ਦਾ ਸਮਝੌਤਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਸੈਨੇਟਰ ਨੇ ਕਿਹਾ ਕਿ ਉਨ੍ਹਾਂ ਨੂੰ ਦੇਸ਼ ਛੱਡਣ ਅਤੇ ਚੁੱਪ ਰਹਿਣ ਲਈ ਕਿਹਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ, "ਉਹ ਇਮਰਾਨ ਖਾਨ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਦੇਸ਼ ਛੱਡਣ ਲਈ ਕਹਿ ਰਹੇ ਹਨ। ਉਹ ਉਨ੍ਹਾਂ ਨੂੰ ਇਹ ਵੀ ਵਾਅਦਾ ਕਰਦੇ ਹਨ ਕਿ ਜੇਕਰ ਉਹ ਵਿਦੇਸ਼ ਜਾਂਦੇ ਹਨ ਅਤੇ ਆਪਣੀ ਪਸੰਦ ਦੀ ਜਗ੍ਹਾ 'ਤੇ ਚੁੱਪ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਰਿਆਇਤਾਂ ਮਿਲਣਗੀਆਂ। ਪਰ ਇਮਰਾਨ ਖਾਨ ਇਸ ਲਈ ਕਦੇ ਸਹਿਮਤ ਨਹੀਂ ਹੋਣਗੇ। ਉਹ ਜਿਸ ਤਰ੍ਹਾਂ ਦੇ ਆਗੂ ਹਨ, ਉਹ ਕਦੇ ਵੀ ਇਸ ਨੂੰ ਮਨਜ਼ੂਰੀ ਨਹੀਂ ਦੇਣਗੇ।" ਜਦੋਂ ਪੁੱਛਿਆ ਗਿਆ ਕਿ ਇਮਰਾਨ ਖਾਨ ਦੇ ਜੇਲ੍ਹ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਕੋਈ ਫੋਟੋਆਂ ਕਿਉਂ ਨਹੀਂ ਜਾਰੀ ਕੀਤੀਆਂ ਗਈਆਂ, ਤਾਂ ਜ਼ੀਸ਼ਾਨ ਨੇ ਕਿਹਾ ਕਿ ਪਾਕਿਸਤਾਨ ਦੀ ਸੱਤਾਧਾਰੀ ਸਰਕਾਰ ਡਰੀ ਹੋਈ ਜਾਪਦੀ ਹੈ, ਡਰਦੀ ਹੈ ਕਿ ਇੱਕ ਵੀ ਤਸਵੀਰ ਜਨਤਾ ਦੇ ਸਮਰਥਨ ਨੂੰ



















HIGH RETURNS INVESTMENT
with principal protection
TAX FREE SAVING ACCOUNT
RRSP RESP RDSP
INVESTMENT
LOANS
INSURANCE
• Life • Critical • Disability
Ravinder Singh
(Financial Advisor)
QUANTUM FINANCIAL PLANNING INC.
416-303-2828
7420 Airport Rd, Suite-107, Mississuaga, ON, L4T 4E5

WISE WORLD CLASS IMMIGRATION SERVICES ENTITY INC.
We Specialize in Processing All Kinds of Immigration Applications as
SPOUSAL & PARENTAL SPONSORSHIP
SKILLED WORKERS CLASS
WORK PERMITS
ARRANGED EMPLOYMENTS
LIVE IN CARE GIVER (NANNY)
PROVINCIAL NOMINEE PROGRAM
Arvinder Singh
Member ICCRC
CALL FOR BEST RATES & FREE CONSULTATION
905-670-5597
Unit # 10, 1332 Khalsa Dr., MISSISSAUGA FAX: 905-670-5514
website: www.wisecanada.ca, email: info@wisecanada.ca

Brampton Denture & Implant Clinic
OUR SERVICES
CUSTOMIZED COMPELETE DENTURES
IMMEDIATE DENTURES
PARTIAL DENTURES
IMPLANT RETAINED DENTURES
ਤੁਹਾਡੀ ਮੁਸਕਰਾਹਟ ਹੀ ਸਾਡੀ ਮੁਸਕਾਨ ਹੈ
DENTURE SERVICE AVAILABLE IN BRAMPTON
CANADIAN DENTAL CARE PLAN ACCEPTED
BOOK YOUR FREE CONSULTATION!!
JALPA TALATI DD
9057810144
312-2250 BOVAIRD DRIVE EAST BRAMPTON L6R0W3
bramptondentureimplantclinic@gmail.com

KANG TAX & FINANCIAL SERVICES
SUKHWINDER KANG
(M.Sc.CFP) Financial Advisor
* Personal and Corporate Tax Filings
* RDSP, RESP, RRSP, TFSA Plans
* Mutual Funds provided by Carte Wealth Management Inc.
**Tax Planning & Filings provided by Kang Tax & Financial Services
Free Tax Filing For New Immigrants
Carte WEALTH MANAGEMENT INC.
Email: skangtax@hotmail.com
416-271-4877
2645 ISLINGTON AVENUE, Unit# 101, ETOBICOKE
ALBION & ISLINGTON (OVER INDIA BAZAR GROCERY STORE)

# ਕੈਨੇਡਾ ਤੋਂ ਭਗੌੜੇ 2 ਪੰਜਾਬੀ ਟ੍ਰਾਂਸਪੋਰਟਰਾਂ ’ਚੋਂ ਇਕ ਕਾਬੂ

## ਖ਼ੁਸ਼ਦੀਪ ਸਿੰਘ ਵਿਰੁੱਧ ਕੈਨੇਡਾ ਪੱਧਰੀ ਵਾਰੰਟ ਜਾਰੀ

ਬਰੈਂਪਟਨ, 28 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਛੱਡ ਕੇ ਫ਼ਰਾਰ ਹੋਏ 2 ਪੰਜਾਬੀ ਟ੍ਰਾਂਸਪੋਰਟਰਾਂ ਵਿਚੋਂ ਇਕ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ ਅਤੇ 300 ਕਿਲੋ ਕੋਕੀਨ ਤਸਕਰੀ ਦਾ ਮਾਮਲਾ ਕਈ ਗੁੱਝੀਆਂ ਪਰਤਾਂ ਫਰੋਲ ਸਕਦਾ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਬਰੈਂਪਟਨ ਨਾਲ ਸਬੰਧਤ 32 ਸਾਲ ਦੇ ਲਵਦੀਪ ਸਿੰਘ ਅਤੇ 29 ਸਾਲ ਦੇ ਖ਼ੁਸ਼ਦੀਪ ਸਿੰਘ ਵਿਰੁੱਧ ਸਾਜ਼ਿਸ਼ ਘੜਨ ਅਤੇ ਅਪਰਾਧ ਰਾਹੀਂ ਹਾਸਲ ਪ੍ਰੌਪਰਟੀ ਰੱਖਣ ਦੇ ਦੋਸ਼ ਆਇਦ ਕੀਤੇ ਗਏ ਜਦੋਂ ਬਲੂ ਵਾਟਰ ਬ੍ਰਿਜ ਰਾਹੀਂ ਅਮਰੀਕਾ ਤੋਂ ਕੈਨੇਡਾ ਦਾਖਲ ਹੋ ਰਹੇ ਇਕ ਟਰੱਕ ਵਿਚੋਂ 300 ਕਿਲੋ ਕੋਕੀਨ ਜ਼ਬਤ ਕੀਤੀ ਗਈ। ਅਦਾਲਤੀ ਕਾਰਵਾਈ ਕਹਿੰਦੀ ਹੈ ਕਿ ਟਰੱਕ ਰਵਿੰਦਰਬੀਰ ਸਿੰਘ ਚਲਾ ਰਿਹਾ ਸੀ ਅਤੇ ਉਸ ਨੇ ਕਥਿਤ ਤੌਰ ‘ਤੇ ਲਵਦੀਪ ਸਿੰਘ ਅਤੇ ਖ਼ੁਸ਼ਦੀਪ ਸਿੰਘ ਦੇ ਕਹਿਣ ‘ਤੇ ਇਹ ਸਭ ਕੀਤਾ। ਦੱਸ ਦੇਈਏ ਕਿ 23 ਸਾਲ ਦੇ ਰਵਿੰਦਰਬੀਰ ਸਿੰਘ ਨੂੰ ਇਸ ਸਾਲ ਮਾਰਚ ਵਿਚ ਕੈਨੇਡੀਅਨ ਕਸਟਮਜ਼ ਅਫ਼ਸਰਾਂ ਨੇ ਕਾਬੂ ਕੀਤਾ। ਮਾਮਲੇ ਦੀ ਪੜਤਾਲ ਅੱਗੇ ਵਧੀ ਤਾਂ ਲਵਦੀਪ ਸਿੰਘ ਅਤੇ ਖ਼ੁਸ਼ਦੀਪ ਸਿੰਘ ਵਿਰੁੱਧ 1 ਜਨਵਰੀ 2024 ਤੋਂ 16 ਜੁਲਾਈ 2025 ਦਰਮਿਆਨ ਕੋਕੀਨ ਅਤੇ ਮੈਥਮਫੈਟਾਮਿਨ ਕੈਨੇਡਾ ਮੰਗਵਾਉਣ ਦੀ ਸਾਜ਼ਿਸ਼ ਦੇ ਦੋਸ਼ ਆਇਦ ਕੀਤੇ ਗਏ। ਇਸੇ ਸਾਲ 16 ਜੁਲਾਈ ਨੂੰ ਮੁੜ ਦੋਹਾਂ ਵਿਰੁੱਧ ਅਪਰਾਧ ਰਾਹੀਂ ਹਾਸਲ 1 ਲੱਖ 15 ਹਜ਼ਾਰ 250 ਡਾਲਰ ਦੀ ਨਕਦ ਰਕਮ ਰੱਖਣ ਦੇ ਦੋਸ਼ ਆਇਦ ਕੀਤੇ ਗਏ। ਆਰ.ਸੀ.ਐਮ.ਪੀ. ਦੇ ਇਕ ਬੁਲਾਰੇ ਤੋਂ ਮਿਲੀ ਜਾਣਕਾਰੀ ਮੁਤਾਬਕ ਰਵਿੰਦਰਬੀਰ ਸਿੰਘ, ਬਤੌਰ ਟਰੱਕ ਡਰਾਈਵਰ ਡਿਵਾਈਨ ਫਰੇਟਲਾਈਨਜ਼



ਵਾਸਤੇ ਕੰਮ ਕਰ ਰਿਹਾ ਸੀ ਅਤੇ ਕੰਪਨੀ ਦੇ ਮਾਲਕ ਲਵਦੀਪ ਸਿੰਘ ਅਤੇ ਖ਼ੁਸ਼ਦੀਪ ਸਿੰਘ ਦੇ ਨਾਂ ‘ਤੇ ਦਰਜ ਮਿਲੀ। ਰਵਿੰਦਰਬੀਰ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਆਰ.ਸੀ.ਐਮ.ਪੀ. ਨੇ ਤਲਾਸ਼ੀ ਵਾਰੰਟਾਂ ਦੇ ਆਧਾਰ ‘ਤੇ ਬਰੈਂਪਟਨ ਦੇ ਇਕ ਟਿਕਾਣੇ ‘ਤੇ ਛਾਪਾ ਮਾਰਿਆ ਅਤੇ ਲੰਮੀ ਚੌੜੀ ਵਿੱਤੀ ਜਾਣਕਾਰੀ ਹਾਸਲ ਕਰਨ ਵਿਚ ਸਫ਼ਲ ਰਹੀ ਜਿਸ ਦੇ ਆਧਾਰ ‘ਤੇ ਦੋਹਾਂ ਵਿਰੁੱਧ ਮੁਕੱਦਮੇ ਦੀ ਨੀਂਹ ਰੱਖੀ ਜਾ ਸਕੀ। ਪੁਲਿਸ ਦੀ ਤਲਾਸ਼ੀ ਮਗਰੋਂ ਲਵਦੀਪ ਅਤੇ ਖ਼ੁਸ਼ਦੀਪ ਕੈਨੇਡਾ ਛੱਡ ਕੇ ਇੰਡੀਆ ਚਲੇ ਗਏ ਪਰ ਲਵਦੀਪ ਨੇ ਵਾਪਸੀ ਕੀਤੀ ਤਾਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਜ਼ਮਾਨਤ ਅਰਜ਼ੀ ‘ਤੇ ਸੁਣਵਾਈ ਹੋਣ ਤੱਕ ਉਸ ਨੂੰ ਹਿਰਾਸਤ ਵਿਚ ਰੱਖਿਆ ਗਿਆ ਹੈ। ਆਰ.ਸੀ.ਐਮ.ਪੀ. ਦੇ ਇਕ ਬੁਲਾਰੇ ਨੇ ਦੱਸਿਆ ਕਿ ਖ਼ੁਸ਼ਦੀਪ ਸਿੰਘ ਹੁਣ ਤੱਕ ਫ਼ਰਾਰ ਹੈ ਅਤੇ ਉਸ ਵਿਰੁੱਧ ਕੈਨੇਡਾ ਪੱਧਰੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਜਾ ਚੁੱਕੇ ਹਨ। ਦੂਜੇ ਪਾਸੇ ਰਵਿੰਦਰਬੀਰ ਸਿੰਘ ਦੀ ਅਦਾਲਤ ਵਿਚ ਅਗਲੀ ਪੇਸ਼ੀ ਦਸੰਬਰ ਦੇ ਪਹਿਲੇ ਹਫ਼ਤੇ ਹੋਣੀ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਮਾਮਲੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸਾਰੇ ਸਵਾਲ ਆਰ.ਸੀ.ਐਮ.ਪੀ. ਵੱਲ ਭੇਜ ਦਿਤੇ।

ਬੀਤੇ ਦੋ ਸਾਲ ਦੌਰਾਨ ਤੀਜੀ ਵਾਰ ਟਰੱਕ ਡਰਾਈਵਰਾਂ ਵਿਰੁੱਧ ਨਸ਼ਾ ਤਸਕਰੀ ਦੇ ਦੋਸ਼ ਲੱਗਣ ਮਗਰੋਂ ਟ੍ਰਾਂਸਪੋਰਟ ਕੰਪਨੀਆਂ ਉਤੇ ਵੀ ਸ਼ਿਕੰਜਾ ਕਸਿਆ ਗਿਆ ਹੈ। ਜੂਨ 2024 ਵਿਚ ਬਰੈਂਪਟਨ ਦੀ ਹੀ ਇਕ ਟ੍ਰਾਂਸਪੋਰਟ ਫ਼ਰਮ ਦੇ ਮਾਲਕ ਨੂੰ ਕੋਕੀਨ ਤਸਕਰੀ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ। ਇਹ ਕਾਰਵਾਈ 460 ਕਿਲੋ ਕੋਕੀਨ ਬਰਾਮਦਗੀ ਮਗਰੋਂ ਕੀਤੀ ਗਈ ਜਿਸ ਦੀ ਅੰਦਾਜ਼ਨ ਕੀਮਤ 5 ਮਿਲੀਅਨ ਡਾਲਰ ਬਣਦੀ ਸੀ। 34 ਸਾਲਾ ਟਰੱਕ ਡਰਾਈਵਰ ਵੀ ਬਰੈਂਪਟਨ ਵਿਖੇ ਰਹਿੰਦਾ ਸੀ ਜਿਸ ਨੂੰ ਬਾਅਦ ਵਿਚ ਜ਼ਮਾਨ ਮਿਲ ਗਈ। ਇਸੇ ਤਰ੍ਹਾਂ ਅਪ੍ਰੈਲ 2023 ਵਿਚ ਮਿਸੀਸਾਗਾ ਦਾ ਇਕ ਟਰੱਕ ਡਰਾਈਵਰ 45 ਕਿਲੋ ਕੋਕੀਨ ਸਣੇ ਕੌਮਾਂਤਰੀ ਬਾਰਡਰ ਤੋਂ ਕਾਬੂ ਕੀਤਾ ਗਿਆ ਜਿਸ ਮਗਰੋਂ ਬਰੈਂਪਟਨ ਦੇ 43 ਸਾਲਾ ਸ਼ਖਸ ‘ਤੇ ਨਸ਼ਾ ਤਸਕਰੀ ਦੀ ਸਾਜ਼ਿਸ਼ ਘੜਨ ਦੇ ਦੋਸ਼ ਲੱਗੇ।

# ਟਰੰਪ ਦਾ ਨਵਾਂ ਕਾਰਨਾਮਾ : ਜੇਲਾਂ ’ਚ ਅਪਰਾਧੀ ਘੱਟ, ਬੇਕਸੂਰ ਵੱਧ

## 31 ਹਜ਼ਾਰ ਗੈਰਕਾਨੂੰਨੀ ਪ੍ਰਵਾਸੀ ਵਿਰੁੱਧ ਨਹੀਂ ਕੋਈ ਅਪਰਾਧਕ ਦੋਸ਼

ਵਾਸ਼ਿੰਗਟਨ, 28 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਟਰੰਪ ਸਰਕਾਰ ਵੱਲੋਂ ਲੱਖਾਂ ਪ੍ਰਵਾਸੀਆਂ ਨੂੰ ਡਿਪੋਰਟ ਕੀਤੇ ਜਾਣ ਦੀ ਪ੍ਰਵਾਹ ਨਾ ਕਰਦਿਆਂ ਮੈਕਸੀਕੋ ਦੇ ਰਸਤੇ ਅਮਰੀਕਾ ਦਾਖਲ ਹੋਏ ਤਕਰੀਬਨ 170 ਪ੍ਰਵਾਸੀਆਂ ਦੇ ਇਕ ਜਥੇ ਨੂੰ ਬਾਰਡਰ ਏਜੰਟਾਂ ਨੇ ਕਾਬੂ ਕਰ ਲਿਆ ਜਿਨ੍ਹਾਂ ਵਿਚੋਂ 12 ਪੰਜਾਬੀ ਦੱਸੇ ਜਾ ਰਹੇ ਹਨ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਊਰਿਟੀ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਮੁਲਕ ਦੇ ਵੱਖ ਵੱਖ ਇੰਮੀਗ੍ਰੇਸ਼ਨ ਹਿਰਾਸਤੀ ਕੇਂਦਰਾਂ ਵਿਚ ਬੰਦ 65 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਵਿਚੋਂ 52,510 ਆਈਸ ਨੇ ਕਾਬੂ ਕੀਤੇ ਜਦਕਿ 12,625 ਨੂੰ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਾਲਿਆਂ ਨੂੰ ਹਿਰਾਸਤ ਵਿਚ ਲਿਆ। ਦੇਸ਼ ਨਿਕਾਲੇ ਦੀ ਉਡੀਕ ਕਰ ਰਹੇ 31 ਹਜ਼ਾਰ ਪ੍ਰਵਾਸੀਆਂ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਜਦਕਿ ਵੱਖ ਵੱਖ ਮਾਮਲਿਆਂ ਵਿਚ ਦੋਸ਼ੀ ਠਹਿਰਾਏ ਜਾ ਚੁੱਕੇ 17,171 ਪ੍ਰਵਾਸੀ ਅਮਰੀਕਾ ਦੇ ਵੱਖ ਵੱਖ ਡਿਟੈਨਸ਼ਨ ਸੈਂਟਰਾਂ ਵਿਚ ਬੰਦ ਹਨ। ਬਗੈਰ ਅਪਰਾਧਕ ਪਿਛੋਕੜ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਜਨਵਰੀ ਤੋਂ ਬਾਅਦ 2 ਹਜ਼ਾਰ ਫ਼ੀ ਸਦੀ ਵਾਧਾ ਦੱਸਿਆ ਜਾ ਰਿਹਾ ਹੈ ਅਤੇ ਅਮਰੀਕਾ ਦੇ ਇਤਿਹਾਸ ਵਿਚ ਕਦੇ ਵੀ ਐਨੀ ਵੱਡੀ ਗਿਣਤੀ ਵਿਚ ਪ੍ਰਵਾਸੀ ਗ੍ਰਿਫ਼ਤਾਰ ਨਹੀਂ ਕੀਤੇ ਗਏ ਜਿਨ੍ਹਾਂ ਦਾ ਕੋਈ ਅਪਰਾਧਕ ਰਿਕਾਰਡ ਨਾ ਹੋਵੇ। ਡੀ.ਐਚ.ਐਸ. ਦੇ ਅੰਕੜੇ ਦਰਸਾਉਂਦੇ ਹਨ ਕਿ ਡਿਟੈਨਸ਼ਨ ਸੈਂਟਰਾਂ ਵਿਚ ਬੰਦ 16,798 ਪ੍ਰਵਾਸੀਆਂ ਵਿਰੁੱਧ ਅਤੀਤ ਵਿਚ ਵੱਖ ਵੱਖ ਦੋਸ਼ ਲੱਗੇ ਪਰ ਇਹ ਸਾਬਤ ਨਹੀਂ ਕੀਤੇ ਗਏ। ਵੀਜ਼ਾ ਮਿਆਦ ਲੰਘਣ



ਤੋਂ ਬਾਅਦ ਵੀ ਅਮਰੀਕਾ ਵਿਚ ਮੌਜੂਦ ਵਿਦੇਸ਼ੀ ਨਾਗਰਿਕਾਂ ਨੂੰ ਗੈਰਕਾਨੂੰਨੀ ਮੰਨਿਆ ਜਾਂਦਾ ਹੈ ਪਰ ਮੈਕਸੀਕੋ ਜਾਂ ਕੈਨੇਡਾ ਦਾ ਬਾਰਡਰ ਪਾਰ ਕਰ ਕੇ ਆਉਣ ਵਾਲੇ ਅਪਰਾਧੀਆਂ ਦੀ ਸ਼੍ਰੇਣੀ ਵਿਚ ਗਿਣੇ ਜਾ ਰਹੇ ਹਨ। ਇੰਮੀਗ੍ਰੇਸ਼ਨ ਹਮਾਇਤੀ ਜਥੇਬੰਦੀਆਂ ਦਾ ਕਹਿਣਾ ਹੈ ਕਿ 26 ਜਨਵਰੀ ਨੂੰ ਆਈਸ ਦੀ ਹਿਰਾਸਤ ਵਿਚ ਸਿਰਫ਼ 945 ਪ੍ਰਵਾਸੀ ਅਜਿਹੇ ਸਨ ਜਿਨ੍ਹਾਂ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਸੀ ਪਰ ਇਸ ਵੇਲੇ ਅੰਕੜਾ ਹਜ਼ਾਰਾਂ ਵਿਚ ਪੁੱਜ ਗਿਆ ਹੈ। ਸਿਰਫ਼ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵੱਲੋਂ 21,614 ਪ੍ਰਵਾਸੀ ਕਾਬੂ ਕੀਤੇ ਗਏ ਜਿਨ੍ਹਾਂ ਦਾ ਕੋਈ ਅਪਰਾਧਕ ਪਿਛੋਕੜ ਨਹੀਂ।

ਅਮਰੀਕਾ ਦੇ ਇਤਿਹਾਸ ਵਿਚ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਇੰਮੀਗ੍ਰੇਸ਼ਨ ਹਿਰਾਸਤੀ ਕੇਂਦਰਾਂ ਵਿਚ ਬੰਦ ਬਗੈਰ ਅਪਰਾਧਕ ਪਿਛੋਕੜ ਵਾਲੇ ਪ੍ਰਵਾਸੀਆਂ ਦੀ ਗਿਣਤੀ ਖ਼ਤਰਨਾਕ ਅਪਰਾਧੀਆਂ ਤੋਂ ਟੱਪ ਗਈ। ਦੂਜੇ ਪਾਸੇ ਡੀ.ਐਚ.ਐਸ. ਦੀ ਤਰਜਮਾਨ ਟ੍ਰਿਸ਼ੀਆ ਮੈਕਲਾਫ਼ਲਿਨ ਨੇ ਦਲੀਲ ਦਿਤੀ ਕਿ ਖ਼ਤਰਨਾਕ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿਚ ਕਾਤਲ, ਬਲਾਤਕਾਰੀ, ਗਿਰੋਹ ਮੈਂਬਰ ਅਤੇ ਅਤਿਵਾਦੀ ਸ਼ਾਮਲ ਹਨ। ਆਈਸ ਵੱਲੋਂ ਹਿਰਾਸਤ ਵਿਚ ਲਏ 70 ਫ਼ੀ ਸਦੀ ਵਿਦੇਸ਼ੀ ਨਾਗਰਿਕਾਂ ਵਿਰੁੱਧ ਦੋਸ਼ ਸਾਬਤ ਹੋ ਚੁੱਕੇ ਹਨ ਜਾਂ ਗੰਭੀਰ ਦੋਸ਼ ਲੱਗ ਚੁੱਕੇ ਹਨ। ਮੈਕਲਾਫ਼ਲਿਨ ਨੇ ਦਾਅਵਾ ਕੀਤਾ ਕਿ ਜਿਹੜੇ ਪ੍ਰਵਾਸੀਆਂ ਨੂੰ ਬਗੈਰ ਅਪਰਾਧਕ ਪਿਛੋਕੜ ਵਾਲੇ ਦੱਸਿਆ ਗਿਆ ਹੈ ਉਨ੍ਹਾਂ ਵਿਰੁੱਧ ਅਮਰੀਕਾ ਤੋਂ ਬਾਹਰ ਕ੍ਰਿਮੀਨਲ ਕੇਸ ਚੱਲ ਰਹੇ ਹਨ ਜਾਂ ਉਹ ਕੌਮੀ ਸੁਰੱਖਿਆ ਵਾਸਤੇ ਖ਼ਤਰਾ ਪੈਦਾ ਕਰ ਰਹੇ ਹਨ। ਇਸੇ ਦੌਰਾਨ ਬਾਰਡਰ ਜ਼ਾਰ ਟੌਮ ਹੋਮਨ ਅਤੇ ਆਈਸ ਦੇ ਕਾਰਜਕਾਰੀ ਡਾਇਰੈਕਟਰ ਟੌਡ ਲਿਔਨਜ਼ ਨੇ ਕਿਹਾ ਕਿ ਅਮਰੀਕਾ ਵਿਚ ਗੈਰਕਾਨੂੰਨੀ ਤੌਰ ‘ਤੇ ਮੌਜੂਦ ਹਰ ਸ਼ਖਸ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ, ਚਾਹੇ ਉਹ ਸਬੰਧਤ ਕਾਰਵਾਈ ਦੇ ਘੇਰੇ ਵਿਚ ਨਾ ਵੀ ਆਉਂਦੇ ਹੋਣ। ਚੇਤੇ ਰਹੇ ਕਿ ਬਾਇਡਨ ਸਰਕਾਰ ਵੇਲੇ ਅਜਿਹੀਆਂ ਗ੍ਰਿਫ਼ਤਾਰੀਆਂ ‘ਤੇ ਰੋਕ ਲੱਗੀ ਹੋਈ ਸੀ ਪਰ ਡੌਨਲਡ ਟਰੰਪ ਨੇ ਸੱਤਾ ਸੰਭਾਲਣ ਮਗਰੋਂ ਸਾਬਕਾ ਸਰਕਾਰ ਦੀ ਹਰ ਹਦਾਇਤ ਰੱਦ ਕਰ ਦਿਤੀ।

# ਆਕਸਫੋਰਡ ਯੂਨੀਅਨ ਦੀ ਬਹਿਸ ਰੱਦ ਹੋਣ ਮਗਰੋਂ ਭਾਰਤ-ਪਾਕਿ ਦਾ ਇੱਕ-ਦੂਜੇ ’ਤੇ ਦੋਸ਼

ਚੰਡੀਗੜ੍ਹ, 28 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਯੂਕੇ ਦੀ ਪ੍ਰਸਿੱਧ ਆਕਸਫੋਰਡ ਯੂਨੀਅਨ ਵਿਖੇ ਤੈਅ ਕੀਤੀ ਗਈ ਇੱਕ ਬਹਿਸ ਰੱਦ ਹੋਣ ਤੋਂ ਬਾਅਦ ਕਾਫ਼ੀ ਵਿਵਾਦਾਂ ਵਿੱਚ ਹੈ। ਇਸ ਦੌਰਾਨ ਭਾਰਤ ਅਤੇ ਪਾਕਿਸਤਾਨ ਨੇ ਆਖਰੀ ਸਮੇਂ ‘ਤੇ ਇੱਕ-ਦੂਜੇ ਦੇ ਪਿੱਛੇ ਹਟਣ ਦਾ ਦੋਸ਼ ਲਗਾਇਆ ਹੈ, ਜਿਸ ਕਾਰਨ ਪ੍ਰੋਗਰਾਮ ਰੱਦ ਹੋ ਗਿਆ।

“ਭਾਰਤ ਦੀ ਪਾਕਿਸਤਾਨ ਪ੍ਰਤੀ ਨੀਤੀ ਇੱਕ ਲੋਕਪ੍ਰਿਯ ਰਣਨੀਤੀ ਹੈ ਜੋ ਸੁਰੱਖਿਆ ਨੀਤੀ ਵਜੋਂ ਵੇਚੀ ਜਾਂਦੀ ਹੈ” ਸਿਰਲੇਖ ਵਾਲੀ ਇਹ ਬਹਿਸ ਵੀਰਵਾਰ ਲਈ ਤੈਅ ਕੀਤੀ ਗਈ ਸੀ ਅਤੇ ਇਸ ਵਿੱਚ ਦੋਵਾਂ ਧਿਰਾਂ ਦੇ ਪ੍ਰਮੁੱਖ ਬੁਲਾਰਿਆਂ ਨੇ ਸ਼ਾਮਲ ਹੋਣਾ ਸੀ। ਪਰ ਇਸ ਦੇ ਨਿਰਧਾਰਤ ਸਮੇਂ ਤੋਂ ਕੁਝ ਘੰਟੇ ਪਹਿਲਾਂ ਹੀ ਉਲਝਣ ਪੈਦਾ ਹੋ ਗਈ ਕਿ ਕੌਣ ਇਸ ਬਹਿਸ ਤੋਂ ਪਿੱਛੇ ਹਟਿਆ ਅਤੇ ਕਿਉਂ।

ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਯੂਕੇ ਵਿੱਚ ਪਾਕਿਸਤਾਨ ਹਾਈ ਕਮਿਸ਼ਨ ਨੇ X (ਪਹਿਲਾਂ ਟਵਿੱਟਰ) ‘ਤੇ ਇੱਕ ਪੋਸਟ ਵਿੱਚ ਕਿਹਾ ਕਿ ਭਾਰਤੀ ਬੁਲਾਰੇ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਪਿੱਛੇ ਹਟ ਗਏ ਹਨ, ਜਿਸ ਨਾਲ ਪਾਕਿਸਤਾਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ “ਵਾਕਓਵਰ” ਮਿਲ ਗਿਆ। ਹਾਈ ਕਮਿਸ਼ਨ ਅਨੁਸਾਰ ਪਾਕਿਸਤਾਨੀ ਵਫ਼ਦ ਸਾਬਕਾ ਵਿਦੇਸ਼ ਮੰਤਰੀ ਹਿਨਾ ਰੱਬਾਨੀ ਖਾਰ, ਹਾਈ ਕਮਿਸ਼ਨਰ ਮੁਹੰਮਦ ਫੈਜ਼ਲ,



ਅਤੇ ਸਾਬਕਾ ਫੌਜੀ ਜਨਰਲ ਜ਼ੁਬੈਰ ਮਹਿਮੂਦ ਹਯਾਤ ਪਹਿਲਾਂ ਹੀ ਲੰਡਨ ਪਹੁੰਚ ਚੁੱਕੇ ਸਨ ਅਤੇ ਆਕਸਫੋਰਡ ਜਾਣ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਦੇ ਬਿਆਨ ਵਿੱਚ ਭਾਰਤ ਦੇ ਕਥਿਤ ਬੁਲਾਰਿਆਂ ਸਾਬਕਾ ਫੌਜ ਮੁਖੀ ਜਨਰਲ ਐੱਮ. ਐੱਮ. ਨਰਵਾਨੇ, ਸਿਆਸਤਦਾਨ ਸੁਬਰਾਮਨੀਅਮ ਸਵਾਮੀ ਅਤੇ ਕਾਂਗਰਸੀ ਨੇਤਾ ਸਚਿਨ ਪਾਇਲਟ ਦੇ ਨਾਮ ਵੀ ਲਏ ਗਏ ਸਨ। ਪਾਕਿਸਤਾਨੀ ਟੀਵੀ ਐਂਕਰ ਵਜਾਹਤ ਕਾਜ਼ਮੀ ਨੇ ਤਾਂ ਇੱਥੋਂ ਤੱਕ ਇੱਕ ਬੌਧਿਕ ਜਿੱਤ ਦਾ ਐਲਾਨ ਕਰ ਦਿੱਤਾ ਅਤੇ ਇਹ ਦੋਸ਼ ਲਾਇਆ ਕਿ ਭਾਰਤੀ ਧਿਰ ਨੇ “ਹੇਠਲੇ ਪੱਧਰ ਦੇ ਬਦਲਾਂ” ਨੂੰ ਉਤਾਰਨ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ ਵਕੀਲ ਜੇ. ਸਾਈ ਦੀਪਕ, ਜੋ ਪੁਸ਼ਟੀ ਕੀਤੇ ਗਏ ਬੁਲਾਰਿਆਂ ਵਿੱਚੋਂ ਇੱਕ ਸਨ, ਨੇ ਪਾਕਿਸਤਾਨ ਦੇ ਬਿਆਨ ਨੂੰ ਰੱਦ ਕਰ ਦਿੱਤਾ ਅਤੇ ਇਸਨੂੰ ਬੇਸ਼ਰਮੀ ਅਤੇ ਬੇਬਸੀ ਵਾਲਾ ਬਿਆਨ ਕਿਹਾ। ਦੀਪਕ ਨੇ ਆਕਸਫੋਰਡ ਯੂਨੀਅਨ ਦੀ ਇੱਕ ਈਮੇਲ ਸਾਂਝੀ ਕੀਤੀ ਜਿਸ ਵਿੱਚ ਪਿਛਲੇ ਮਹੀਨੇ ਹੀ ਉਸਦੀ ਭਾਗੀਦਾਰੀ ਦੀ ਪੁਸ਼ਟੀ ਕੀਤੀ ਗਈ ਸੀ। ਉਨ੍ਹਾਂ ਸਮਝਾਇਆ ਕਿ ਭਾਵੇਂ ਨਰਵਾਨੇ ਅਤੇ ਸਵਾਮੀ ਪਿੱਛੇ ਹਟ ਗਏ ਸਨ, ਪਰ ਯੂਨੀਅਨ ਨੇ ਬਦਲਵੇਂ ਬੁਲਾਰੇ — ਸੁਹੇਲ ਸੇਠ ਅਤੇ ਸ਼ਿਵ ਸੈਨਾ (ਯੂਬੀਟੀ) ਦੀ ਸੰਸਦ ਮੈਂਬਰ ਪ੍ਰਿਅੰਕਾ ਚਤੁਰਵੇਦੀ — ਦਾ ਪ੍ਰਬੰਧ ਕੀਤਾ ਸੀ, ਪਰ ਇਨ੍ਹਾਂ ਦੋਵਾਂ ਨੇ ਘੱਟ ਸਮੇਂ ਕਾਰਨ ਮਨ੍ਹਾ ਕਰ ਦਿੱਤਾ।

# ਟਰੰਪ ਨੇ ਸੁੱਟਿਆ ਇੰਮੀਗ੍ਰੇਸ਼ਨ ਬੰਬ, ਭਾਰਤੀਆਂ ਲਈ ਦਰਵਾਜ਼ੇ ਬੰਦ

## ਅਮਰੀਕਾ ਵਿਚ ਕਦਮ ਨਹੀਂ ਰੱਖ ਸਕਣਗੇ ਤੀਜੀ ਦੁਨੀਆਂ ਦੇ ਲੋਕ

ਵਾਸ਼ਿੰਗਟਨ, 28 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਡੌਨਲਡ ਟਰੰਪ ਨੇ ਇੰਮੀਗ੍ਰੇਸ਼ਨ ਬੰਬ ਚਲਾਉਂਦਿਆਂ ਭਾਰਤ ਸਣੇ ਤੀਜੀ ਦੁਨੀਆਂ ਦੇ ਮੁਲਕਾਂ ਨਾਲ ਸਬੰਧਤ ਲੋਕਾਂ ਦਾ ਅਮਰੀਕਾ ਵਿਚ ਦਾਖਲਾ ਬੰਦ ਕਰ ਦਿਤਾ ਹੈ ਅਤੇ 19 ਹੋਰਨਾਂ ਮੁਲਕਾਂ ਦੇ ਨਾਗਰਿਕਾਂ ਨੂੰ ਮਿਲੇ ਗਰੀਨ ਕਾਰਡਜ਼ ਦੀ ਡੂੰਘਾਈ ਨਾਲ ਸਮੀਖਿਆ ਕਰਨ ਦੇ ਹੁਕਮ ਦਿਤੇ ਹਨ। ਜੀ ਹਾਂ, ਅਫ਼ਗਾਨਿਸਤਾਨ ਦੇ ਰਹਿਮਾਨਉਲਾ ਲਕਨਵਾਲ ਵੱਲੋਂ ਕੀਤੀ ਗੋਲੀਬਾਰੀ ਮਗਰੋਂ ਅਮਰੀਕਾ ਦੇ ਇਤਿਹਾਸ ਦੀਆਂ ਸਭ ਤੋਂ ਸਖ਼ਤ ਇੰਮੀਗ੍ਰੇਸ਼ਨ ਬੰਦਿਸ਼ਾਂ ਲਾਗੂ ਕਰਨ ਦਾ ਐਲਾਨ ਕੀਤਾ ਹੈ। ਸੋਸ਼ਲ ਮੀਡੀਆ ਰਾਹੀਂ ਵੀਰਵਾਰ ਰਾਤ ਕੀਤੀ ਟਿੱਪਣੀ ਵਿਚ ਟਰੰਪ ਨੇ ਕਿਹਾ, ‘‘ਅਮਰੀਕਾ ਦੇ ਪੂਰੀ ਤਰ੍ਹਾਂ ਸੁਰਖਰੂ ਹੋਣ ਤੱਕ ਤੀਜੀ ਦੁਨੀਆਂ ਦੇ ਹਰ ਮੁਲਕ ਤੋਂ ਮਾਇਗ੍ਰੇਸ਼ਨ ਉਤੇ ਪੱਕੀ ਰੋਕ ਲਾਈ ਜਾ ਰਹੀ ਹੈ।’’ ਇਕ ਹੋਰ ਅਹਿਮ ਐਲਾਨ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕਾ ਵਿਚ ਮੌਜੂਦ ਗੈਰਨਾਗਰਿਕਾਂ ਨੂੰ ਹੁਣ ਕੋਈ ਫੈਡਰਲ ਲਾਭ ਨਹੀਂ ਮਿਲੇਗਾ ਅਤੇ ਸਿਰਫ਼ ਰਿਵਰਸ ਮਾਇਗ੍ਰੇਸ਼ਨ ਹੀ ਮੁਲਕ ਨੂੰ ਇਨ੍ਹਾਂ ਹਾਲਾਤ ਵਿਚੋਂ ਬਾਹਰ ਆਉਣ ਵਿਚ ਮਦਦ ਕਰ ਸਕਦੀ ਹੈ। ਮਹਿਲਾ ਨੈਸ਼ਨਲ ਗਾਰਡ



ਦੀ ਮੌਤ ਤੋਂ ਦੁਖੀ ਡੌਨਲਡ ਟਰੰਪ ਦਾ ਗੁੱਸਾ ਸੱਤਵੇਂ ਅਸਮਾਨ ‘ਤੇ ਨਜ਼ਰ ਆਇਆ ਅਤੇ ਉਨ੍ਹਾਂ ਕਿਹਾ ਕਿ 5 ਕਰੋੜ 30 ਲੱਖ ਵਿਦੇਸ਼ੀ ਨਾਗਰਿਕ ਅਮਰੀਕਾ ਵਿਚ ਮੌਜੂਦ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਸੋਸ਼ਲ ਵੈਲਫੇਅਰ ਵਰਗੀਆਂ ਸਹੂਲਤਾਂ ਦਾ ਆਨੰਦ ਲੈ ਰਹੇ ਹਨ। ਅਜਿਹੇ ਲੋਕਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਦੇਸ਼ ਭਗਤ ਅਮਰੀਕਾ ਵਾਸੀਆਂ ਦੀਆਂ ਜੇਬਾਂ ਵਿਚੋਂ ਆਉਣ ਵਾਲੀ ਰਕਮ ਨਾਲ ਪਾਲਿਆ ਜਾ ਰਿਹਾ ਹੈ। ਇਸ ਗੈਰਜ਼ਰੂਰੀ ਬੋਝ ਨੇ ਹੀ ਅਮਰੀਕਾ ਦੀ ਸਮਾਜਿਕ ਤਾਣੀ ਉਲਝਾ ਕੇ ਰੱਖ ਦਿਤੀ ਅਤੇ ਦੂਜੀ ਆਲਮੀ ਜੰਗ ਤੋਂ ਬਾਅਦ ਅਜਿਹੇ ਹਾਲਾਤ ਕਦੇ ਨਹੀਂ ਬਣੇ ਜਦੋਂ ਅਪਰਾਧ ਸਿਖਰਾਂ ‘ਤੇ ਹੈ, ਸ਼ਹਿਰੀ ਇਲਾਕੇ ਸੜ ਰਹੇ ਹਨ, ਹਸਪਤਾਲਾਂ ਵਿਚ ਭੀੜ ਨਜ਼ਰ ਆ ਰਹੀ ਹੈ ਅਤੇ ਮਕਾਨਾਂ ਦੀ ਵੱਡੀ ਕਿੱਲਤ ਪੈਦਾ ਹੋ ਚੁੱਕੀ ਹੈ। ਟਰੰਪ ਵੱਲੋਂ ਜਿਹੜੇ 19 ਮੁਲਕਾਂ ਨਾਲ ਸਬੰਧਤ ਨਾਗਰਿਕਾਂ ਦੇ ਗਰੀਨ ਕਾਰਡਜ਼ ਦੀ ਸਮੀਖਿਆ ਦੇ ਹੁਕਮ ਦਿਤੇ ਗਏ ਹਨ ਉਨ੍ਹਾਂ ਵਿਚ ਅਫ਼ਗਾਨਿਸਤਾਨ, ਬਰਮਾ, ਚੈਡ, ਰਿਪਬਲਿਕ ਆਫ਼ ਕਾਂਗੋ, ਐਰੇਟ੍ਰੀਅ, ਹੈਤੀ, ਈਰਾਨ, ਲੀਬੀਆ, ਸੋਮਾਲੀਆ, ਸੂਡਾਨ, ਯਮਨ, ਬਰੁੰਡੀ, ਕਿਊਬਾ, ਲਾਓਸ, ਸਇਏਰਾ ਲਿਓਨ, ਟੋਗੋ, ਤੁਰਕਮੇਨਿਸਤਾਨ ਅਤੇ ਵੈਨੇਜ਼ੁਏਲਾ ਸ਼ਾਮਲ ਹਨ। ਰਾਸ਼ਟਰਪਤੀ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਨਾਲ ਕਈ ਤਸਵੀਰਾਂਵੀ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ ਫੌਜ ਦੇ ਕਾਰਗੋ ਜਹਾਜ਼ ਵਿਚ ਬੈਠੇ ਸੈਂਕੜੇ ਅਫ਼ਗਾਨ ਲੋਕ ਨਜ਼ਰ ਆ ਰਹੇ ਹਨ। ਇਕ ਕਾਰਗੋ ਜਹਾਜ਼ ਜਿਸ ਦੀ ਸਮਰੱਥਾ ਸਿਰਫ਼ 150 ਜਣਿਆਂ ਨੂੰ ਬਿਠਾਉਣ ਦੀ ਹੈ, ਉਸ ਵਿਚ 640 ਪ੍ਰਵਾਸੀ ਤੁੰਨੇ ਨਜ਼ਰ ਆਏ। ਟਰੰਪ ਦਾ ਗੁੱਸਾ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ‘ਤੇ ਵੀ ਵਰ੍ਹਿਆ ਅਤੇ ਕਿਹਾ ਕਿ ਰਫ਼ਿਊਜੀਆਂ ਦਾ ਬੋਝ ਸਾਡੇ ਮੁਲਕ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਿਹਾ ਹੈ। ਮਿਨੇਸੋਟਾ ਸੂਬੇ ਦੀ ਮਿਸਾਲ ਪੇਸ਼ ਕਰਦਿਆਂ ਉਨ੍ਹਾਂਕਿਹਾ ਕਿ ਇਹ ਸੂਬਾ ਕਿਸੇ ਵੇਲੇ ਖ਼ੁਸ਼ਹਾਲ ਹੁੰਦਾ ਸੀ ਪਰ ਸਮਾਂ ਬਦਲਿਆ ਅਤੇ ਸੋਮਾਲੀਆ ਨਾਲ ਸਬੰਧਤ ਇਲਹਾਨ ਉਮਰ ਵਰਗੀਆਂ ਔਰਤਾਂ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੀਆਂ ਮੈਂਬਰ ਬਣ ਗਈਆਂ। ਟਰੰਪ ਨੇ ਲਿਖਿਆ ਕਿ ਹਰ ਵੇਲੇ ਹਿਜਾਬ ਵਿਚ ਲਪੇਟ ਕੇ ਰੱਖਣ ਵਾਲੀ ਔਰਤ ਸੰਭਾਵਤ ਤੌਰ ‘ਤੇ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਈ। ਟਰੰਪ ਨੇ ਅੰਤ ਵਿਚ ਲਿਖਿਆ ਕਿ ਇਲਹਾਨ ਉਮਰ ਨੇ ਸਾਡੇ ਮੁਲਕ, ਇਸ ਦੇ ਸੰਵਿਧਾਨ ਬਾਰੇ ਹਮੇਸ਼ਾ ਨਫ਼ਰਤ ਭਰੀਆਂ ਟਿੱਪਣੀਆਂ ਹੀ ਕੀਤੀਆਂ ਜਦਕਿ ਉਸ ਦਾ ਜੱਦੀ ਮੁਲਕ ਖਾਨਾਜੰਗੀ ਨਾਲ ਲਹੂ ਲੁਹਾਣਾ ਹੈ ਅਤੇ ਮੁਲਕ ਅਖਵਾਉਣ ਦੇ ਸਮਰੱਥ ਹੀ ਨਹੀਂ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥
ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਸ਼ਹੀਦੀ ਯਾਦਗਾਰ ਕਮੇਟੀ ਫਤਿਹਗੜ੍ਹ ਸਾਹਿਬ,
ਗੁਰਦੁਆਰਾ ਉਨਟਾਰੀਓ ਖਾਲਸਾ ਦਰਬਾਰ ਅਤੇ ਸਾਧ ਸੰਗਤ ਵਲੋਂ
23,24,25 ਦਸੰਬਰ 2025, ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਨੂੰ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਜਨੀਕ ਮਾਤਾ ਗੁਜਰ ਕੌਰ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਏ ਜਾ ਰਹੇ ਹਨ



ਸਫਰ-ਏ-ਸ਼ਹਾਦਤ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਸਰਬੰਸਦਾਨੀ, ਦਸਮ ਪਿਤਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਜਨੀਕ ਮਾਤਾ ਗੁਜਰ ਕੌਰ ਜੀ ਅਤੇ ਚਾਰੇ ਸਾਹਿਬਜ਼ਾਦਿਆਂ - ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਲਾਸਾਨੀ ਸ਼ਹਾਦਤ, ਜੋ ਰਹਿੰਦੀ ਦੁਨੀਆ ਤੱਕ ਯਾਦ ਰਹੇਗੀ, ਮਨਾਉਣ ਲਈ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਸ਼ਹੀਦੀ ਯਾਦਗਾਰ ਕਮੇਟੀ ਫਤਿਹਗੜ੍ਹ ਸਾਹਿਬ ਅਤੇ ਸਮੂਹ ਸਾਧ ਸੰਗਤ ਵੱਲੋਂ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਗੁਰਦੁਆਰਾ ਸਾਹਿਬ ਦੇ ਹਾਲ ਨੰਬਰ 3-4 ਵਿਚ 23 ਦਸੰਬਰ, ਦਿਨ ਮੰਗਲਵਾਰ ਨੂੰ ਸਵੇਰੇ 9 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 25 ਦਸੰਬਰ, ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਅਰਦਾਸ 11 ਵਜੇ ਕੀਤੀ ਜਾਵੇਗੀ।
ਭੋਗ ਉਪਰੰਤ ਸਾਰਾ ਦਿਨ ਕੀਰਤਨ ਦਰਬਾਰ ਸਜਾਏ ਜਾਣਗੇ ਜਿਨ੍ਹਾਂ ਵਿਚ ਪੰਥ ਦੇ ਨਾਮਵਰ ਕੀਰਤਨੀ ਜਥੇ, ਕਥਾਵਾਚਕ ਭਾਈ ਗੁਲਜ਼ਾਰ ਸਿੰਘ ਅਤੇ ਢਾਡੀ ਜਥੇ ਸੰਗਤਾਂ ਨੂੰ ਗੁਰਬਾਣੀ ਅਤੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਇਤਿਹਾਸ ਨਾਲ ਜੋੜਨਗੇ। ਸਾਰਾ ਦਰਬਾਰ ਹਾਲ ਖੁੱਲਾ ਹੋਵੇਗਾ ਅਤੇ ਤਿਨੋਂ ਦਿਨ ਲਾਈਵ ਪਰਸਾਰਨ ਹੋਵੇਗਾ।
ਸਮੂੰਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਪਰਿਵਾਰਾਂ ਸਮੇਤ ਇਨ੍ਹਾਂ ਸ਼ਹੀਦੀ ਸਮਾਗਮਾਂ ਵਿਚ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੋ ਅਤੇ ਆਪਣੇ ਜੀਵਨ ਸਫਲੇ ਕਰੋ ਜੀ।
ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ
(647) 833-2748 ਜਾਂ (905) 670-3311 ਤੇ ਸੰਪਰਕ ਕਰੋ ਜੀ।



# ਸਿਹਤਨਾਮਾ





## ਲੀਵਰ ਨੂੰ ਸਿਹਤਮੰਦ ਤੇ ਬਲੱਡ ਪ੍ਰੈਸ਼ਰ ਕੰਟਰੋਲ ਕਰਨ ਲਈ ਰੋਜ਼ਾਨਾ ਖਾਓ ਮੂਲੀ

ਸਿਹਤਮੰਦ ਰਹਿਣ ਲਈ ਸਹੀ ਖਾਣਾ-ਪੀਣਾ ਬਹੁਤ ਜ਼ਰੂਰੀ ਹੈ। ਇਸ ਲਈ ਆਪਣੀ ਖੁਰਾਕ 'ਚ ਹਰੀਆਂ ਸਬਜ਼ੀਆਂ, ਅਨਾਜ, ਫਲ ਸਮੇਤ ਕਈ ਚੀਜ਼ਾਂ ਨੂੰ ਸ਼ਾਮਲ ਕਰੋ, ਜਿਸ ਨਾਲ ਗੰਭੀਰ ਬੀਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਮੂਲੀ ਖਾਣ ਨਾਲ ਵੀ ਸਰੀਰ ਨੂੰ ਬਹੁਤ ਫ਼ਾਇਦੇ ਹੁੰਦੇ ਹਨ। ਮੂਲੀ 'ਚ ਪ੍ਰੋਟੀਨ, ਵਿਟਾਮਿਨ-ਏ, ਆਈਰਨ, ਕੈਲਸ਼ੀਅਮ ਵਰਗੇ ਕਈ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜਿਸ ਨੂੰ ਖਾਣ ਨਾਲ ਕਈ ਸਿਹਤ ਸਮੱਸਿਆਵਾਂ ਤੋਂ ਰਾਹਤ ਪਾਈ ਜਾ ਸਕਦੀ ਹੈ। ਮੂਲੀ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਸ਼ੂਗਰ, ਬਲੱਡ ਪ੍ਰੈਸ਼ਰ, ਢਿੱਡ ਦੀਆਂ ਬੀਮਾਰੀਆਂ ਤੇ ਪਾਚਨ ਸਬੰਧੀ ਕਈ ਸਮੱਸਿਆਵਾਂ ਠੀਕ ਹੋ ਜਾਂਦੀਆਂ ਹਨ। ਮੂਲੀ ਖਾਣ ਨਾਲ ਹੋਰ ਕਿਹੜੇ ਫ਼ਾਇਦੇ ਹੁੰਦੇ ਹਨ, ਦੇ ਬਾਰੇ ਆਓ ਜਾਣਦੇ ਹਾਂ...

ਰੋਜ਼ਾਨਾ ਮੂਲੀ ਖਾਣ ਨਾਲ ਸਰੀਰ ਨੂੰ ਹੋਣਗੇ

### ਫ਼ਾਇਦੇ

#### ਬਾਡੀ ਨੂੰ ਕਰੇ ਡਿਟਾਕਸੀਫਾਈ

ਮੂਲੀ 'ਚ ਮੌਜੂਦ ਕਈ ਪੌਸ਼ਕ ਤੱਤਾਂ ਕਾਰਨ ਇਸ ਨੂੰ ਕੁਦਰਤੀ ਕਲੀਂਜ਼ਰ ਕਿਹਾ ਜਾਂਦਾ ਹੈ। ਰੋਜ਼ਾਨਾ ਮੂਲੀ ਦਾ ਸੇਵਨ ਕਰਨ ਜਾਂ ਇਸ ਦਾ ਰਸ ਪੀਣ ਨਾਲ ਸਰੀਰ ਡਿਟਾਕਸ ਹੁੰਦਾ ਹੈ, ਜਿਸ ਨਾਲ ਸਰੀਰ 'ਚ ਮੌਜੂਦ ਜ਼ਹਿਰੀਲੇ ਪਦਾਰਥ ਸੌਖੇ ਤਰੀਕੇ ਨਾਲ ਬਾਹਰ ਨਿਕਲ ਜਾਂਦੇ ਹਨ।

#### ਢਿੱਡ ਦੀਆਂ ਸਮੱਸਿਆਵਾਂ ਕਰੇ ਦੂਰ

ਢਿੱਡ ਨਾਲ ਜੁੜੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨੂੰ ਦੂਰ ਕਰਨ ਲਈ ਰੋਜ਼ਾਨਾ ਮੂਲੀ ਦਾ ਸੇਵਨ ਕਰੋ। ਮੂਲੀ ਦੇ ਰਸ 'ਚ ਅਦਰਕ ਤੇ ਨਿੰਬੂ ਦਾ ਰਸ ਮਿਲਾ ਕੇ ਪੀਣ ਨਾਲ ਵੀ ਸਰੀਰ ਨੂੰ ਫ਼ਾਇਦਾ ਹੁੰਦਾ ਹੈ। ਇਸ ਨਾਲ ਤੁਹਾਨੂੰ ਢਿੱਡ ਨਾਲ ਜੁੜੀਆਂ ਸਾਰੀਆਂ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਮਿਲੇਗਾ।

#### ਮਜ਼ਬੂਤ ਪਾਚਨ ਤੰਤਰ

ਕੱਚੀ ਮੂਲੀ ਨੂੰ ਖਾਣ ਨਾਲ ਜਾਂ ਇਸ ਦੇ ਰਸ 'ਚ ਲੂਣ ਮਿਲਾ ਕੇ ਪੀਣ ਨਾਲ ਪਾਚਨ ਸ਼ਕਤੀ ਮਜ਼ਬੂਤ ਹੁੰਦੀ ਹੈ। ਇਸ ਤੋਂ ਇਲਾਵਾ ਇਸ ਨਾਲ ਢਿੱਡ ਦੇ ਕੀੜੇ ਵੀ ਨਸ਼ਟ ਹੋ ਜਾਂਦੇ ਹਨ। ਮੂਲੀ 'ਤੇ ਸੇਂਧਾ ਲੂਣ ਲਗਾ ਕੇ ਖਾਣ ਨਾਲ ਢਿੱਡ 'ਚ ਹੋਣ ਵਾਲੀ ਗੈਸ ਦੀ ਸਮੱਸਿਆ ਠੀਕ ਹੋ ਜਾਂਦੀ ਹੈ। ਇਸ ਨਾਲ ਢਿੱਡ ਦਾ ਭਾਰੀਪਨ ਵੀ ਠੀਕ ਹੁੰਦਾ ਹੈ।

#### ਦਿਲ ਨੂੰ ਸਿਹਤਮੰਦ ਰੱਖਦੀ ਹੈ

ਬਦਲਦੀ ਜੀਵਨਸ਼ੈਲੀ ਅਤੇ ਗਲਤ ਖਾਣ-ਪੀਣ ਕਾਰਨ ਤੁਸੀਂ ਦਿਲ ਨਾਲ ਜੁੜੀਆਂ ਕਈ ਸਮੱਸਿਆਵਾਂ ਦਾ ਸ਼ਿਕਾਰ ਹੋ ਸਕਦੇ ਹੋ। ਇਸ ਲਈ ਤੁਸੀਂ ਆਪਣੀ ਖੁਰਾਕ 'ਚ ਮੂਲੀ ਨੂੰ ਸ਼ਾਮਲ ਕਰ ਸਕਦੇ ਹੋ। ਪੌਸ਼ਟਿਕ ਤੱਤਾਂ ਨਾਲ ਭਰਪੂਰ ਮੂਲੀ ਖਾਣ ਨਾਲ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਮਿਲ ਸਕਦੀ ਹੈ ਅਤੇ ਦਿਲ ਨਾਲ ਜੁੜੀਆਂ ਬੀਮਾਰੀਆਂ ਦਾ ਖ਼ਤਰਾ ਵੀ ਘਟ ਹੁੰਦਾ ਹੈ।

#### ਲੀਵਰ ਲਈ ਫ਼ਾਇਦੇਮੰਦ

ਜੇਕਰ ਤੁਹਾਨੂੰ ਲੀਵਰ ਨਾਲ ਜੁੜੀ ਕੋਈ ਵੀ ਸਮੱਸਿਆ ਹੈ ਤਾਂ ਤੁਹਾਨੂੰ ਨਿਯਮਿਤ ਰੂਪ ਨਾਲ ਮੂਲੀ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਨਾਲ ਤੁਹਾਨੂੰ ਫ਼ਾਇਦਾ ਹੋਵੇਗਾ।

#### ਪੀਲੀਆ ਰੋਗ

ਮੂਲੀ ਪੀਲੀਆ ਦੇ ਮਰੀਜ਼ਾਂ ਲਈ ਬਹੁਤ ਫ਼ਾਇਦੇਮੰਦ ਹੈ। ਜਿਨ੍ਹਾਂ ਲੋਕਾਂ ਨੂੰ ਪੀਲੀਆ ਹੋ ਚੁੱਕਾ ਹੈ ਜਾਂ ਜਿਹੜੇ ਇਸ ਤੋਂ ਰਿਕਵਰ ਕਰ ਰਹੇ ਹਨ, ਉਨ੍ਹਾਂ ਨੂੰ ਮੂਲੀ ਨਮਕ ਨਾਲ ਖਾਣੀ ਚਾਹੀਦੀ ਹੈ। ਇਸ ਨਾਲ ਪੀਲੀਆ ਜਲਦੀ ਠੀਕ ਹੋ ਜਾਂਦਾ ਹੈ।

#### ਬਵਾਸੀਰ ਦਾ ਇਲਾਜ

ਘੁਲਣਸ਼ੀਲ ਫਾਈਬਰ ਹੋਣ ਕਾਰਨ ਇਸ ਨਾਲ ਬਵਾਸੀਰ ਦੀ ਸਮੱਸਿਆ ਵੀ ਕੁਝ ਹੀ ਮਹੀਨਿਆਂ 'ਚ ਦੂਰ ਹੋ ਜਾਂਦੀ ਹੈ। ਇਸ ਤੋਂ ਇਲਾਵਾ ਮੂਲੀ ਠੰਡਕ ਦੇਣ ਦਾ ਕੰਮ ਵੀ ਕਰਦੀ ਹੈ, ਜਿਸ ਨਾਲ ਬਵਾਸੀਰ 'ਚ ਜਲਨ ਤੋਂ ਰਾਹਤ ਮਿਲਦੀ ਹੈ।

#### ਬਲੱਡ ਪ੍ਰੈਸ਼ਰ ਕਰੇ ਕੰਟਰੋਲ

ਮੂਲੀ 'ਚ ਐਂਟੀ-ਆਕਸੀਡੈਂਟ ਗੁਣ ਪਾਏ ਜਾਂਦੇ ਹਨ, ਜੋ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ 'ਚ ਰੱਖਣ 'ਚ ਤੁਹਾਡੀ ਮਦਦ ਕਰਦੇ ਹਨ।

#### ਇਮਿਊਨ ਸਿਸਟਮ ਨੂੰ ਮਜ਼ਬੂਤ

ਮੂਲੀ 'ਚ ਵਿਟਾਮਿਨ-ਸੀ ਪਾਇਆ ਜਾਂਦਾ ਹੈ। ਮੂਲੀ ਦਾ ਰੋਜ਼ਾਨਾ ਸੇਵਨ ਕਰਨ ਨਾਲ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ 'ਚ ਮਦਦ ਮਿਲਦੀ ਹੈ। ਜੇਕਰ ਤੁਸੀਂ ਰੋਜ਼ਾਨਾ ਸੀਮਿਤ ਮਾਤਰਾ 'ਚ ਮੂਲੀ ਖਾਂਦੇ ਹੋ, ਤਾਂ ਸਰਦੀ ਅਤੇ ਖੰਘ ਦੀ ਸਮੱਸਿਆਂ ਤੋਂ ਰਾਹਤ ਪਾ ਸਕਦੇ ਹੋ।

#### ਗਠੀਆ

ਮੂਲੀ ਦੇ ਇਕ ਕੱਪ ਰਸ 'ਚ 15-20 ਬੂੰਦਾਂ ਅਦਰਕ ਦੇ ਰਸ ਦੀਆਂ ਪਾ ਕੇ ਇਕ ਹਫ਼ਤਾ ਸਵੇਰੇ-ਸ਼ਾਮ 2 ਵਾਰ ਪੀਣ ਨਾਲ ਗਠੀਆ ਠੀਕ ਹੋ ਜਾਂਦਾ ਹੈ। ਇਕ ਹਫ਼ਤਾ ਰੋਜ਼ਾਨਾ ਮੂਲੀ ਦੇ ਬੀਜ ਪੀਸ ਕੇ ਤਿਲਾਂ ਦੇ ਤੇਲ 'ਚ ਭੁੰਨ ਲੈਣੇ ਚਾਹੀਦੇ ਹਨ। ਗਠੀਆ ਤੋਂ ਪ੍ਰਭਾਵਿਤ ਅੰਗਾਂ 'ਤੇ ਇਸ ਦਾ ਲੇਪ ਕਰਕੇ ਪੱਟੀ ਬੰਨ੍ਹਣ ਨਾਲ ਬਹੁਤ ਫ਼ਾਇਦਾ ਮਿਲਦਾ ਹੈ।

#### ਚਿਹਰੇ ਦੇ ਦਾਗ-ਛਾਈਆਂ

ਭੋਜਨ 'ਚ ਪੋਟਾਸ਼ੀਅਮ ਦੀ ਕਮੀ ਹੋਣ ਨਾਲ ਚਿਹਰੇ 'ਤੇ ਦਾਗ ਪੈ ਜਾਂਦੇ ਹਨ ਤੇ ਛਾਈਆਂ ਬਣ ਜਾਂਦੀਆਂ ਹਨ। ਇਕ ਹਫ਼ਤਾ ਰੋਜ਼ਾਨਾ 1 ਕੱਪ ਮੂਲੀ ਤੇ ਉਸ ਦੇ ਪੱਤਿਆਂ ਦਾ ਰਸ ਪੀਣ ਨਾਲ ਚਿਹਰੇ ਦੇ ਦਾਗ ਤੇ ਛਾਈਆਂ ਦੂਰ ਹੋ ਜਾਂਦੀਆਂ ਹਨ ਤੇ ਚਿਹਰਾ ਨਿਖ਼ਰ ਜਾਂਦਾ ਹੈ।

#### ਵਾਲ ਝੜਨਾ

ਫਾਸਫੋਰਸ ਦੀ ਕਮੀ ਹੋਣ ਨਾਲ ਵਾਲ ਝੜਨ ਲੱਗਦੇ ਹਨ। ਬਿਨਾਂ ਛਿੱਲੇ ਮੂਲੀ ਤੇ ਉਸ ਦੇ ਨਰਮ ਪੱਤਿਆਂ ਨੂੰ ਖਾਂਦੇ ਰਹਿਣ ਨਾਲ ਵਾਲ ਝੜਨੇ ਬੰਦ ਹੋ ਜਾਂਦੇ ਹਨ।



## ਉਮਰ ਦੇ ਹਿਸਾਬ ਨਾਲ ਕਦੋਂ ਤੇ ਕਿੰਨੀ ਮਾਤਰਾ ਵਿੱਚ ਪੀਣਾ ਚਾਹੀਦੈ ਪਾਣੀ

ਪਾਣੀ ਸਾਡੀ ਸਿਹਤ ਲਈ ਕਿੰਨਾ ਜ਼ਰੂਰੀ ਹੈ, ਇਹ ਸਾਰੇ ਚੰਗੀ ਤਰ੍ਹਾਂ ਨਾਲ ਜਾਣਦੇ ਹਨ। ਕਿਹਾ ਜਾਂਦਾ ਹੈ ਕਿ ਚੰਗੀ ਸਿਹਤ ਲਈ ਦਿਨ 'ਚ ਘੱਟ ਤੋਂ ਘੱਟ 8-9 ਗਲਾਸ ਪਾਣੀ ਜ਼ਰੂਰੀ ਪੀਣਾ ਚਾਹੀਦਾ ਹੈ। ਬਾਲਗਾਂ ਨੂੰ ਦਿਨ ਵਿੱਚ ਘੱਟ ਤੋਂ ਘੱਟ 3 ਲਿਟਰ ਪਾਣੀ ਪੀਣਾ ਚਾਹੀਦਾ ਹੈ। ਵੱਡਿਆਂ ਦੇ ਸਰੀਰ ਦਾ 60 ਫ਼ੀਸਦੀ ਅਤੇ ਬੱਚਿਆਂ ਦਾ 75 ਫ਼ੀਸਦੀ ਹਿੱਸਾ ਤਰਲ ਪਦਾਰਥ ਦਾ ਹੁੰਦਾ ਹੈ, ਇਸੇ ਕਰਕੇ ਪਾਣੀ ਜ਼ਰੂਰ ਪੀਓ। ਸਾਡਾ ਸਰੀਰ ਤਾਂ ਹੀ ਸਹੀ ਕੰਮ ਕਰੇਗਾ, ਜੇਕਰ ਸਰੀਰ ਵਿੱਚ ਪਾਣੀ ਦੀ ਸਹੀ ਮਾਤਰਾ ਹੋਵੇਗੀ। ਪਾਣੀ ਪੀਣ ਸਮੇਂ ਬਹੁਤ ਸਾਰੀਆਂ ਗੱਲਾਂ ਨੂੰ ਖ਼ਾਸ ਧਿਆਨ ਰੱਖਣਾ ਜ਼ਰੂਰੀ ਹੈ। ਆਯੁਰਵੈਦ ਅਨੁਸਾਰ ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ ਪਾਣੀ ਪੀਣ ਦੇ ਕੁੱਝ ਨਿਯਮ ਹੁੰਦੇ ਹਨ, ਜੋ ਤੰਦਰੁਸਤ ਰਹਿਣ ਲਈ ਜ਼ਰੂਰੀ ਹਨ।

#### ਪਾਣੀ ਪੀਣ ਦੀ ਸਹੀ ਮਾਤਰਾ

ਅਸਲ ਵਿੱਚ ਪਾਣੀ ਪੀਣ ਦੀ ਸਹੀ ਮਾਤਰਾ ਬੱਚਿਆਂ ਦੀ ਉਮਰ 'ਤੇ ਆਧਾਰਿਤ ਹੁੰਦੀ ਹੈ। ਇਸ ਦੇ ਇਲਾਵਾ ਆਸ-ਪਾਸ ਦਾ ਮਾਹੌਲ, ਤਾਪਮਾਨ, ਰੋਜ਼ਾਨਾ ਦੀਆਂ ਗਤੀਵਿਧੀਆਂ ਆਦਿ ਦੇ ਹਿਸਾਬ ਨਾਲ ਪਾਣੀ ਦਾ ਸੇਵਨ ਕੀਤਾ ਜਾਂਦਾ ਹੈ, ਤਾਂਕਿ ਡੀਹਾਈਡ੍ਰੇਸ਼ਨ ਦੀ ਪਰੇਸ਼ਾਨੀ ਤੋਂ ਬਚਿਆ ਜਾ ਸਕੇ। ਮਾਹਰਾਂ ਅਨੁਸਾਰ 4 ਤੋਂ 8 ਸਾਲ ਤੱਕ ਦੇ ਮੁੰਡੇ ਅਤੇ ਕੁੜੀਆਂ ਨੂੰ ਰੋਜ਼ਾਨਾ 1.1 ਤੋਂ 1.3 ਲਿਟਰ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਦੇ ਬਾਅਦ 9 ਤੋਂ 14 ਸਾਲ ਤੱਕ ਦੇ ਮੁੰਡਿਆਂ ਨੂੰ 1.5 ਤੋਂ 1.7 ਲਿਟਰ ਅਤੇ ਕੁੜੀਆਂ ਨੂੰ 1.3 ਤੋਂ 1.5 ਲਿਟਰ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ।

#### ਕਦੋਂ, ਕਿੰਨਾ ਅਤੇ ਕਿਵੇਂ ਪਾਣੀ ਪੀਣਾ ਚਾਹੀਦਾ ?

. ਸਵੇਰੇ ਉੱਠਣ ਤੋਂ ਬਾਅਦ ਖਾਲੀ ਢਿੱਡ 1 ਗਲਾਸ ਪਾਣੀ ਜ਼ਰੂਰ ਪੀਓ।

. ਭੋਜਨ ਕਰਨ ਤੋਂ 1 ਘੰਟੇ ਪਹਿਲਾਂ 1 ਗਲਾਸ ਪਾਣੀ ਪੀਓ।

. ਦਿਨ ਭਰ 8-9 ਗਲਾਸ ਪਾਣੀ ਪੀਣਾ ਜ਼ਰੂਰੀ ਹੈ।

. ਖੜ੍ਹੇ ਹੋ ਕੇ ਕਦੇ ਵੀ ਪਾਣੀ ਨਹੀਂ ਪੀਣਾ ਚਾਹੀਦਾ, ਕਿਉਂਕਿ ਇਸ ਨਾਲ ਜੁਆਇੰਟ ਕਮਜ਼ੋਰ ਹੁੰਦੇ ਹਨ।

. ਸਾਰੇ ਦਿਨ 'ਚ ਵਾਰ-ਵਾਰ ਘੁੱਟ-ਘੁੱਟ ਕਰਕੇ ਪਾਣੀ ਪੀਣਾ ਚਾਹੀਦਾ ਹੈ।

#### ਸਰੀਰ ਲਈ ਪਾਣੀ ਕਿੰਨਾ ਜ਼ਰੂਰੀ ਹੈ?

. ਰੋਜ਼ਾਨਾ ਸਵੇਰੇ ਖਾਲੀ ਢਿੱਡ ਪਾਣੀ ਪੀਣ ਨਾਲ ਪਾਚਨ ਕਿਰਿਆ ਠੀਕ ਰਹਿੰਦੀ ਹੈ, ਜਿਸ ਨਾਲ ਤੁਸੀਂ ਕਬਜ਼, ਐਸਿਡਿਟੀ ਅਤੇ ਢਿੱਡ ਦਰਦ ਵਰਗੀਆਂ ਸਮੱਸਿਆਵਾਂ ਤੋਂ ਬਚੇ ਰਹਿੰਦੇ ਹੋ।

. ਸਵੇਰੇ ਖਾਲੀ ਢਿੱਡ ਪਾਣੀ ਪੀਣ ਨਾਲ ਸਕਿਨ, ਲੀਵਰ, ਕਿਡਨੀ ਅਤੇ ਅੱਖਾਂ ਨਾਲ ਸਬੰਧਿਤ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ।

. ਖੋਜ ਅਨੁਸਾਰ ਸਿਰ ਦਰਦ ਦੇ 90% ਮਾਮਲੇ ਸਰੀਰ ਵਿੱਚ ਪਾਣੀ ਦੀ ਘਾਟ ਕਾਰਨ ਹੁੰਦੇ ਹਨ। ਅਜਿਹੇ 'ਚ ਤੁਸੀਂ ਦਿਨ 'ਚ ਘੱਟੋ-ਘੱਟ 8-10 ਗਲਾਸ ਪਾਣੀ ਪੀਓ।

. ਪਾਣੀ ਸਰੀਰ 'ਚੋਂ ਜ਼ਹਿਰੀਲੇ ਤੱਤ ਪਸੀਨੇ ਅਤੇ ਯੂਰਿਨ ਰਾਹੀਂ ਬਾਹਰ ਕੱਢਦਾ ਹੈ। ਇਸ ਨਾਲ ਸਰੀਰ ਦੀ ਇਮਿਊਨਿਟੀ ਵੱਧਦੀ ਹੈ ਅਤੇ ਭਾਰ ਕੰਟਰੋਲ 'ਚ ਰਹਿੰਦਾ ਹੈ।

. ਸੌਣ ਤੋਂ ਪਹਿਲਾਂ ਪਾਣੀ ਪੀਣ ਦੀ ਆਦਤ ਬਹੁਤ ਚੰਗੀ ਹੈ। ਰੋਜ਼ ਸੌਣ ਤੋਂ ਪਹਿਲਾਂ 1 ਗਲਾਸ ਪਾਣੀ ਪੀਓ। ਇਸ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਘੱਟ ਜਾਂਦਾ ਹੈ।

. ਜਿਨ੍ਹਾਂ ਲੋਕਾਂ ਨੂੰ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੈ, ਉਨ੍ਹਾਂ ਨੂੰ ਨਹਾਉਣ ਤੋਂ ਪਹਿਲਾਂ 1 ਗਲਾਸ ਪਾਣੀ ਪੀਣਾ ਚਾਹੀਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਘਟਾਉਣ 'ਚ ਮਦਦ ਕਰਦਾ ਹੈ।

#### ਤੁਹਾਨੂੰ ਕਦੋਂ ਨਹੀਂ ਪੀਣਾ ਚਾਹੀਦਾ ਪਾਣੀ?

. ਗਰਮ ਭੋਜਨ, ਫਲ ਜਿਵੇਂ ਤਰ, ਖੀਰਾ, ਤਰਬੂਜ ਅਤੇ ਖਰਬੂਜਾ ਖਾਣ ਤੋਂ ਬਾਅਦ ਤੁਹਾਨੂੰ ਪਾਣੀ ਨਹੀਂ ਪੀਣਾ ਚਾਹੀਦਾ।

. ਕਸਰਤ ਕਰਨ ਤੋਂ ਤੁਰੰਤ ਬਾਅਦ ਪਾਣੀ ਨਹੀਂ ਪੀਣਾ ਚਾਹੀਦਾ, ਕਿਉਂਕਿ ਇਸ ਦੌਰਾਨ ਸਰੀਰ ਦਾ ਤਾਪਮਾਨ ਬਦਲਦਾ ਹੈ।

. ਤਲਿਆ ਹੋਇਆ ਭੋਜਨ ਖਾਣ ਤੋਂ ਬਾਅਦ ਪਾਣੀ ਪੀਣਾ ਸਿਹਤ ਲਈ ਨੁਕਸਾਨਦੇਹ ਹੈ।

. ਇਸ ਤੋਂ ਇਲਾਵਾ ਮੂੰਗਫਲੀ ਖਾਣ ਤੋਂ ਬਾਅਦ ਵੀ ਪਾਣੀ ਨਹੀਂ ਪੀਣਾ ਚਾਹੀਦਾ।

. ਗਰਮ ਦੁੱਧ ਅਤੇ ਚਾਹ ਅਤੇ ਧੁੱਪ 'ਚ ਆਉਣ ਦੇ ਤੁਰੰਤ ਬਾਅਦ ਪਾਣੀ ਪੀਣਾ ਸਿਹਤ ਲਈ ਨੁਕਸਾਨਦੇਹ ਹੈ।

## ਕਿੰਨੇ ਬਦਾਮ ਖਾਣੇ ਹੁੰਦੇ ਹਨ ਫ਼ਾਇਦੇਮੰਦ

ਇਹ ਤਾਂ ਸਾਰਿਆਂ ਨੂੰ ਹੀ ਪਤਾ ਹੈ ਕਿ ਬਦਾਮ ਖਾਣਾ ਸਰੀਰ ਅਤੇ ਦਿਮਾਗ ਦੀ ਸਿਹਤ ਲਈ ਫ਼ਾਇਦੇਮੰਦ ਹੁੰਦਾ ਹੈ। ਬਦਾਮ ਤੁਹਾਡੇ ਸਰੀਰ ਲਈ ਲੋੜੀਂਦੇ ਪੌਸ਼ਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਇਨ੍ਹਾਂ ਵਿਚ ਮੈਗਨੀਸ਼ਿਅਮ, ਵਿਟਾਮਿਨ ਈ ਅਤੇ ਫ਼ਾਈਬਰ ਦੀ ਭਰਪੂਰ ਮਾਤਰਾ ਮੌਜੂਦ ਹੁੰਦੀ ਹੈ। ਬਦਾਮ ਵਿਚ ਕੈਲਸ਼ੀਅਮ ਅਤੇ ਫਾਸਫੋਰਸ ਦੋਵੇਂ ਹੁੰਦੇ ਹਨ ਜਿਹੜੇ ਕਿ ਹੱਡੀਆਂ ਦੀ ਸਿਹਤ ਲਈ ਚੰਗੇ ਹੁੰਦੇ ਹਨ। ਬਦਾਮ ਭੋਜਨ ਦੇ ਬਾਅਦ ਸ਼ੂਗਰ ਦੇ ਪੱਧਰ ਨੂੰ ਵਧਣ ਤੋਂ ਰੋਕਦੇ ਹਨ। ਇਸ ਲਈ ਇਹ ਸ਼ੂਗਰ ਦੇ ਰੋਗੀਆਂ ਲਈ ਫ਼ਾਇਦੇਮੰਦ ਹੁੰਦੇ ਹਨ। ਇਹ ਭਾਰ ਘਟਾਉਣ ਤੋਂ ਲੈ ਕੇ ਚਮੜੀ ਨੂੰ ਢਿੱਲੀ ਹੋਣ ਤੋਂ ਬਚਾਉਂਦਾ ਹੈ। ਇਸ ਦੇ ਨਾਲ ਹੀ ਵਧਦੀ ਉਮਰ ਦੇ ਨਿਸ਼ਾਨ ਦੂਰ ਕਰਨ ਵਿਚ ਫ਼ਾਇਦੇਮੰਦ ਹੁੰਦਾ ਹੈ।

ਕੀ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਇਕ ਦਿਨ ਵਿਚ ਕਿੰਨੇ ਬਦਾਮ ਖਾਣਾ ਫ਼ਾਇਦੇਮੰਦ ਹੁੰਦਾ ਹੈ। ਬਦਾਮ ਪ੍ਰੋਟੀਨ, ਰਾਇਬੋਫਲੇਵਿਨ, ਮੈਗਨੀਸ਼ਿਅਮ, ਜ਼ਿੰਕ, ਫਾਈਬਰ ਸਮੇਤ 15 ਜ਼ਰੂਰੀ ਪੌਸ਼ਕ ਤੱਤਾਂ ਦਾ ਸਰੋਤ ਹੈ।



ਲੋਕਾਂ ਦੇ ਮਨਾਂ ਵਿਚ ਆਮਤੌਰ 'ਤੇ ਇਹ ਸਵਾਲ ਹੁੰਦਾ ਹੈ ਕਿ ਆਖ਼ਿਰਕਾਰ ਇਕ ਦਿਨ ਵਿਚ ਕਿੰਨੇ ਬਦਾਮ ਖਾਣੇ ਚਾਹੀਦੇ ਹਨ। ਮਾਹਰ ਕਹਿੰਦੇ ਹਨ ਕਿ ਇਕ ਵਿਅਕਤੀ ਨੂੰ ਇਕ ਦਿਨ 'ਚ ਮੁੱਠੀ ਭਰ ਬਦਾਮ ਖਾਣੇ ਚਾਹੀਦੇ ਹਨ।

ਇਸ ਦੇ ਨਾਲ ਹੀ ਇਹ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਵਿਅਕਤੀ ਦਿਨ ਭਰ ਦੀ ਖ਼ੁਰਾਕ ਵਿਚ ਕਿਹੜੇ ਅਤੇ ਕਿੰਨੇ ਪੌਸ਼ਕ ਤੱਤ ਲੈ ਰਿਹਾ ਹੈ।

ਬਾਦਾਮ ਖਾਣ ਦੀ ਮਾਤਰਾ ਵਿਅਕਤੀ ਦੀ ਉਮਰ, ਸਿਹਤ ਦੀ ਮੌਜੂਦਾ ਸਥਿਤੀ, ਭਾਰ, ਹਾਜਮਾ, ਰੋਜ਼ਾਨਾ ਖ਼ੁਰਾਕ ਅਤੇ ਦਿਨ ਭਰ ਦੀਆਂ ਸਰੀਰਕ ਗਤੀਵਿਧੀਆਂ ਆਦਿ 'ਤੇ ਵੀ ਨਿਰਭਰ ਕਰਦੀ ਹੈ।

ਬਾਦਾਮ ਤੋਂ ਜ਼ਿਆਦਾ-ਜ਼ਿਆਦਾ ਪੌਸ਼ਕ ਤੱਤ ਹਾਸਲ ਕਰਨ ਲਈ ਇਸ ਨੂੰ ਭਿਓਂ ਕੇ ਖਾਧਾ ਜਾਣਾ ਚਾਹੀਦਾ ਹੈ। ਭਿੱਜੇ ਬਾਦਾਮ ਹਜਮ ਕਰਨੇ ਸੌਖੇ ਹੁੰਦੇ ਹਨ ਅਤੇ ਸਰੀਰ ਵੀ ਇਸ ਵਿਚ ਮੌਜੂਦ ਤੱਤਾਂ ਨੂੰ ਚੰਗੇ ਤਰੀਕੇ ਨਾਲ ਸੋਖ(ਹਾਸਲ ਕਰ) ਲੈਂਦਾ ਹੈ।

## ਬਦਲਦੇ ਮੌਸਮ ਵਿੱਚ ਹੋ ਸਕਦੀ ਟਾਇਫਾਈਡ ਦੀ ਸਮੱਸਿਆ

ਬਦਲਦੇ ਮੌਸਮ 'ਚ ਬੀਮਾਰੀਆਂ ਹੋਣ ਦਾ ਖ਼ਤਰਾ ਕਈ ਗੁਣਾਂ ਵੱਧ ਜਾਂਦਾ ਹੈ। ਇਸ ਦੌਰਾਨ ਲੋਕ ਕਈ ਬੀਮਾਰੀਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਇਸ ਦੌਰਾਨ ਟਾਇਫਾਈਡ ਯਾਨੀ ਬੁਖ਼ਾਰ ਦੀ ਸਮੱਸਿਆ ਹੋਣਾ ਆਮ ਗੱਲ ਹੈ। ਖ਼ੂਨ 'ਚ ਬੈਕਟੀਰੀਆ ਸ਼ਾਮਲ ਹੋਣ ਕਰਕੇ ਟਾਇਫਾਈਡ ਵਰਗੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਟਾਇਫਾਈਡ ਵਾਲਾ ਬੁਖ਼ਾਰ ਕਦੇ ਤੇਜ਼ ਅਤੇ ਕਦੇ ਘੱਟ ਹੁੰਦਾ ਹੈ। ਇਸ ਨਾਲ ਭੁੱਖ ਘੱਟ ਲੱਗਦੀ ਹੈ, ਸਰੀਰ ਟੁੱਟਦਾ ਹੈ ਅਤੇ ਪਿਆਸ ਵੀ ਬਹੁਤ ਘੱਟ ਲੱਗਦੀ ਹੈ। ਇਸ ਤੋਂ ਇਲਾਵਾ ਢਿੱਡ 'ਚ ਦਰਦ, ਭਾਰੀਪਣ ਅਤੇ ਕਦੇ-ਕਦੇ ਸਿਰ 'ਚ ਦਰਦ ਹੋਣ ਲੱਗ ਜਾਂਦਾ ਹੈ। ਟਾਇਫਾਈਡ ਦੀ ਸਮੱਸਿਆ ਤੋਂ ਰਾਹਤ ਪਾਉਣ ਲਈ ਉਕਤ ਘਰੇਲੂ ਨੁਸਖ਼ਿਆਂ ਦੀ ਵਰਤੋਂ ਕਰ ਸਕਦੇ ਹੋ.....



#### ਸੇਬ ਦਾ ਸਿਰਕਾ

ਟਾਇਫਾਈਡ ਤੋਂ ਛੁਟਕਾਰਾ ਦਿਵਾਉਣ ਲਈ ਸੇਬ ਦਾ ਸਿਰਕਾ ਵੀ ਬੇਹੱਦ ਲਾਹੇਵੰਦ ਹੁੰਦਾ ਹੈ। ਟਾਇਫਾਈਡ ਬੁਖ਼ਾਰ ਹੋਣ 'ਤੇ ਸੇਬ ਦੇ ਸਿਰਕੇ 'ਚ ਤੁਸੀਂ ਇਕ ਚਮਚ ਸ਼ਹਿਦ ਮਿਲਾ ਕੇ ਪੀ ਸਕਦੇ ਹੋ। ਸੇਬ ਦੇ ਸਿਰਕੇ 'ਚ ਮੌਜੂਦ ਮਿਨਰਲਸ ਨਾ ਤੁਹਾਨੂੰ ਬੁਖ਼ਾਰ ਤੋਂ ਨਿਜ਼ਾਤ ਦਿਵਾਉਂਦੇ ਹਨ ਸਗੋਂ ਸਿਹਤਮੰਦ ਵੀ ਰੱਖਦੇ ਹਨ।

#### ਤੁਲਸੀ ਦਾ ਕਰੋ ਸੇਵਨ

ਆਯੁਰਵੈਦਿਕ ਗੁਣ ਹੋਣ ਦੇ ਨਾਲ-ਨਾਲ ਐਂਟੀਬਾਓਟਿਕ ਅਤੇ ਐਂਟੀ ਬੈਕਟੀਰੀਆ ਗੁਣਾਂ ਨਾਲ ਭਰਪੂਰ ਤੁਲਸੀ ਦਾ ਸੇਵਨ ਤੁਹਾਨੂੰ ਟਾਇਫਾਈਡ ਤੋਂ ਨਿਜਾਤ ਦਿਵਾਏਗਾ। 2 ਗਿਲਾਸ ਪਾਣੀ 'ਚ ਕੁਝ ਤੁਲਸੀ ਦੀਆਂ ਪੱਤੀਆਂ ਮਿਲਾ ਲਵੋ। ਫਿਰ ਉਸ 'ਚ ਅਦਰਕ ਅਤੇ ਲੌਂਗ ਮਿਲਾ ਕੇ ਉਬਾਲ ਲਵੋ। ਫਿਰ ਦਿਨ 'ਚ ਦੋ ਘੰਟੇ ਬਾਅਦ ਇਸ ਪਾਣੀ ਦੀ ਵਰਤੋਂ ਕਰੋ। ਅਜਿਹਾ ਕਰਨ ਦੇ ਨਾਲ ਟਾਇਫਾਈਡ ਦੀ ਸਮੱਸਿਆ ਤੋਂ ਨਿਜਾਤ ਮਿਲਦਾ ਹੈ।

#### ਲਸਣ ਦੀ ਕਰੋ ਵਰਤੋਂ

ਟਾਇਫਾਈਡ ਹੋਣ 'ਤੇ ਤੁਸੀਂ ਲਸਣ ਦੀ ਵੀ ਵਰਤੋਂ ਕਰ ਸਕਦੇ ਹੋ। ਐਂਟੀਬਾਓਟਿਕ ਗੁਣਾਂ ਨਾਲ ਭਰਪੂਰ ਲਸਣ ਟਾਇਫਾਈਡ ਦੇ ਬੈਕਟੀਰੀਆ ਨੂੰ ਖਤਮ ਕਰਕੇ ਤੁਹਾਨੂੰ ਇਸ ਬੁਖ਼ਾਰ ਤੋਂ ਨਿਜਾਤ ਦਿਵਾਉਂਦਾ ਹੈ।

#### ਨਿੰਮ ਦਾ ਇੰਝ ਕਰੋ ਸੇਵਨ

ਨਿੰਮ ਦੀਆਂ ਪੱਤੀਆਂ ਨੂੰ ਚਬਾਓ ਜਾਂ ਫਿਰ ਨਿੰਮ ਦੀਆਂ ਪੱਤੀਆਂ ਨੂੰ ਪਾਣੀ 'ਚ ਉਬਾਲ ਕੇ ਉਸ ਪਾਣੀ ਨਾਲ ਨਹਾਓ। ਅਜਿਹਾ ਕਰਨ ਦੇ ਨਾਲ ਬੁਖ਼ਾਰ ਤੋਂ ਨਿਜ਼ਾਤ ਮਿਲੇਗਾ।

#### ਸਰੋਂ ਦੇ ਤੇਲ ਦੀ ਇੰਝ ਕਰੋ ਮਾਲਿਸ਼

ਟਾਇਫਾਈਡ ਹੋਣ 'ਤੇ ਤੁਸੀਂ ਸਰੋਂ ਦੇ ਤੇਲ ਦੀ ਵੀ ਮਾਲਿਸ਼ ਕਰ ਸਕਦੇ ਹੋ। ਸਰੋਂ ਦੇ ਤੇਲ 'ਚ ਲਸਣ ਦੀਆਂ ਕੁਝ ਤੁਰੀਆਂ ਮਿਲਾ ਕੇ ਫਿਰ ਤਲੀਆਂ ਦੀ ਮਾਲਿਸ਼ ਕਰੋ। ਅਜਿਹਾ ਕਰਨ ਦੇ ਨਾਲ ਬੁਖ਼ਾਰ ਤੋਂ ਨਿਜ਼ਾਤ ਮਿਲੇਗਾ।

## ਜੋੜਾਂ ਦੇ ਦਰਦ ਤੋਂ ਮਿਲੇਗੀ ਰਾਹਤ, ਡਾਇਟ 'ਚ ਸ਼ਾਮਲ ਕਰੋ ਇਹ 5 ਚੀਜ਼ਾਂ

ਵਧਦੀ ਉਮਰ ਦੇ ਨਾਲ-ਨਾਲ ਜੋੜਾਂ ਦਾ ਦਰਦ ਵੀ ਵੱਧ ਜਾਂਦਾ ਹੈ। ਕਈ ਵਾਰ ਇਹ ਦਰਦ ਇੰਨਾ ਵੱਧ ਜਾਂਦਾ ਹੈ ਕਿ ਵਿਅਕਤੀ ਉੱਠਣ-ਬੈਠਣ 'ਚ ਪਰੇਸ਼ਾਨ ਹੋ ਜਾਂਦੀ ਹੈ। ਇਹ ਦਰਦ ਪਹਿਲਾਂ ਸਿਰਫ਼ ਬਜ਼ੁਰਗਾਂ ਨੂੰ ਹੀ ਹੁੰਦਾ ਸੀ ਪਰ ਅੱਜ ਇਹ ਸਮੱਸਿਆ ਤੋਂ ਕਈ ਲੋਕ ਪੀੜਤ ਹਨ। ਜੋੜਾਂ 'ਚ ਦਰਦ ਖਾਣ-ਪੀਣ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ, ਮਾੜੀ ਜੀਵਨ ਸ਼ੈਲੀ, ਮੋਟਾਪਾ, ਕਸਰਤ ਨਾ ਕਰਨ ਦੀ ਆਦਤ ਕਰਕੇ ਵੀ ਹੋ ਸਕਦਾ ਹੈ। ਦਰਦ ਨੂੰ ਦੂਰ ਕਰਨ ਲਈ ਦਵਾਈਆਂ ਦਾ ਸੇਵਨ ਨਾ ਕਰੋ, ਕਿਉਂਕਿ ਇਸ ਨਾਲ ਸਰੀਰ ਨੂੰ ਨੁਕਸਾਨ ਹੋ ਸਕਦਾ ਹੈ। ਇਸ ਦਰਦ ਤੋਂ ਰਾਹਤ ਪਾਉਣ ਲਈ ਤੁਹਾਨੂੰ ਆਪਣੀ ਖੁਰਾਕ 'ਚ ਕਿਹੜੀਆਂ ਚੀਜ਼ਾਂ ਜਾ ਸੇਵਨ ਕਰਨਾ ਚਾਹੀਦਾ ਹੈ, ਦੇ ਬਾਰੇ ਆਓ ਜਾਣਦੇ ਹਾਂ....

#### ਹਰੀਆਂ ਪੱਤੇਦਾਰ ਸਬਜ਼ੀਆਂ ਦਾ ਸੇਵਨ

ਜੋੜਾਂ ਦੇ ਦਰਦ ਤੋਂ ਰਾਹਤ ਪਾਉਣ ਲਈ ਹਰੀਆਂ ਪੱਤੇਦਾਰ ਸਬਜ਼ੀਆਂ ਦਾ ਸੇਵਨ ਕਰੋ। ਇਨ੍ਹਾਂ 'ਚ ਕੈਲਸ਼ੀਅਮ, ਵਿਟਾਮਿਨ ਕੇ ਅਤੇ ਮੈਗਨੀਸ਼ੀਅਮ ਵਰਗੇ ਕਈ ਪੋਸ਼ਕ ਤੱਤ ਹੁੰਦੇ ਹਨ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦੇ ਹਨ। ਇਹ ਜੋੜਾਂ ਵਿੱਚ ਸੋਜਸ਼ ਵਾਲੇ ਐਨਜ਼ਾਈਮਜ਼ ਨੂੰ ਬਣਨ ਤੋਂ ਵੀ ਰੋਕਦਾ ਹੈ, ਜਿਸ ਨਾਲ ਜੋੜਾਂ ਵਿੱਚ ਸੋਜ ਘੱਟ ਜਾਂਦੀ ਹੈ। ਤੁਸੀਂ ਪਾਲਕ, ਬਰੋਕਲੀ, ਗੋਭੀ, ਕੇਲੇ ਦਾ ਸੇਵਨ ਕਰ ਸਕਦੇ ਹੋ।

#### ਅਲਸੀ ਦੇ ਬੀਜਾਂ

ਚਿਆ ਸੀਡਸ, ਬਦਾਮ ਅਤੇ ਅਲਸੀ ਦੇ ਬੀਜਾਂ ਵਿੱਚ ਭਰਪੂਰ ਮਾਤਰਾ ਵਿੱਚ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਫਾਸਫੋਰਸ ਹੁੰਦਾ ਹੈ। ਇਹ ਪੋਸ਼ਕ ਤੱਤ ਹੱਡੀਆਂ ਨੂੰ ਪੋਸ਼ਣ ਦਿੰਦੇ ਹਨ ਅਤੇ ਉਨ੍ਹਾਂ ਨੂੰ ਸਿਹਤਮੰਦ ਰੱਖਣ ਵਿੱਚ ਮਦਦ ਕਰਦੇ ਹਨ। ਅਲਸੀ ਦੇ ਬੀਜ, ਚਿਆ ਸੀਡਸ, ਬਦਾਮ ਖਾਣ ਨਾਲ ਤੁਹਾਨੂੰ ਦਰਦ ਤੋਂ ਬਹੁਤ ਰਾਹਤ ਮਿਲੇਗੀ।

#### ਕੈਲਸ਼ੀਅਮ ਨਾਲ ਭਰਪੂਰ ਭੋਜਨ

ਜੋੜਾਂ ਦੇ ਦਰਦ ਤੋਂ ਰਾਹਤ ਪਾਉਣ ਲਈ ਤੁਸੀਂ ਕੈਲਸ਼ੀਅਮ ਨਾਲ ਭਰਪੂਰ ਭੋਜਨ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰ ਸਕਦੇ ਹੋ। ਹੱਡੀਆਂ ਦੇ ਨਿਰਮਾਣ 'ਚ ਮਦਦ ਕਰਨ ਦੇ ਨਾਲ-ਨਾਲ ਇਹ ਹੱਡੀਆਂ ਨੂੰ ਮਜ਼ਬੂਤ ਬਣਾਉਣ ਦਾ ਕੰਮ ਕਰਦਾ ਹੈ। ਤੁਸੀਂ ਆਪਣੀ ਖੁਰਾਕ ਵਿੱਚ ਦੁੱਧ, ਦਹੀਂ, ਪਨੀਰ ਵਰਗੀਆਂ ਚੀਜ਼ਾਂ ਨੂੰ ਸ਼ਾਮਲ ਕਰ ਸਕਦੇ ਹੋ।



#### ਸਾਬੁਤ ਅਨਾਜ

ਸਾਬੁਤ ਅਨਾਜ ਸਰੀਰ ਲਈ ਬਹੁਤ ਫ਼ਾਇਦੇਮੰਦ ਹੁੰਦੇ ਹਨ। ਇਸ ਦਾ ਸੇਵਨ ਕਰਨ ਨਾਲ ਸਰੀਰ ਵਿੱਚ ਫੈਟੀ ਐਸਿਡ ਦਾ ਉਤਪਾਦਨ ਘੱਟ ਹੋ ਜਾਂਦਾ ਹੈ, ਜੋ ਸੋਜ ਨਾਲ ਲੜਨ ਵਿੱਚ ਮਦਦ ਕਰਦਾ ਹੈ। ਤੁਸੀਂ ਇਸ ਲਈ ਬਰਾਊਨ ਰਾਈਸ, ਕੁਇਨੋਆ, ਪੂਰੀ ਕਣਕ ਦਾ ਸੇਵਨ ਕਰ ਸਕਦੇ ਹੋ।

#### ਮੱਛੀ ਦਾ ਤੇਲ

ਮੱਛੀ ਅਤੇ ਮੱਛੀ ਦੇ ਤੇਲ ਵਿੱਚ ਵਿਟਾਮਿਨ ਡੀ ਅਤੇ ਓਮੇਗਾ-3 ਫੈਟੀ ਐਸਿਡ ਹੁੰਦੇ ਹਨ, ਜੋ ਅੰਤੜੀਆਂ ਵਿੱਚ ਕੈਲਸ਼ੀਅਮ ਨੂੰ ਜਜ਼ਬ ਕਰਨ ਲਈ ਮਹੱਤਵਪੂਰਨ ਮੰਨੇ ਜਾਂਦੇ ਹਨ। ਇਸ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਮੱਛੀ ਦੇ ਤੇਲ ਵਿੱਚ ਕੁਝ ਤੱਤ ਪਾਏ ਜਾਂਦੇ ਹਨ, ਜੋ ਸੋਜ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ। ਇਹ ਨੁਕਸਾਨ ਅਤੇ ਫ੍ਰੈਕਚਰ ਦੇ ਜੋਖਮ ਨੂੰ ਘਟਾ ਕੇ ਹੱਡੀਆਂ ਨੂੰ ਸਿਹਤਮੰਦ ਬਣਾਉਣ ਵਿੱਚ ਮਦਦ ਕਰਦਾ ਹੈ।

#### ਸੇਂਧਾ ਲੂਣ ਦਾ ਸੇਵਨ

ਜੋੜਾਂ ਦੇ ਦਰਦ ਨੂੰ ਦੂਰ ਕਰਨ ਲਈ ਸੇਂਧਾ ਲੂਣ ਦਾ ਸੇਵਨ ਕਰੋ। ਇਸ 'ਚ ਮੈਗਨੀਸ਼ੀਅਮ ਤੇ ਸਲਫੇਟ ਹੁੰਦਾ ਹੈ, ਜੋ ਦਰਦ ਤੋਂ ਰਾਹਤ ਦਿਵਾਉਣ ਦਾ ਕੰਮ ਕਰਦੇ ਹਨ।

ਇਸ ਨਾਲ ਸੋਜ ਘੱਟ ਹੁੰਦੀ ਹੈ ਅਤੇ ਦਰਦ ਤੋਂ ਰਾਹਤ ਮਿਲਦੀ ਹੈ। ਤੁਸੀਂ ਨਹਾਉਣ ਦੇ ਪਾਣੀ 'ਚ ਇਕ ਚਮਚ ਸੇਂਧਾ ਲੂਣ ਮਿਲਾ ਸਕਦੇ ਹੋ ਜਾਂ ਇਸ ਪਾਣੀ ਨਾਲ ਦਰਦ ਵਾਲੀਆਂ ਥਾਵਾਂ ਦੀ ਸਿਕਾਈ ਕਰੋ।

## ਬਲੱਡ ਪ੍ਰੈਸ਼ਰ ਤੇ ਸ਼ੂਗਰ ਦੇ ਮਰੀਜ਼ਾਂ ਲਈ ਫ਼ਾਇਦੇਮੰਦ ਹੁੰਦੈ ਚੁਕੰਦਰ ਦਾ ਜੂਸ

ਵਿਅਸਥ ਜੀਵਨ ਸ਼ੈਲੀ ਹੋਣ ਕਾਰਨ ਅੱਜ ਦੇ ਸਮੇਂ ਵਿਚ ਲੋਕ ਆਪਣੇ ਸਹੀ ਖਾਣ-ਪੀਣ ਵੱਲ ਧਿਆਨ ਨਹੀਂ ਦੇ ਰਹੇ। ਇਸ ਦੌਰਾਨ ਉਹ ਚੰਗੀ ਖ਼ੁਰਾਕ ਦੀ ਥਾਂ ਜ਼ੰਕ ਫੂਡ ਦਾ ਸੇਵਨ ਜ਼ਿਆਦਾ ਕਰ ਰਹੇ ਹਨ, ਜਿਸ ਨਾਲ ਕਈ ਬੀਮਾਰੀਆਂ ਹੋ ਰਹੀਆਂ ਹਨ। ਇਸ ਹਾਲਤ ਵਿਚ ਲੋਕ ਬਾਹਰਲਾ ਖਾਣਾ ਖਾਣ ਦੀ ਥਾਂ ਚੁਕੰਦਰ ਦਾ ਜੂਸ ਪੀ ਸਕਦੇ ਹਨ। ਚੁਕੰਦਰ ਦਾ ਜੂਸ ਜ਼ਰੂਰੀ ਪੌਸ਼ਟਿਕ ਤੱਤਾਂ, ਪੋਟਾਸ਼ੀਅਮ, ਆਇਰਨ, ਮੈਗਨੀਸ਼ੀਅਮ, ਜ਼ਿੰਕ, ਕਾਪਰ, ਵਿਟਾਮਿਨ, ਖਣਿਜਾਂ ਨਾਲ ਭਰਪੂਰ ਹੁੰਦਾ ਹੈ, ਜੋ ਸਰੀਰ ਨੂੰ ਸਿਹਤਮੰਦ ਅਤੇ ਮਜ਼ਬੂਤ ਬਣਾ ਕੇ ਰੱਖਣ ਵਿੱਚ ਮਦਦ ਕਰਦਾ ਹੈ। ਚੁਕੰਦਰ ਦਾ ਜੂਸ ਪੀਣ ਨਾਲ ਸਾਡਾ ਖ਼ੂਨ ਦਾ ਪੱਧਰ ਵਧਦਾ ਹੈ। ਨਾਲ ਹੀ ਸ਼ੂਗਰ, ਬੀਪੀ ਤੇ ਕੈਸਟ੍ਰੌਲ ਕੰਟਰੋਲ ਵਿਚ ਰਹਿੰਦਾ ਹੈ। ਚੁਕੰਦਰ ਵਿਚ ਕਈ ਪੌਸ਼ਕ ਤੱਤ ਹੁੰਦੇ ਹਨ, ਜੋ ਸਾਨੂੰ ਬੀਮਾਰੀਆਂ ਤੋਂ ਦੂਰ ਰੱਖਦੇ ਹਨ, ਜਿਸ ਨਾਲ ਸਾਡੀ ਸਿਹਤ ਚੰਗੀ ਰਹਿੰਦੀ ਹੈ ਅਤੇ ਸਰੀਰ ਫਿਟ ਰਹਿੰਦਾ ਹੈ।

#### ਹਾਈ ਬੀਪੀ ਨੂੰ ਕਰਦਾ ਹੈ ਕੰਟਰੋਲ

ਜਿਨ੍ਹਾਂ ਲੋਕਾਂ ਨੂੰ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੈ, ਉਨ੍ਹਾਂ ਲਈ ਚੁਕੰਦਰ ਦਾ ਜੂਸ ਰਾਮਬਾਣ ਹੈ। ਇਕ ਰਿਸਰਚ ਮੁਤਾਬਿਕ ਰੋਜ਼ਾਨਾ ਚੁਕੰਦਰ ਦਾ ਜੂਸ ਪੀਣ ਨਾਲ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਮਿਲ ਸਕਦੀ ਹੈ। ਚੁਕੰਦਰ ਦੇ ਜੂਸ ਵਿਚ ਨਾਈਟ੍ਰਿਕ ਆਕਸਾਈਡ ਦੀ ਉੱਚ ਮਾਤਰਾ ਹੁੰਦੀ ਹੈ, ਜੋ ਬਲੱਡ ਪ੍ਰੈਸ਼ਰ ਦੇ ਪੱਧਰ ਨੂੰ ਆਮ ਬਣਾਉਂਦਾ ਹੈ।

#### ਦਿਲ ਦੀ ਸਿਹਤ ਲਈ ਲਾਹੇਵੰਦ

ਜੇ ਤੁਸੀਂ ਹਰ ਰੋਜ਼ ਸਵੇਰੇ ਚੁਕੰਦਰ ਦਾ ਜੂਸ ਪੀਂਦੇ ਹੋ ਤਾਂ ਇਹ ਦਿਲ ਦੀ ਸਿਹਤ ਨੂੰ ਤੰਦਰੁਸਤ ਰੱਖਦਾ ਹੈ। ਇਸ ਵਿੱਚ ਨਾਈਟ੍ਰੇਟ ਤੱਤ ਹੁੰਦਾ ਹੈ, ਜੋ ਦਿਲ ਦੇ ਰੋਗਾਂ ਨੂੰ ਦੂਰ ਕਰਨ ਵਿੱਚ ਮਦਦਗਾਰ ਹੁੰਦਾ ਹੈ।

#### ਕੋਲੈਸਟ੍ਰੋਲ ਦੇ ਪੱਧਰ ਨੂੰ ਘਟਾਉਂਦਾ ਹੈ

ਚੁਕੰਦਰ ਦਾ ਜੂਸ ਕੋਲੇਸਟ੍ਰੋਲ ਅਤੇ ਟ੍ਰਾਈਗਲਿਸਰਾਈਡ ਦੇ ਪੱਧਰ ਨੂੰ ਘਟਾਉਣ, ਸਰੀਰ ਵਿੱਚ ਚੰਗੇ ਕੋਲੇਸਟ੍ਰੋਲ ਨੂੰ ਵਧਾਉਣ ਅਤੇ ਜਿਗਰ ਵਿੱਚ ਆਕਸੀਟੇਟਿਵ ਤਣਾਅ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ, ਜੋ ਕੋਲੇਸਟ੍ਰੋਲ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਦਾ ਹੈ।



#### ਜਿਗਰ ਲਈ ਫ਼ਾਇਦੇਮੰਦ

ਲਿਵਰ ਸਰੀਰ ਦਾ ਅਹਿਮ ਅੰਗ ਹੈ, ਇਸ ਨੂੰ ਸਿਹਤਮੰਦ ਰੱਖਣਾ ਬਹੁਤ ਜ਼ਰੂਰੀ ਹੈ। ਲਿਵਰ ਨੂੰ ਸਿਹਤਮੰਦ ਰੱਖਣ ਲਈ ਤੁਸੀਂ ਚੁਕੰਦਰ ਦੇ ਜੂਸ ਨੂੰ ਆਪਣੀ ਡਾਇਟ 'ਚ ਸ਼ਾਮਿਲ ਕਰ ਸਕਦੇ ਹੋ। ਇਸ 'ਚ ਮੌਜੂਦ ਬੀਟੇਨ ਲਿਵਰ ਦੀ ਬਿਮਾਰੀ ਨੂੰ ਘੱਟ ਕਰਨ 'ਚ ਮਦਦ ਕਰ ਸਕਦਾ ਹੈ। ਇਸ ਤੋਂ ਇਲਾਵਾ ਚੁਕੰਦਰ ਦਾ ਜੂਸ ਪੀਣ ਨਾਲ ਸਰੀਰ 'ਚੋਂ ਜ਼ਹਿਰੀਲੇ ਤੱਤ ਬਾਹਰ ਨਿਕਲ ਜਾਂਦੇ ਹਨ।

#### ਇਮਿਊਨ ਸਿਸਟਮ ਹੁੰਦਾ ਹੈ ਮਜ਼ਬੂਤ

ਚੁਕੰਦਰ ਵਿਟਾਮਿਨ ਸੀ ਨਾਲ ਭਰਪੂਰ ਹੁੰਦਾ ਹੈ। ਇਸ 'ਚ ਐਂਟੀਆਕਸੀਡੈਂਟ ਗੁਣ ਵੀ ਪਾਏ ਜਾਂਦੇ ਹਨ, ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ। ਜੇ ਇਮਿਊਨ ਸਿਸਟਮ ਮਜ਼ਬੂਤ ਰਹੇ ਤਾਂ ਤੁਸੀਂ ਕਈ ਬਿਮਾਰੀਆਂ ਤੋਂ ਬਚ ਸਕਦੇ ਹੋ, ਇਸ ਲਈ ਰੋਜ਼ਾਨਾ ਸਵੇਰੇ ਉੱਠ ਕੇ ਇਕ ਗਲਾਸ ਚੁਕੰਦਰ ਦਾ ਜੂਸ ਪੀਓ।

#### ਪਾਚਨ ਤੰਤਰ ਹੁੰਦਾ ਹੈ ਦਰੁਸਤ

ਚੁਕੰਦਰ 'ਚ ਫਾਈਬਰ ਕਾਫ਼ੀ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਪਾਚਨ ਕਿਰਿਆ ਲਈ ਫ਼ਾਇਦੇਮੰਦ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਅਕਸਰ ਕਬਜ਼ ਰਹਿੰਦੀ ਹੈ, ਉਨ੍ਹਾਂ ਲਈ ਚੁਕੰਦਰ ਦਾ ਜੂਸ ਬਹੁਤ ਫ਼ਾਇਦੇਮੰਦ ਸਾਬਿਤ ਹੋ ਸਕਦਾ ਹੈ। ਮਾਹਿਰਾਂ ਅਨੁਸਾਰ ਚੁਕੰਦਰ ਦਾ ਜੂਸ ਪੀਣ ਨਾਲ ਪੁਰਾਣੀਆਂ ਬੀਮਾਰੀਆਂ ਨੂੰ ਦੂਰ ਕਰਨ ਵਿਚ ਵੀ ਮਦਦ ਮਿਲਦੀ ਹੈ।

#### ਸ਼ੂਗਰ ਦੇ ਰੋਗੀਆਂ ਲਈ ਫ਼ਾਇਦੇਮੰਦ

ਸ਼ੂਗਰ ਦੇ ਮਰੀਜ਼ਾਂ ਨੂੰ ਆਪਣੀ ਖੁਰਾਕ ਦਾ ਖ਼ਾਸ ਧਿਆਨ ਰੱਖਣਾ ਪੈਂਦਾ ਹੈ।

-ਅਜਿਹੇ 'ਚ ਤੁਸੀਂ ਚੁਕੰਦਰ ਦਾ ਜੂਸ ਵੀ ਪੀ ਸਕਦੇ ਹੋ। ਇਹ ਫਾਈਟੋਨਿਊਟ੍ਰੀਐਂਟਸ ਨਾਲ ਭਰਪੂਰ ਹੁੰਦਾ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਘਟਾ ਸਕਦਾ ਹੈ।

## ਕੰਮ ਦੌਰਾਨ ਐਕਟਿਵ ਰਹਿਣ ਲਈ ਤੁਸੀਂ ਕੁਝ ਗੱਲਾਂ ਦਾ ਧਿਆਨ ਰੱਖ ਸਕਦੇ ਹੋ-

ਕੰਮ ਦੌਰਾਨ ਹਰ ਅੱਧੇ ਜਾਂ ਇੱਕ ਘੰਟੇ ਲਈ ਥੋੜ੍ਹੀ ਦੇਰ ਲਈ ਸੈਰ ਕਰੋ ਜਾਂ ਖੜ੍ਹੇ ਹੋ ਕੇ ਕੰਮ ਕਰੋ।

ਲਿਫਟ ਜਾਂ ਐਲੀਵੇਟਰ ਦੀ ਬਜਾਏ ਪੌੜੀਆਂ ਦੀ ਵਰਤੋਂ ਕਰੋ।

ਰੋਜ਼ਾਨਾ 30 ਮਿੰਟ ਕਸਰਤ ਕਰੋ।

ਫ਼ੋਨ 'ਤੇ ਗੱਲ ਕਰਦੇ ਸਮੇਂ ਤੁਸੀਂ ਵਾਕ ਕਰ ਸਕਦੇ ਹੋ।

ਜ਼ੂਮ ਮੀਟਿੰਗ 'ਚ ਸ਼ਾਮਲ ਹੋਣ ਵੇਲੇ ਤੁਸੀਂ ਵਾਕ ਕਰ ਸਕਦੇ ਹੋ।

ਜੇ ਸੰਭਵ ਹੋਵੇ ਤਾਂ ਤੁਸੀਂ ਕੁਝ ਸਮੇਂ ਲਈ ਖੜ੍ਹੇ ਹੋ ਕੇ ਡੈਸਕ 'ਤੇ ਕੰਮ ਕਰ ਸਕਦੇ ਹੋ।



# ਕਲਾਸੀਫਾਈਡ

ਹਮਦਰਦ ਅਖ਼ਬਾਰ ਜਾਂ HAMDARD TV 'ਚ ਆਪਣਾ ਇਸ਼ਤਿਹਾਰ ਜਾਂ ਕਲਾਸੀਫਾਈਡ ਦੇ ਕੇ ਪੂਰੀ ਦੁਨੀਆ ਤੱਕ ਪਹੁੰਚ ਕਰੋ

905-791-9999

PLACE YOUR AD IN HAMDARD VICHOLA PROGRAM FOR BEST RESULTS

# Classified

## ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ, ਰਵੀਦਾਸੀਆ ਸਿੱਖ, ਉਮਰ 27 ਸਾਲ, ਕੱਦ 6 ਫੁੱਟ, ਯੂਨੀਵਰਸਿਟੀ ਡਿਗਰੀ ਹੋਲਡਰ ਐਰੋ ਸਪੇਸ ਇੰਜਨੀਅਰ ਦੀ ਵਧੀਆ ਜੌਬ ਕਰਦੇ,ਹੈਂਡਸਮ, ਟਰਾਂਟੋ ਵਿਚ ਆਪਣੇ ਵੈਲ ਸੈਟਲਡ ਪਰਿਵਾਰ ਨਾਲ ਰਹਿੰਦੇ ਲੜਕੇ ਲਈ ਕੈਨੇਡੀਅਨ ਜੰਮਪਲ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਲੰਮੀ, ਵਧੀਆ ਜੌਬ ਕਰਦੀ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਪਰ ਰਵੀਦਾਸੀਆ ਸਿੱਖ ਪਰਿਵਾਰ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਲੜਕੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਕਰਨ ਲਈ 647-614-4043 ਤੇ ਫੋਨ ਕੀਤਾ ਜਾ ਸਕਦਾ ਹੈ। -1831

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ 6'-4" ਲੰਮੇਂ ਕੱਦ ਵਾਲੇ ਬੀ ਐਸ ਸੀ ਇੰਜਨੀਅਰਿੰਗ ਟੈਕਨੌਲਜੀ ਡਿਗਰੀ ਹੋਲਡਰ, ਆਈ ਟੀ ਸਪੋਟ ਇੰਜਨੀਅਰ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਆਪਣੇ ਘਰ ਦੇ ਮਾਲਕ ਕਲੀਨਸ਼ੇਵਡ ਲੜਕੇ ਲਈ ਅਮਰੀਕਾ ਤੋਂ ਹੀ ਰਜਿਸਟਰਡ ਨਰਸ, ਸੋਹਣੀ, ਪਰਿਵਾਰਕ, ਲੰਮੀ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਅਮਰੀਕਾ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦਾ ਪਰਿਵਾਰ ਅਮਰੀਕਾ ਕੈ-ਲੇਫੋਰਨੀਆ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-650-695-9141 ਜਾਂ 1-408-830-7987 ਤੇ ਫੋਨ ਕੀਤਾ ਜਾ ਸਕਦਾ ਹੈ। -1831

*****************

ਅਮਰੀਕਨ ਜੰਮਪਲ, ਲੁਬਾਣਾ ਸਿੱਖ, 1994 ਬੌਰਨ, ਕੱਦ 5'-10", ਬੈਚੁਲਰ ਇਨ ਏਵੀਏਸ਼ਨ, ਆਪਣਾ ਈ ਕਮਰਸ਼ ਦਾ ਬਿਜਨੈਸ ਕਰਨ ਦੇ ਨਾਲ-ਨਾਲ ਫੈ-ਮਿਲੀ ਬਿਜਨੈਸ ਵੀ ਸੰਭਾਲ ਰਹੇ, ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ'ਚ 12 ਕਿਲੇ ਜ਼ਮੀਨ ਅਤੇ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਅਮ-ਰੀਕਾ/ਕੈਨੇਡਾ/ਇੰਡੀਆ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਅਮਰੀਕਾ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈਰਿਜ ਬਿਊਰੋ ਵਾਲਿਆ ਤੋਂ ਮੁਆਫੀ।ਹੋਰ ਵਧੇਰੇ ਪੁੱਛਗਿੱਛ ਲਈ 1-516-849-8705 ਜਾਂ 1-516-495-0838 ਤੇ ਫੋਨ ਕੀਤਾ ਜਾ ਸਕਦਾ ਹੈ। -1831

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਛੋਟੇ ਹੁੰਦੇ ਕੈਨੇਡਾ ਆਏ, ਨਵੰਬਰ 1997 'ਚ ਜਨਮੇਂ, 5'-11" ਲੰ-ਮੇਂ ਕੱਦ ਵਾਲੇ, ਬੀਟੈਕ, ਆਟੋਮੋਟਿਵ ਇੰਜਨੀਅ-ਰਿੰਗ ਡਿਗਰੀ ਹੋਲਡਰ, ਮੈਨੂੰਫੈਕਰਿੰਗ ਕੰਪਨੀ ਵਿਚ ਮੈਨੇਜਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਦਸਤਾਰਧਾਰੀ ਲੜਕੇ ਲਈ ਕੈਨੇਡਾ/ਅਮ-ਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਵਧੀਆ ਜੌਬ ਕਰਦੀ, ਘੱਟੋ ਘੱਟ 5'-4" ਲੰਮੀਂ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਗਰੇਟਰ ਟਰਾਂਟੋ 'ਚ ਰਹਿੰਦੀ ਜਾਂ ਟਰਾਂਟੋ 'ਚ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਗਲਤੀ ਨਾ ਕਰਨ। ਲੜਕੀ ਸਬੰਧੀ ਹੋਰ ਵੇਰਵੇ ਜਾਨਣ ਲਈ 416-371-0601 ਤੇ ਫੋਨ ਕੀਤਾ ਜਾ ਸਕਦਾ ਹੈ।-1831

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 24 ਸਾਲ, 6 ਫੁੱਟ ਲੰਮੇਂ ਕੱਦ ਵਾਲੇ, ਪੜ੍ਹੇ ਲਿਖੇ, ਵਧੀਆ ਕੰਮ-ਕਾਰ ਕਰ ਰਹੇ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਪਰਿਵਾਰ ਦੇ ਹੈਂਡਸਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ ਲਿਖੀ, ਖਾਨਦਾਨੀ ਜੱਟ ਸਿੱਖ ਪਰਿਵਾਰ ਦੀ ਕੈਨੇਡਾ 'ਚ ਛੋਟੀ ਹੁੰਦੀ ਆਈ ਜਾਂ ਸਟੂਡੈਂਟ ਵੀਜ਼ਾ ਜਾਂ ਵਿਜ਼ਟਰ ਵੀਜ਼ਾ ਤੇ ਕੈਨੇਡਾ ਆਈ ਲੜਕੀ ਦੀ ਲੋੜ ਹੈ। ਇੰਡੀਆ ਤੋਂ ਉਥੋਂ ਦੀ ਜੰਮਪਲ ਯੋਗ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ ਜੋ ਚੰਗੇ ਸਕੂਲਾਂ 'ਚ ਪੜ੍ਹੀ ਹੋਵੇ। ਲੜਕੀ ਦਾ ਕੱਦ ਘੱਟੋ ਘੱਟ 5'-7" ਹੋਵੇ। ਲੁਧਿਆਣਾ ਤੇ ਮਲੇਟਕੋਟਲਾ ਇਲਾਕੇ ਦੇ ਪਰਿਵਾਰ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ ਆਪਣਾ ਬਾਇਓ ਡਾਟਾ ਵਟਸ ਐਪ ਤੇ ਭੇਜ ਕੇ 1-604-805-2975 ਤੇ ਫੋਨ ਕਰ ਸਕਦੇ ਹਨ। ਇੰਡੀਆ ਵਾਲੇ ਵੈਨਕੂਵਰ ਦੇ ਸਮੇਂ ਮੁਤਾਬਿਕ ਦਿਨ ਦੇ ਟਾਈਮ ਫੋਨ ਕਰਨ ਦੀ ਕ੍ਰਿਪਾਲਤਾ ਕਰਨ। -1831

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 32 ਸਾਲ, ਕੱਦ 5'-11", ਦਸਤਾਰਧਾਰੀ, ਹੈਂਡਸਮ, ਮਾਸਟਰਸ ਡਿਗਰੀ ਹੋਲਡਰ, ਉਨਟਾਰੀਓ ਗੌਰਮਿੰਟ ਦੀ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਜੰਮਪਲ ਜਾਂ ਛੋਟੀ ਹੁੰਦੀ ਆਈ ਵੈਸ਼ਨੂੰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਜੀ ਟੀ ਏ ਵਿਚ ਰਹਿੰਦੀ ਜਾਂ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਮੈ-ਰਿਜ ਬਿਊਰੋ ਵਾਲੇ ਮੁਆਫ ਕਰਨ। ਵਧੇਰੇ ਜਾਣਕਾਰੀ ਲਈ 647-269-8097 ਤੇ ਫੋਨ ਕੀਤਾ ਜਾ ਸਕਦਾ ਹੈ।-1831

*****************

ਰਾਮਗੜ੍ਹੀਆ ਸਿੱਖ, ਕੈਨੇਡੀਅਨ ਪੀ ਆਰ, ਦਸੰਬਰ 1996 ਦਾ ਬੋਰਨ, ਕੱਦ 5'-11", ਦਸਤਾਰਧਾਰੀ, ਸੋਹਣਾ-ਸੁਨੱਖਾ, ਨਸ਼ਿਆ ਤੋਂ ਰਹਿਤ, ਸੌਫਟਵੇਅਰ ਡਿਵੈਲਪ ਇੰਜਨੀਅਰ, ਗਰੇਟਰ ਟਰਾਂਟੋ ਇਲਾਕੇ ਵਿਚ ਰਹਿੰਦੇ ਲੜਕੇ ਲਈ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ ਹੋਰ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਕੈਨੇਡਾ 'ਚ 1-437-258-9568 ਜਾਂ ਫਿਰ ਇੰਡੀਆ 'ਚ +91-97795-33717 ਵਟਸ ਐਪ ਤੇ ਫੋਨ ਕਰ ਸਕਦੇ ਹਨ।-1831

*****************

ਕੈਨੇਡੀਅਨ ਪੀ ਆਰ, ਪੰਜਾਬੀ ਸਿੱਖ ਸ਼ਰਮਾ, 1989 ਬੌਰਨ, 6 ਫੁੱਟ ਲੰਮੇਂ ਕੱਦ ਵਾਲੇ, ਡਬਲ ਮਾਸਟਰ ਡਿਗਰੀ ਹੋਲਡਰ, ਆਪਣਾ ਵਧੀਆ ਬਿਜਨੈਸ ਕਰਦੇ, ਆਪਣੇ ਘਰ ਦੇ ਮਾਲਕ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਸ਼ਨੂੰ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਲੰਬੀ ਲੜਕੀ ਦੀ ਲੋੜ ਹੈ। ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਜਾਤ ਪਾਤ ਦ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ 1-403-463-8917 ਤੇ ਜਾਂ ਫਿਰ ਵਟਸ ਐਪ ਤੇ 647-299-4466 ਤੇ ਫੋਨ ਕੀਤਾ ਜਾ ਸਕਦਾ ਹੈ। -1830

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਉਮਰ 48 ਸਾਲ, ਕੱਦ 6'-3", 40 ਸਾਲ ਤੋਂ ਵੀ ਘੱਟ ਉਮਰ ਦੇ ਲਗਦੇ, ਹੈਂਡਸਮ, ਵੈਸ਼ਨੂੰ, 2015 ਤੋਂ ਤਲਾਕਸ਼ੁਦਾ, ਕੋਈ ਬੱਚਾ ਨਹੀਂ, ਆਪਣੇ ਕਈ ਬਿਜਨੈਸ ਕਰਦੇ ਅਤੇ ਵੈਲ ਸੈਟਲਡ, ਨਸ਼ਿਆ ਤੋਂ ਰਹਿਤ ਵਰ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, 34 ਤੋਂ 39 ਸਾਲ ਦੇ ਵਿਚਕਾਰ ਉਮਰ ਵਾਲੀ, ਲੰਮੇ ਕੱਦ ਵਾਲੀ ਜੀਵਨ ਸਾਥਣ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਵਧੇਰੇ ਪੁੱਛਗਿੱਛ ਲਈ 647-223-7894 ਤੇ ਫੋਨ ਕੀਤਾ ਜਾ ਸਕਦਾ ਹੈ। -1830

*****************

ਕੈਨੇਡੀਅਨ ਜੰਮਪਲ, ਰਵਿਦਾਸੀਆ ਸਿੱਖ, 1993 ਬੌਰਨ, 5'-9" ਲੰਮੇ ਕੱਦ ਵਾਲੇ, ਹੈਂਡਸਮ, ਨਸ਼ਿਆ ਤੋਂ ਰਹਿਤ, ਡਬਲ ਬੈਚੁਲਰਸ ਡਿਗਰੀ ਹੋਲਡਰ, ਆਪਣੀ ਹੀ ਫੀਲਡ ਵਿੱਚ ਫਾਰਮਾਸੂਟਿਕਲ ਐਨਾਲਿਸਟ ਦੀ ਵਧੀਆ ਜੌਬ ਕਰਦੇ ਲੜਕੇ ਲਈ ਕੈਨੇਡਾ ਤੋਂ ਹੀ ਪੜੀ ਲਿਖੀ, ਸੋਹਣੀ, ਪਰਿਵਾਰ ਨਾਲ ਰਹਿਣ ਦੀ ਚਾਹਵਾਨ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ 40 ਸਾਲਾਂ ਤੋਂ ਕੈਨੇਡਾ ਵਿਚ ਵੈਲ ਸੈਟਲਡ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ ਪਰਵਾਰ ਨਾਲ ਸੰਪਰਕ ਲਈ ਫੋਨ: 1-514-806-3293 ਜਾਂ 1-514-677-3293 -1830

*****************

ਅਮਰੀਕਾ ਦੇ ਜੰਮਪਲ, ਜੱਟ ਸਿੱਖ, 30 ਸਾਲਾ, ਕੱਦ 6'-1", ਅਮਰੀਕਾ ਦੀ ਟੌਪ ਦੀ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਕਰਕੇ, ਸਿਆਟਲ ਦੇ ਸੌਫਟਵੇਅਰ ਇੰਜਨੀਅਰ ਟੈਕਨੌਲਜੀ ਦੀ ਨਾਮਵਰ ਕੰਪਨੀ 'ਚ ਵੱਡੀ ਪੁਜੀਸ਼ਨ ਤੇ ਜੌਬ ਕਰ ਰਹੇ, ਚੰਗੀ ਪਰਸਨੈਲਟੀ ਦੇ ਮਾਲਕ ਕੈਨੇਡੀਅਨ ਜਾਂ ਅਮਰੀਕਨ ਜੱਟ ਸਿੱਖ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਯੋਗ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਪਿਛਲੇ 35 ਸਾਲਾਂ ਤੋਂ ਅਮਰੀਕਾ ਵਿਚ ਵੈਲ ਸੈਟਲਡ ਹੈ। ਅਮਰੀਕਾ 'ਚ ਵਰਕ ਪਰਮਿਟ ਤੇ ਕੰਮ ਕਰਦੀ ਜਾਂ ਵਿਜ਼ਟਰ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ ਅਮਰੀਕਾ 'ਚ 1-206-856-5391 ਤੇ ਫੋਨ ਕੀਤਾ ਜਾ ਸਕਦਾ ਹੈ। -1829

*****************

ਕੈਨੇਡਾ 'ਚ ਵਰਕ ਪਰਮਿਟ ਤੇ ਰਹਿੰਦੇ, ਅਰੋੜਾ ਸਿੱਖ, ਉਮਰ 26 ਸਾਲ, ਕੱਦ 6 ਫੁੱਟ, ਕੈਨੇਡਾ ਤੋਂ ਗਰੈਜੁਏਟ, ਆਪਣਾ ਬਹੁਤ ਵਧੀਆ ਬਿਜਨੈਸ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਸ਼ਿਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਲੰਮੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ ਕੈਨੇਡਾ 'ਚ 647-804-7208 ਜਾਂ ਇੰਡੀਆ 'ਚ +91-90414-21013 ਤੇ ਫੋਨ ਕੀਤਾ ਜਾ ਸਕਦਾ ਹੈ। -1829

*****************

ਅਮਰੀਕਾ 'ਚ ਵੈਲ ਸੈਟਲਡ, ਜੱਟ ਸਿੱਖ ਪਰਿਵਾਰ ਨੂੰ ਆਪਣੇ ਇੰਡੀਆ ਰਹਿੰਦੇ ਬੇਟੇ, ਉਮਰ 33 ਸਾਲ, ਕੱਦ 5'-9", ਸ਼ੁੱਧ ਵੈਸ਼ਨੂੰ, ਨਸ਼ਿਆ ਤੋਂ ਰਹਿਤ, ਹੈਂਡਸਮ, ਆਈ ਟੀ ਆਈ ਕੁਆਲੀਫਾਈਡ, ਪ੍ਰੋਫੈਸ਼ਨਲ ਫੋਟੋ ਗਰਾਫਰ ਤੇ ਟੈਟੂ ਆਰਟਸ ਵਜੋਂ ਆਪਣਾ ਵਧੀਆ ਬਿਜਨੈਸ ਕਰਦੇ ਤੇ ਇੰਡੀਆ ਵਿਚ ਕੋਠੀ ਤੇ ਤਿੰਨ ਕਿਲ੍ਹੇ ਜ਼ਮੀਨ ਦੇ ਮਾਲਕ ਲੜਕੇ ਲਈ ਅਮਰੀਕਾ ਤੋਂ ਸ਼ਿਟੀਜਨ ਜਾਂ ਗਰੀਨ ਕਾਰਡ ਹੋਲਡਰ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਖੇਚਲ ਨਾ ਕਰਨ। ਲੜਕੀ ਸਬੰਧੀ ਹੋਰ ਵਧੇਰੇ ਵੇਰਵੇ ਜਾਨਣ ਲਈ ਅਮਰੀਕਾ 'ਚ 1-510-200-4082 ਤੇ ਸੰਪਰਕ ਕੀਤਾ ਜਾ ਸਕਦਾ ਹੈ। -1829

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, 1990 ਬੋਰਨ, ਕੱਦ 5'-10", ਬੀਟੈਕ ਡਿਗਰੀ ਹੋਲਡਰ, ਸੈਲਫ ਇਪਲਾਇਡ, ਹੈਂਡਸਮ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਕੈਨੇਡਾ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈ-ਰਿਜ ਬਿਊਰੋ ਵਾਲੇ ਫੋਨ ਨਾ ਕਰਨ। ਲੜਕੀ ਤੇ ਫੋਟੋ ਤੇ ਬਾਇਓ ਡਾਟਾ ਵਟਸ ਐਪ ਕਰਕੇ ਇੰਡੀਆ 'ਚ +91-86991-66737 ਤੇ ਫੋਨ ਕੀਤਾ ਜਾ ਸਕਦਾ ਹੈ। -1829

*****************

ਕੈਨੇਡਾ ਵਿਚ ਵਰਕ ਪਰਮਿਟ ਤੇ ਅਪਲਾਇਡ ਸਟੇਟਸ ਤੇ ਰਹਿੰਦੇ 20 ਸਾਲ ਦੁਬਈ ਰਹਿ ਕੇ ਆਏ ਆਦਿਧਰਮੀ ਸਿੱਖ, ਉਮਰ 44 ਸਾਲ, ਕੱਦ 5'-8", ਕੰਸਟਰੱਕਸ਼ਨ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ ਵਿਅ-ਕਤੀ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜਨ, ਪੀ ਆਰ, ਪਰਿਵਾਰਕ ਜੀਵਨ ਸਾਥਣ ਦੀ ਲੋੜ ਹੈ। ਤਲਾਕਸ਼ੁਦਾ ਤੇ ਵੀ ਵਿਚਾਰ ਕੀਤੀ ਜਾਵੇਗੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੀ ਭੈਣ ਕੈਨੇਡਾ 'ਚ ਵੈਲ ਸੈਟਲਡ ਹੈ।ਪਰਵਾਰ'ਚ ਇੱਕਲਾ ਇਹ ਲੜਕਾ ਹੀ ਕ੍ਰੀਸਚੀਅਨ ਧਰਮ ਨੂੰ ਮੰਨਣ ਵਾਲਾ ਹੈ ਤੇ ਕ੍ਰੀਸਚੀਅਨ ਧਰਮ ਨੂੰ ਮੰਨਣ ਵਾਲੀ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਵਧੇਰੇ ਪੁੱਛਗਿੱਛ ਲਈ ਫੋਨ ਜਾਂ ਮੈਸਿਜ 1-403-830-2152 ਕਰ ਸਕਦੇ ਹੋ। -1829

*****************

ਕੈਨੇਡਾ ਦੇ ਜੰਮਪਲ, ਗੁਰਸਿੱਖ ਜੱਟ ਖਰੌੜ, ਅਪ੍ਰੈਲ 1999 ਬੌਰਨ, 5'-10", ਲੰਮੇ ਕੱਦ ਵਾਲੇ ਹੈਂਡਸਮ, ਨਸ਼ਿਆ ਤੋਂ ਰਹਿਤ, ਚੰਗੀ ਪਰਸਨੈਲਟੀ ਦੇ ਮਾਲਕ, ਕ੍ਰਿਮੀਨਲ ਵਕੀਲ ਲੜਕੇ ਲਈ ਪ੍ਰੋ-ਫੈਸ਼ਨਲੀ ਕੁਆਲੀਫਾਈਡ, ਸੋਹਣੀ, ਵੈਸ਼ਨੂੰ ਪਰਿਵਾਰ ਨਾਲ ਰਹਿਣ ਦੀ ਚਾਹਵਾਨ ਗੁਰਸਿੱਖ ਲੜਕੀ ਦੀ ਲੋੜ ਹੈ। ਲੁਧਿਆਣਾ ਤੇ ਪਟਿਆਲਾ ਜਿਲ੍ਹੇ ਨਾਲ ਸਬੰਧਿਤ ਲੜਕੇ ਦਾ ਪਰਿਵਾਰ 1990 ਤੋਂ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ 647-504-5800 ਤੇ ਫੋਨ ਕੀਤਾ ਜਾ ਸਕਦਾ ਹੈ। -1829

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, 1992 ਬੋਰਨ, ਕੱਦ 5'-9", ਇੰਜੀਨੀਅਰਿੰਗ ਦੀ ਡਿਗਰੀ ਕਰਕੇ ਆਪਣੇ ਹੀ ਫੀਲਡ ਦੀ ਵਧੀਆ ਜੌਬ ਕਰਦੇ ਵੈਸ਼ਨੂੰ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਲਈ ਮੈਡੀਕਲ ਜਾਂ ਆਈ ਟੀ ਫੀਲਡ ਵਿਚ ਜੌਬ ਕਰਦੀ ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਤੇ ਵੀ ਵਿਚਾਰ ਕੀਤੀ ਜਾਵੇਗੀ। ਮਾਲਵਾ ਇਲਾਕੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਤੰਗ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ 1-306-209-3896 ਤੇ ਸੰਪਰਕ ਕਰ ਸਕਦੇ ਹੋ। -1828

*****************

ਕੈਨੇਡਾ ਵਿਚ ਵਿਜ਼ਟਰ ਵੀਜ਼ੇ ਤੇ ਆਏ, ਜੱਟ ਸਿੱਖ, ਉਮਰ 26 ਸਾਲ, ਕੱਦ 5'-11", ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋ ਰਹਿਤ, ਇੰਡੀਆ ਵਿਚ 5 ਕਿਲ੍ਹੇ ਜ਼ਮੀਨ ਤੇ ਹੋਰ ਪ੍ਰਾਪਰਟੀ ਦੇ ਮਾਲਕ, ਇਕਲੌਤੇ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ ਲੜਕੀ ਦੀ ਲੋੜ ਹੈ। ਬਿਨਾਂ ਬੱਚੇ ਤੇ ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦੀ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ। ਹੋਰ ਗੱਲਬਾਤ ਲਈ 437-228-9196 ਤੇ ਫੋਨ ਕੀਤਾ ਜਾ ਸਕਦਾ ਹੈ। -1828

*****************

ਕੈਨੇਡੀਅਨ ਬੋਰਨ, ਜੱਟ ਸਿੱਖ ਦਸਤਾਰਧਾਰੀ, 23 ਸਾਲਾ, 5'-11" ਲੰਮੇਂ ਕੱਦ ਵਾਲੇ ਇਲੈਕਟ੍ਰੋਨੀਕਲ ਮਕੈਨੀਕਲ ਡਿਪਲੋਮਾ ਕਰਕੇ ਆਪਣੇ ਹੀ ਫੀਲਡ ਵਿਚ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ ਵੈਲ ਸੈਟਲਡ ਪਰਿਵਾਰ ਦੇ ਲੜਕੇ ਲਈ ਕੈਨੇਡੀਅਨ ਬੋਰਨ ਜਾਂ ਛੋਟੀ ਹੁੰਦੀ ਕੈਨੇਡਾ ਆਈ ਜੱਟ ਸਿੱਖ, ਪੜ੍ਹੀ ਲਿਖੀ, ਸੁੰਦਰ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਲੜਕਾ ਦੋਵੇਂ ਸੱਭਿਆਚਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ। ਰਿਸ਼ਤਾ ਜੋੜਨ ਦੇ ਚਾਹਵਾਨ 1-365-767-1831 ਤੇ ਫੋਨ ਕਰ ਸਕਦੇ ਹਨ। -1828

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ, ਉਮਰ 29 ਸਾਲ, ਕੱਦ 6 ਫੁੱਟ, ਮੰਗਲੀਕ, ਹੈਂਡਸਮ, ਅਮਰੀਕਾ ਦੀ ਟੌਪ ਯੂਨੀਵਰਸਿਟੀ ਤੋਂ ਚਾਰ ਸਾਲਾਂ ਡਿਗਰੀ ਹੋਲ-ਡਰ, ਅਮਰੀਕਾ ਵਿਚ ਕਈ ਰੈਂਟਰ ਪ੍ਰਾਪਰਟੀਆਂ ਤੇ ਗੈਸ ਸਟੇਸ਼ਨਾਂ ਦੇ ਮਾਲਕ ਲੜਕੇ ਲਈ ਜੱਟ ਸਿੱਖ ਮੰਗਲੀਕ, ਪਰਿਵਾਰਕ, ਘੱਟੋ ਘੱਟ 5'-5" ਕੱਦ, ਉਮਰ 23 ਤੋਂ 27 ਸਾਲ ਦੇ ਵਿਚਕਾਰ ਵਾਲੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਅਮਰੀਕਾ ਆਈ ਲੜਕੀ ਤੇ ਵੀ ਵਿਚਾਰ ਕੀਤਾ ਜਾਵੇਗੀ। ਮਾਲਵਾ ਇਲਾਕੇ ਨੂੰ ਪਹਿਲ। ਮੈਰਿਜ ਬਿਊ-ਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-937-986-8811 ਤੇ ਫੋਨ ਕੀਤਾ ਜਾ ਸਕਦਾ ਹੈ। -1828

*****************

ਜੱਟ ਸਿੱਖ ਸੰਧੂ, ਉਮਰ 30 ਸਾਲ, ਕੱਦ 6 ਫੁੱਟ, ਆਈ ਟੀ ਡਿਪਲੋਮਾ ਹੋਲਡਰ, ਇੰਡੀਆ 'ਚ ਚੰਗੀ ਪ੍ਰਾਪਰਟੀ ਦੇ ਮਾਲਕ ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ ਰਹਿੰਦੇ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕੈਨੇਡਾ ਵਿਚ ਵੈਲ ਸੈਟਲਡ ਹਨ ਤੇ ਪਿਤਾ ਦਾ ਸੁਪਰ ਵੀਜ਼ਾ ਲੱਗਿਆ ਹੋਇਆ ਹੈ। ਲੜਕਾ ਇਕੱਲਾ ਹੀ ਇੰਡੀਆ ਰਹਿੰਦਾ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ। ਮੈਰਿਜ ਬਿਊਰੋ ਵਾਲਿਆਂ ਤੋਂ ਮੁਆਫੀ। ਇਸ ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਕੈਨੇਡਾ 'ਚ 647-615-7214, 647-510-7214, 1-778-575-2555 ਤੇ ਫੋਨ ਕੀਤਾ ਜਾ ਸਕਦਾ ਹੈ। -1828

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, 1993 ਬੋਰਨ, 5'-10" ਕੱਦ ਵਾਲੇ ਬੀਟੈਕ ਥਾਪਰ ਯੂਨੀਵਰਸਿਟੀ ਪਟਿਆਲਾ ਤੋਂ ਕਰਕੇ ਐਮ ਇੰਜਨੀਅਰਿੰਗ ਵਾਟਰਲੂ ਯੂਨੀਵਰਸਿਟੀ ਕੈਨੇਡਾ ਤੋਂ ਕਰਨ ਉਪਰੰਤ ਸੀਨੀਅਰ ਕੰਪਿਊਟਰ ਟੈਕਨੀਸ਼ਨ ਦੇ ਤੌਰ ਤੇ ਉਨਟਾਰੀਓ ਸੂਬੇ ਵਿਚ ਕੰਮ ਕਰ ਰਹੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡੀਅਨ, ਪੀ ਆਰ/ਸ਼ਿਟੀਜਨ, ਜੱਟ ਸਿੱਖ ਲੜਕੀ ਦੀ ਲੋੜ ਹੈ। ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਰਿਸ਼ਤੇ ਦੀ ਗੱਲ ਅੱਗੇ ਵਧਾਉਣ ਲਈ ਲੜਕੀ ਸਬੰਧੀ ਪੂਰੇ ਵਰਵੇ ਤੇ ਫੋਟੋ ਸਮੇਤ ਵਟਸ ਐਪ ਤੇ ਭੇਜ ਕੇ ਇੰਡੀਆ 'ਚ +91-98140-51942 ਤੇ ਫੋਨ ਕੀਤਾ ਜਾ ਸਕਦਾ ਹੈ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। -1827

*****************

ਕੈਨੇਡੀਅਨ ਪੀ ਆਰ, ਸੈਣੀ (ਬਡਵਾਲ/ਵੇਲਾ) ਦਸਤਾਰਧਾਰੀ, 1988 ਬੌਰਨ, ਕੱਦ 6'-1", ਐਮ ਟੈਕ ਕਰਕੇ ਆਈ ਟੀ ਪ੍ਰੋਫੈਸ਼ਨਲ, ਨੈਵਰ ਮੈਰਿਡ, ਉਨਟਾਰੀਓ 'ਚ ਰਹਿੰਦੇ ਪੜ੍ਹੇ ਲਿਖੇ ਪਰਿਵਾਰ ਦੇ ਸਿੱਖ ਲੜਕੇ ਲਈ ਕੈਨੇਡਾ ਰਹਿੰਦੀ ਜਾਂ ਕੈਨੇਡਾ 'ਚ ਮੂਵ ਹੋਣ ਦੀ ਚਾਹਵਾਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਖੇਚਲ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ ਵਟਸ ਐਪ ਤੇ 1-437-970-6308 ਤੇ ਫੋਨ ਕੀਤਾ ਜਾ ਸਕਦਾ ਹੈ। -1827

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 29 ਸਾਲ, ਕੱਦ 6'-1", ਸਰਕਾਰੀ ਟੀਚਰ ਦੀ ਵਧੀਆ ਪਰਮਾਨੈਂਟ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ ਵਿਚ ਚੰਗੀ ਪ੍ਰਾਪਰਟੀ ਤੇ ਕੈਨੇਡਾ 'ਚ ਆਪਣਾ ਘਰ ਤੇ ਰੈਂਟ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਜੰਮਪਲ ਜਾਂ ਛੋਟੀ ਹੁੰਦੀ ਆਈ ਪ੍ਰੋ-ਫੈਸ਼ਨਲੀ ਕੁਆਲੀਫਾਈਡ ਇਪਲਾਇੰਡ, ਪਤਲੀ, ਸੋ-ਹਣੀ-ਸੁਨੱਖੀ, ਪਰਿਵਾਰਕ, 25-28 ਸਾਲ ਉਮਰ, ਘੱਟੋ ਘੱਟ 5'-5" ਲੰਮੀ ਲੜਕੀ ਦੀ ਲੋੜ ਹੈ। ਐ-ਡਮਿੰਟਨ ਰਹਿੰਦੀ ਜਾਂ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਪੁੱਛਗਿੱਛ ਲਈ 1-780-862-0805 ਤੇ ਫੋਨ ਕੀਤਾ ਜਾ ਸਕਦਾ ਹੈ।

## ਵਰ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 39 ਸਾਲ, ਕੱਦ 5'-5" ਨੈਵਰ ਮੈਰਿਡ, ਇੰਜਨੀਅਰ, ਐਮ ਸੀ ਏ, ਐਚ ਸੀ ਏ ਕੈਨੇਡਾ ਤੋਂ ਕਰਕੇ ਵਧੀਆ ਜੌਬ ਕਰ ਰਹੀ ਲੜਕੀ ਲਈ ਕੈਨੇਡਾ ਤੋਂ ਹੀ ਵਧੀਆ ਪੜ੍ਹੇ ਲਿਖੇ, ਵੈਲ ਸੈਟ-ਲਡ, ਵੈਸ਼ਨੂੰ ਲੜਕੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਸਬੰਧੀ ਗੱਲਬਾਤ ਅੱਗੇ ਤੋਰਨ ਲਈ ਕੈਨੇਡਾ 1-236-838-0767 ਜਾਂ ਫਿਰ 1-431-276-2067 ਤੇ ਫੋਨ ਕੀਤਾ ਜਾ ਸਕਦਾ ਹੈ।-1831

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਗਿੱਲ, ਉਮਰ 30 ਸਾਲ, ਕੱਦ 5'-4", ਰਜਿਸਟਰਡ ਨਰਸ ਦੀ ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਗਰੇਟਰ ਟਰਾਂਟੋ ਇਲਾਕੇ ਵਿਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਨੇਡਾ 'ਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਰਿਸ਼ਤੇ ਦੀ ਗੱਲਬਾਤ ਕਰਨ ਲਈ ਕੈਨੇਡਾ 'ਚ 647-510-5254 ਜਾਂ ਫਿਰ ਇੰਡੀਆ 'ਚ +91-94636-49175 ਤੇ ਫੋਨ ਕੀਤਾ ਜਾ ਸਕਦਾ ਹੈ।-1831

*****************

ਕੈਨੇਡੀਅਨ ਸ਼ਿਟੀਜਨ, ਛੋਟੀ ਹੁੰਦੀ ਕੈਨੇਡਾ ਆਈ, ਖੱਤਰੀ ਸਿੱਖ, ਉਮਰ 31 ਸਾਲ, 5'-5" ਕੱਦ ਵਾਲੀ, ਸਿਵਲ ਇੰਜਨੀਅਰਿੰਗ ਰਾਇਸਨ ਯੂਨੀਵਰਸਿਟੀ ਟਰਾਂਟੋ ਤੋਂ ਕਰਕੇ ਸਿਵਲ ਇੰਜਨੀਅਰ ਦੀ ਵਧੀਆ ਜੌਬ ਕਰਦੀ ਸੋਹਣੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀ-ਜਨ/ਪੀ ਆਰ/ਪ੍ਰੋਫੈਸ਼ਨਲੀ ਕੁਆਲੀਫਾਈਡ ਵਧੀਆ ਜੌਬ ਕਰਦੇ ਜਾਂ ਵੈਲ ਸੈਟਲਡ ਬਿ-ਜਨੈਸਮੈਨ ਹੈਂਡਸਮ ਲੜਕੇ ਦੀ ਲੋੜ ਹੈ। ਗਰੇਟਰ ਟਰਾਂਟੋ ਇਲਾਕੇ 'ਚ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲਿਆਂ ਤੋਂ ਮੁਆਫੀ। ਇਸ ਰਿਸ਼ਤੇ ਸਬੰਧੀ ਹੋਰ ਜਾਣਕਾਰੀ ਲੈਣ ਲਈ 647-675-6369 ਤੇ ਫੋਨ ਕੀਤਾ ਜਾ ਸਕਦਾ ਹੈ।-1931

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਔਜਲਾ, 1992 ਬੌਰਨ, 5'-4" ਹਾਈਟ ਵਾਲੀ ਲਾਈਸੰਸਡ ਇੰਮੀਗ੍ਰੇਸ਼ਨ ਪ੍ਰੈਕਟੀਸ਼ਨਰ (ਆਰ ਸੀ ਆਈ ਸੀ) ਆਪਣਾ ਵਧੀਆ ਬਿਜਨੈਸ ਕਰਦੀ, ਨੈਵਰ ਮੈਰਿਡ, ਵੈਲ ਸੈਟਲਡ ਪਰਿਵਾਰ ਦੀ ਪਰਿਵਾਰਕ ਸੋਹਣੀ-ਸੁਨੱਖੀ ਲੜਕੀ ਲਈ ਕੈਨੇਡਾ/ਅਮਰੀਕਾ/ਇੰਡੀਆ ਤੋਂ ਸ਼ਿਟੀਜਨ/ਪੀ ਆਰ, ਪ੍ਰੋਫੈਸ਼ਨਲੀ, ਕੁਆਲੀਫਾਈਡ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ ਕੈਨੇਡਾ 'ਚ 437-696-2268 ਜਾਂ 437-553-7792 ਜਾਂ ਫਿਰ ਇੰਡੀਆ 'ਚ +91-99157-00909 ਤੇ ਫੋਨ ਕੀਤਾ ਜਾ ਸਕਦਾ ਹੈ।-1931

*****************

ਕੈਨੇਡਾ 'ਚ ਰਹਿ ਰਹੀ, ਜੱਟ ਸਿੱਖ ਢਿਲੋਂ, ਦਸੰਬਰ 1994 ਦੀ ਬੋਰਨ, ਕੱਦ 5'-9", ਪੜ੍ਹੀ ਲਿਖੀ, ਵਧੀਆ ਜੌਬ ਕਰ ਰਹੀ, ਸੋਹਣੀ, ਪਰਿਵਾਰਕ, ਵੈਸ਼ਨੂੰ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਜੇਕਰ ਕਿਸੇ ਪਰਿਵਾਰ ਵਿਚ ਦੋ ਲੜਕੇ ਹੋਣ ਉਹ ਵੀ ਸੰਪਰਕ ਕਰ ਸਕਦੇ ਹਨ ਲੜਕੀ ਦੀ ਇਕ ਭੈਣ ਇੰਡੀਆ ਵਿਚ ਰਹਿ ਰਹੀ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ 437-235-1796 ਤੇ ਫੋਨ ਕੀਤਾ ਜਾ ਸਕਦਾ ਹੈ।-1931

*****************

JAT SIKH PARENTS SEEK A SUITABLE MATCH FOR THEIR DAUGHTER, 30 YRS, 5 FT, RAISED IN CANADA, REGISTERED NURSE (MSc NURSING) WORKING AS A CLINICAL EDUCATOR IN HEALTH CARE. THE BOY SHOULD BE BORN OR RAISED IN CANADA, WELL EDUCATED, NON DRINKER, VEGETARIAN, TORONTO AREA PREFERRED. MARRIAGE BUREAU EXCUSE. PLEASE EMAIL YOUR BIODATA/RECENT PICTURE/CONTACT INFORMATION: VSD.3426@GMAIL.COM OR CALL / TEXT: 647-261-3026 -1830

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, 1994 ਬੋਰਨ, ਕੱਦ 5'-4", ਨਿਊਯਾਰਕ ਯੂਨੀ-ਵਰਸਿਟੀ ਤੋਂ ਲਾਅ ਡਿਗਰੀ ਕਰਕੇ ਆਪਣੀ ਲਾਅ ਦੀ ਪ੍ਰੈਕਟਿਸ ਨਿਊਯਾਰਕ 'ਚ ਕਰ ਰਹੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਬਰਾਬਰ ਦੀ ਯੋਗਤਾ ਵਾਲੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਜੰਮਪਲ ਜਾਂ ਛੋਟੇ ਹੁੰਦੇ ਆਏ ਲੜਕੇ ਦੀ ਲੋੜ ਹੈ। ਨਿਊਯਾਰਕ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਲੜਕੀ ਦਾ ਪਰਿਵਾਰ 35 ਸਾਲਾਂ ਤੋਂ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਲੜਕੀ ਦੇ ਪਰਿਵਾਰ ਨਾਲ ਗੱਲਬਾਤ ਕਰਨ ਲਈ 1-825-735-9654 ਤੇ ਫੋਨ ਕੀਤਾ ਜਾ ਸਕਦਾ ਹੈ। -1830

*****************

ਅਮਰੀਕਾ ਦੀ ਜੰਮਪਲ, ਪੰਜਾਬ ਤੋਂ ਪੜ੍ਹੀ ਲਿਖੀ, ਜੱਟ ਸਿੱਖ, 1997 ਬੌਰਨ, ਕੱਦ 5'-4", ਕੈਲੇ-ਫੋਰਨੀਆ ਦੇ ਬੇ ਏਰੀਏ 'ਚ ਰੈਜੀਡੈਂਸੀ ਕਰ ਰਹੀ ਤੇ ਦੋਵੇਂ ਸੱਭਿਆਚਾਰਾਂ ਤੋਂ ਜਾਣੂ, ਸੁੰਦਰ, ਬੇ ਏਰੀਏ 'ਚ ਆਪਣੇ ਵੈਲ ਸੈਟਲਡ ਪਰਿਵਾਰ ਨਾਲ ਰਹਿ ਰਹੀ ਲੜਕੀ ਲਈ ਜੱਟ ਸਿੱਖ, ਦਸਤਾਰਧਾਰੀ, ਨਸ਼ਿਆ ਤੋਂ ਰਹਿਤ, ਪੰਜਾਬ 'ਚ ਚੰਗੀ ਜ਼ਮੀਨ ਜਾਇਦਾਦ ਦੇ ਮਾਲਕ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਅਮਰੀਕਾ ਦੇ ਕੈਲੇਫੋਰਨੀਆ, ਬੇ ਏਰੀਏ 'ਚ ਰਹਿਣ ਵਾਲੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਸਿਰਫ ਜੱਟ ਸਿੱਖ ਪਰਵਾਰ ਹੀ ਸੰਪਰਕ ਕਰਨ। ਅਮਰੀਕਾ 'ਚ ਵਿਜ਼ਟਰ ਵੀਜ਼ੇ, ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਤੇ ਆਏ ਯੋਗ ਲੜਕੇ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਰਿਸ਼ਤਾ ਜੋੜਨ ਦੇ ਚਾਹਵਾਨ ਇੰਡੀਆ 'ਚ ਵਟਸ ਐਪ ਤੇ +91-70879-89478 ਤੇ ਸੰਪਰਕ ਕਰ ਸਕਦੇ ਹਨ। -1830

*****************

ਕੈਨੇਡਾ ਦੀ ਜੰਮਪਲ, ਜੱਟ ਸਿੱਖ, 1993 ਬੋਰਨ, ਕੱਦ 5'-7", ਆਪਣੀ ਲਾਅ ਫਰਮ ਚਲਾ ਰਹੀ ਸੋਹਣੀ-ਸੁਨੱਖੀ, ਵਿਆਹ ਤੋਂ ਕੁਝ ਦਿਨਾਂ ਬਾਅਦ ਹੀ ਬੇਕਸੂਰ ਤਲਾਕਸ਼ੁਦਾ ਵਕੀਲ ਲੜਕੀ ਲਈ ਕੈਨੇਡਾ ਦੇ ਜੰਮਪਲ ਜੱਟ ਸਿੱਖ ਵਕੀਲ/ਡਾਕਟਰ/ਸੀ ਪੀ ਏ/ ਬਿਜਨੈਸਮੈਨ, ਹੈਂਡਸਮ, ਨਸ਼ਿਆ ਤੋਂ ਰਹਿਤ 30 ਤੋਂ 35 ਸਾਲ ਦੇ ਉਮਰ ਦੇ ਘੱਟੋ ਘੱਟ 5'-11 ਲੰਮੇਂ ਕੱਦ ਵਾਲੇ ਲੜਕੇ ਦੀ ਲੋੜ ਹੈ। ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਗਰੇਟਰ ਟਰਾਂਟੋ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੌਨ ਨਾ ਕਰਨ। ਰਿਸ਼-ਤੇ ਸਬੰਧੀ ਗੱਲਬਾਤ ਹੋਰ ਅੱਗੇ ਵਧਾਉਣ ਲਈ 437-229-9748 ਤੇ ਸੰਪਰਕ ਕਰ ਸਕਦੇ ਹਨ। -1829

*****************

ਕੈਨੇਡੀਅਨ ਜੰਮਪਲ, ਜੱਟ ਸਿੱਖ ਗਿੱਲ, ਨਵੰਬਰ 1994 ਬੌਰਨ, ਕੱਦ 5'-4", ਫੈਡਰਲ ਗੌਰਮਿ-ੰਟ ਦੀ ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ , ਪਰਿਵਾਰਕ ਲੜਕੀ ਲਈ ਕੈਨੇਡਾ-ਅਮਰੀਕਾ ਤੋਂ ਜੰਮਪਲ, ਛੋਟੇ ਹੁੰਦੇ ਆਏ, ਪੜ੍ਹੇ ਲਿਖੇ ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਟਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਰਿਸ਼ਤੇ ਸਬੰਧੀ ਸੀਰੀਅਸ ਪਰਿ-ਵਾਰ ਹੀ ਫੋਨ ਕਰਨ। ਹੋਰ ਵਧੇਰੇ ਜਾਣਕਾਰੀ ਲਈ ਵਟਸ ਐਪ ਤੇ 416-303-9494 ਤੇ ਫੋਨ ਕੀਤਾ ਜਾ ਸਕਦਾ ਹੈ। -1829

*****************

ਕੈਨੇਡਾ 'ਚ ਵਰਕ ਪਰਮਿਟ ਤੇ ਰਹਿੰਦੀ, ਜੱਟ ਸਿੱਖ ਧਾਲੀਵਾਲ, 1997 ਬੌਰਨ, ਕੱਦ 5'-6", ਬੀ ਈ ਕੰਪਿਊਟਰ ਸਾਇੰਸ ਔਨਰਜ਼ ਡਿਗਰੀ ਇੰਡੀਆ ਤੋਂ ਕਰਕੇ ਮੋਬਾਇਲ ਐਪਲੀਕੇਸ਼ਨ ਐਂਡ ਪ੍ਰੋਜੈਕਟ ਮੈਨੇਜਮੈਂਟ ਡਿਪਲੋਮਾ ਕੈਨੇਡਾ ਤੋਂ ਕਰਨ ਉਪਰੰਤ, ਵਧੀਆ ਜੌਬ ਕਰ ਰਹੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ। ਗਰੇਟਰ ਟਰਾਂਟੋ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ। ਰਿਸ਼ਤੇ ਦੀ ਗੱਲ ਅੱਗੇ ਵਧਾਉਣ ਲਈ ਲੜਕੀ ਦੇ ਪਰਿਵਾਰ ਨਾਲ ਇੰਡੀਆ 'ਚ +91-97802-10706 ਜਾਂ ਫਿਰ +91-99152-80260 ਤੇ ਸੰਪਰਕ ਕੀਤਾ ਜਾ ਸਕਦਾ ਹੈ। -1829

*****************

ਕੈਨੇਡਾ ਦੀ ਜੰਮਪਲ, ਜੱਟ ਸਿੱਖ, ਉਮਰ 28 ਸਾਲ, 5'-6" ਲੰਮੇਂ ਕੱਦ ਵਾਲੀ, ਬਿਜਨੈਸ ਡਿਗਰੀ ਹੋਲਡਰ, ਐਨਾਲਿਸਟ ਦੀ ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ, ਨਸ਼ਿਆ ਤੋਂ ਰਹਿਤ, ਕੈਨੇਡਾ ਦੇ ਜੰਮਪਲ ਜਾਂ ਸ਼ਿਟੀਜਨ ਜੱਟ ਸਿੱਖ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਗਰੇਟਰ ਟਰਾਂਟੋ ਇਲਾਕੇ ਵਿਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ ਲੜਕੀ ਦੇ ਪਰਿ-ਵਾਰ ਨਾਲ 416-270-3068 ਤੇ ਫੋਨ ਕੀਤਾ ਜਾ ਸਕਦਾ ਹੈ। -1829

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 32 ਸਾਲ, ਕੱਦ 5'-7", ਯੂਨੀਵਰਸਿਟੀ ਪੋਸਟ ਗਰੈਜੁਏਟ, ਮੈਡੀਕਲ ਪ੍ਰੋਫੈਸ਼ਨਲ, ਆਪਣੀ ਹੀ ਫੀਲਡ ਦੀ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਦੋਵੇਂ ਸੱਭਿਆਚਾਰਾਂ ਤੋਂ ਜਾਣੂ ਲੜਕੀ ਲਈ ਕੈਨੇਡਾ ਦੇ ਜੰਮਪਲ, ਯੂਨੀਵਰਸਿਟੀ ਗਰੈਜੁਏਟ, ਡਾਕਟਰ/ਇੰਜੀਨੀਅਰ/ਵਕੀਲ/ਅਕਾਊਂਟੈਂਟ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਗਰੇਟਰ ਟਰਾਂਟੋ ਇਲਾਕੇ ਵਿਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਵਟਸ ਐਪ ਤੇ 647-512-3629 ਤੇ ਫੋਨ ਕਰ ਸਕਦੇ ਹਨ। -1828

*****************

ਕੈਨੇਡੀਅਨ ਬੋਰਨ, ਜੱਟ ਸਿੱਖ, 24 ਸਾਲਾ, ਕੱਦ 5'-7", ਪਬਲਿਕ ਹੈਲਥ ਕੇਅਰ ਡਿਗਰੀ ਕਰਕੇ, ਉਨਟਾਰੀਓ ਪਬਲਿਕ ਹੈਲਥ ਕੇਅਰ ਦੀ ਸਰਕਾਰੀ ਜੌਬ ਕਰ ਰਹੀ ਵੈਲ ਸੈਟਲਡ ਪਰਿ-ਵਾਰ ਦੀ ਲੜਕੀ ਲਈ ਜੱਟ ਸਿੱਖ, ਕੈਨੇਡਾ ਦੇ ਜੰ-ਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ, ਵੈਲ ਸੈਟਲਡ ਪਰਿਵਾਰ ਦੇ ਬਰਾਬਰ ਦੀ ਯੋਗਤਾ ਵਾਲੇ ਪੜ੍ਹੇ ਲਿਖੇ ਤੇ ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ। ਲੜਕੀ ਦੋਵੇਂ ਸੱਭਿਆਚਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ। ਮੈਰਿਜ ਬਿਊਰੋ ਵਾਲੇ ਲੜਕੀ ਵਾਲਿਆਂ ਨੂੰ ਬਿਲਕੁਲ ਫੋਨ ਨਾ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ 1-365-767-1831 ਤੇ ਫੋਨ ਕੀਤਾ ਜਾ ਸਕਦਾ ਹੈ। -1828

*****************

ਕੈਨੇਡਾ ਵਿਚ ਵਰਕ ਪਰਮਿਟ ਤੇ ਆਈ, ਜੱਟ ਸਿੱਖ ਸੇਖੋਂ, ਅਗਸਤ 1999 ਬੋਰਨ, ਕੱਦ 5'-3", ਐਸੋਸੀਏਟਸ ਡਿਗਰੀ ਆਫ ਆਰਟਸ ਐਂਡ ਸਾਇੰਸ ਵੈਨਕੂਵਰ ਯੂਨੀਵਰਸਿਟੀ ਤੋਂ ਕਰਕੇ ਵਧੀਆ ਜੌਬ ਕਰ ਰਹੀ, ਸੋਹਣੀ-ਸੁਨੱਖੀ, ਪਰਿ-ਵਾਰਕ ਅੰਮ੍ਰਿਤਧਾਰੀ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਅੰਮ੍ਰਿਤਧਾਰੀ ਵੈਲ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦੇ ਰਿਸ਼ਤੇਦਾਰ ਕੈਨੇਡਾ ਵਿਚ ਵੈਲ ਸੈਟਲਡ ਹਨ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਵਧੇਰੇ ਰਿਸ਼ਤੇ ਸਬੰਧੀ ਪੁੱਛਗਿੱਛ ਲਈ ਕੈਨੇਡਾ 'ਚ 1-250-498-9826 ਜਾਂ ਫਿਰ ਇੰਡੀਆ 'ਚ +91-95921-73903 ਤੇ ਫੋਨ ਕੀਤਾ ਜਾ ਸਕਦਾ ਹੈ। -1827

*****************

SAINI SIKH FAMILY LOOKING FOR SUITABLE MATCH FOR THEIR DAUGHTER BORN AND RAISED IN CANADA. 31 YEARS OLD, HEIGHT 5FT, SLIM, MBA DEGREE WORKING IN A BANK. THE MALE SUITOR SHOULD BE EQUALLY EDUCATED, LIVING IN TORONTO OR THE GTA ONLY. NO SOLICITS FROM MARRIAGE BUREAUS. FOR FURTHER INFORMATION, YOU MAY CONTACT: 647-248-8952 VIA TEXT MESSAGE -1827

# ਕੈਨੇਡਾ 'ਚ ਸੜੇ ਪੰਜਾਬੀ ਕਿਰਾਏਦਾਰਾਂ ਦਾ ਮਕਾਨ ਮਾਲਕ ਆਇਆ ਸਾਹਮਣੇ


## ਦਾਅਵਾ ਕੀਤਾ : ਕਾਨੂੰਨੀ ਤੌਰ 'ਤੇ ਰੱਖੇ ਸਨ ਕਿਰਾਏਦਾਰ, ਮੇਅਰ ਪੈਟ੍ਰਿਕ ਬ੍ਰਾਊਨ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ



ਬਰੈਂਪਟਨ, 27 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਪੰਜਾਬੀ ਪਰਵਾਰ ਨਾਲ ਵਾਪਰੀ ਤਰਾਸਦੀ ਤੋਂ ਬਾਅਦ ਰੂਪੋਸ਼ ਹੋਇਆ ਮਕਾਨ ਮਾਲਕ ਆਖ਼ਰਕਾਰ ਸਾਹਮਣੇ ਆ ਗਿਆ ਹੈ ਅਤੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਲਾਏ ਦੋਸ਼ਾਂ ਨੂੰ ਸਰਾਸਰ ਬੇਬੁਨਿਆਦ ਕਰਾਰ ਦਿਤਾ ਹੈ। ਮਕਾਨ ਮਾਲਕ ਦੇ ਵਕੀਲ ਸੁੱਖੀ ਬੈਦਵਾਨ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੈਕਲਾਫ਼ਲਿਨ ਰੋਡ ਅਤੇ ਰਿਮੈਂਬਰੈਂਸ ਰੋਡ 'ਤੇ ਸਥਿਤ ਪ੍ਰੌਪਰਟੀ ਮਾਰਚ 2023 ਵਿਚ ਕਾਨੂੰਨੀ ਤਰੀਕੇ ਨਾਲ 3,100 ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਕਿਰਾਏ 'ਤੇ ਚਾੜ੍ਹੀ ਗਈ। ਭਾਵੇਂ ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਮੰਦਭਾਗੇ ਮਕਾਨ ਵਿਚ 11 ਜਣੇ ਰਹਿੰਦੇ ਸਨ ਪਰ ਸੁੱਖੀ ਬੈਦਵਾਨ ਨੇ ਦਾਅਵਾ ਕੀਤਾ ਕਿ ਇਹ ਘਰ ਸਿਰਫ਼ ਪੰਜ ਜੀਆਂ ਦੇ ਪਰਵਾਰ ਨੂੰ ਕਿਰਾਏ 'ਤੇ ਦਿਤਾ ਗਿਆ ਅਤੇ ਮਕਾਨ ਮਾਲਕ ਨੂੰ ਬਾਕੀ ਲੋਕਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਬੈਦਵਾਨ ਨੇ ਇਹ ਵੀ ਕਿਹਾ ਕਿ ਤਕਰੀਬਨ ਇਕ ਦਹਾਕਾ ਪਹਿਲਾਂ ਬਿਲਡਰ ਤੋਂ ਮਕਾਨ ਖਰੀਦੇ ਜਾਣ ਤੋਂ ਹੁਣ ਤੱਕ ਇਥੇ ਕੋਈ ਨਵੀਂ ਉਸਾਰੀ ਜਾਂ ਅਲਟ੍ਰੇਸ਼ਨ ਨਹੀਂ ਸੀ ਕੀਤੀ ਗਈ। ਬਰੈਂਪਟਨ ਦੇ 12 ਬੈਨਜ਼ ਵੇਅ 'ਤੇ ਸਥਿਤ ਮਕਾਨ ਵਿਚ 4 ਬੈਡਰੂਮ ਸਨ ਅਤੇ ਇਸ ਤੋਂ ਇਲਾਵਾ ਬੇਸਮੈਂਟ ਵਿਚ ਬਾਥਰੂਮ ਅਤੇ ਪੰਜਵਾਂ ਬੈਡਰੂਮ ਸ਼ਾਮਲ ਸੀ। ਇਹ ਸਭ ਸਿਟੀ ਪਲੈਨਰ ਦੀ ਪ੍ਰਵਾਨਗੀ ਨਾਲ ਬਿਲਡਰ ਵੱਲੋਂ ਤਿਆਰ ਕੀਤਾ ਗਿਆ ਅਤੇ ਬਿਲਕੁਲ ਨਵੇਂ ਮਕਾਨ ਵਜੋਂ ਪ੍ਰੌਪਰਟੀ ਖਰੀਦੀ ਗਈ। ਮਕਾਨ ਮਾਲਕ ਨੇ ਆਪਣੇ ਵਕੀਲ ਰਾਹੀਂ ਹਾਦਸੇ ਦੌਰਾਨ ਹੋਏ ਵੱਡੀ ਜਾਨੀ ਨੁਕਸਾਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ। ਇਥੇ ਦਸਣਾ ਬਣਦਾ ਹੈ ਕਿ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਮਕਾਨ ਮਾਲਕ ਲੰਮਾ ਸਮਾਂ ਦੇਸ਼ ਤੋਂ ਬਾਹਰ ਹੀ ਰਹਿੰਦਾ ਹੈ ਅਤੇ 2019 ਵਿਚ ਉਸ ਵੱਲੋਂ ਬੇਸਮੈਂਟ ਵਿਚ ਦੂਜੇ ਯੂਨਿਟ ਦੀ ਉਸਾਰੀ ਵਾਸਤੇ ਬਿਲਡਿੰਗ ਪਰਮਿਟ ਐਪਲੀਕਸ਼ਨ ਦਾਖਲ ਕੀਤੀ ਗਈ। ਪੈਟ੍ਰਿਕ ਬ੍ਰਾਊਨ ਮੁਤਾਬਕ ਮਕਾਨ ਮਾਲਕ ਨੇ ਸਿਟੀ ਇੰਸਪੈਕਟਰਾਂ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਨਾ ਕੀਤੀ ਪਰ ਸੁੱਖ ਬੈਦਵਾਨ ਨੇ ਦਾਅਵਾ ਕੀਤਾ ਕਿ ਨਵੀਂ ਉਸਾਰੀ ਵਾਸਤੇ ਕਦੇ ਕੋਈ ਅਰਜ਼ੀ ਦਾਇਰ ਨਹੀਂ ਕੀਤੀ ਗਈ। ਵਕੀਲ ਮੁਤਾਬਕ ਮਕਾਨ ਮਾਲਕ ਨੂੰ ਸਿਟੀ ਵੱਲੋਂ ਆਈ ਕਿਸੇ ਇੰਸਪੈਕਸ਼ਨ ਰਿਕੁਐਸਟ ਬਾਰੇ ਕੋਈ ਜਾਣਕਾਰੀ ਨਹੀਂ ਅਤੇ ਨਾ ਹੀ ਕਦੇ ਜਾਂਚ ਤੋਂ ਇਨਕਾਰ ਕੀਤਾ। ਵਕੀਲ ਨੇ ਅੱਗੇ ਦੱਸਿਆ ਕਿ ਮਕਾਨ ਮਾਲਕ ਅਤੇ ਕਿਰਾਏਦਾਰ ਦਰਮਿਆਨ ਚੰਗਾ ਕੰਮਕਾਜੀ ਰਿਸ਼ਤਾ ਸੀ ਅਤੇ ਅਕਸਰ ਹੀ ਦੋਹਾਂ ਵਿਚਾਲੇ ਸੰਪਰਕ ਹੁੰਦਾ ਰਹਿੰਦਾ। ਲੈਂਡ ਲੌਰਡ ਇਹ ਮਕਾਨ ਵੇਚਣਾ ਚਾਹੁੰਦਾ ਸੀ ਅਤੇ 23 ਅਕਤੂਬਰ ਨੂੰ ਰੀਅਲ ਅਸਟੇਟ ਏਜੰਟ ਮਕਾਨ ਦੇਖਣ ਪੁੱਜੇ। ਕਿਰਾਏਦਾਰਾਂ ਨੂੰ 30 ਨਵੰਬਰ ਤੱਕ ਮਕਾਨ ਖਾਲੀ ਕਰਨ ਦਾ ਨੋਟਿਸ ਜਾਰੀ ਕਰ ਦਿਤਾ ਗਿਆ ਅਤੇ ਉਹ ਜਲਦ ਹੀ ਆਪਣਾ ਸਮਾਨ ਚੁੱਕਣ ਦੀ ਤਿਆਰੀ ਕਰ ਰਹੇ ਸਨ। ਦੂਜੇ ਪਾਸੇ ਸੁੱਖੀ ਬੈਦਵਾਨ ਨੇ ਕਿਹਾ ਕਿ ਲੈਂਡਲੌਰਡ ਨੇ ਕਦੇ ਵੀ ਅੱਗ ਲੱਗਣ ਦੀ ਘਟਨਾ ਦਾ ਦੋਸ਼ ਕਿਰਾਏਦਾਰਾਂ ਸਿਰ ਨਹੀਂ ਮੜ੍ਹਿਆ। ਇਥੇ ਦਸਣਾ ਬਣਦਾ ਹੈ ਕਿ ਮਕਾਨ ਵਿਚ ਫਾਇਰ ਅਲਾਰਮਜ਼ ਦੀ ਮੌਜੂਦਗੀ ਦਾ ਜ਼ਿਕਰ ਜਾਂਚਕਰਤਾਵਾਂ ਨੇ ਕੀਤਾ ਪਰ ਇਹ ਨਹੀਂ ਦੱਸਿਆ ਕਿ ਕੀ ਕੰਮ ਕਰ ਰਹੇ ਸਨ। ਅੱਗ ਲੱਗਣ ਦਾ ਅਸਲ ਕਾਰਨ ਫ਼ਿਲਹਾਲ ਸਾਹਮਣੇ ਨਹੀਂ ਆ ਸਕਿਆ ਜਿਸ ਦੌਰਾਨ ਇਕ ਅਣਜੰਮੇ ਬੱਚੇ ਸਣੇ ਪੰਜ ਜਣਿਆਂ ਦੀ ਜਾਨ ਗਈ।

# ਯੂਰਪ 'ਤੇ ਹਮਲਾ ਨਹੀਂ ਕਰਾਂਗਾ, ਲਿਖ ਕੇ ਲੈ ਲਵੋ : ਪੁਤਿਨ

## 4 ਦਸੰਬਰ ਨੂੰ ਭਾਰਤ ਦੌਰੇ 'ਤੇ ਪੁੱਜ ਰਹੇ ਰੂਸ ਦੇ ਰਾਸ਼ਟਰਪਤੀ



ਮਾਸਕੋ, 28 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਹੈ ਕਿ ਉਹ ਕਦੇ ਵੀ ਯੂਰਪ 'ਤੇ ਹਮਲਾ ਨਹੀਂ ਕਰਨਗੇ ਅਤੇ ਲਿਖਤੀ ਤੌਰ 'ਤੇ ਇਹ ਵਾਅਦਾ ਕਰਨ ਵਾਸਤੇ ਰਾਜ਼ੀ ਹਨ।

ਪੁਤਿਨ ਨੇ ਯੂਰਪੀ ਆਗੂਆਂ 'ਤੇ ਦੋਸ਼ ਲਾਇਆ ਕਿ ਉਹ ਆਪਣੇ ਲੋਕਾਂ ਵਿਚ ਡਰ ਪੈਦਾ ਕਰ ਕੇ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਦੀਆਂ ਜੁੱਤੀਆਂ ਚੱਟ ਰਹੇ ਹਨ। ਦੱਸ ਦੇਈਏ ਕਿ ਜਰਮਨੀ ਦੇ ਵਿਦੇਸ਼ ਮੰਤਰੀ ਯੋਹਾਨ ਵੈਡਫੁਲ ਨੇ ਹਾਲ ਹੀ ਵਿਚ ਦੋਸ਼ ਲਾਇਆ ਸੀ ਕਿ ਰੂਸ ਅਗਲੇ ਕੁਝ ਵਰ੍ਹਿਆਂ ਦੌਰਾਨ ਕਿਸੇ ਵੀ ਨਾਟੋ ਮੁਲਕ 'ਤੇ ਹਮਲਾ ਕਰ ਸਕਦਾ ਹੈ। ਵੈਡਫੁਲ ਨੇ ਜਰਮਨ ਖੁਫ਼ੀਆ ਏਜੰਸੀਆਂ ਦੇ ਹਵਾਲੇ ਨਾਲ ਕਿਹਾ ਸੀ ਕਿ ਰੂਸ 2029 ਵਿਚ ਜੰਗ ਛੇੜਨ ਦੀ ਤਿਆਰੀ ਕਰ ਰਿਹਾ ਹੈ। ਜਰਮਨੀ ਦੇ ਵਿਦੇਸ਼ ਮੰਤਰੀ ਨੂੰ ਝੂਠਾ ਸਾਬਤ ਕਰਦਾ ਪੁਤਿਨ ਦਾ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ, ਰੂਸ ਅਤੇ ਯੂਕਰੇਨ ਦੀ ਜੰਗ ਖ਼ਤਮ ਕਰਵਾਉਣ ਦੀ ਰਣਨੀਤੀ ਦਾ ਐਲਾਨ ਕਰ ਚੁੱਕੇ ਹਨ। 4 ਦਸੰਬਰ ਤੋਂ ਸ਼ੁਰੂ ਹੋ ਰਹੇ ਭਾਰਤ ਦੌਰੇ ਤੋਂ ਐਨ ਪਹਿਲਾਂ ਪੁਤਿਨ ਨੇ ਕਿਹਾ ਕਿ ਰੂਸ ਦੇ ਕਬਜ਼ੇ ਵਾਲੇ ਇਲਾਕਿਆਂ ਤੋਂ ਯੂਕਰੇਨੀ ਫੌਜ ਨੂੰ ਪਿੱਛੇ ਹਟਣਾ ਹੋਵੇਗਾ। ਦੂਜੇ ਪਾਸੇ ਰੂਸ ਅਤੇ ਭਾਰਤ ਦਰਮਿਆਨ ਕੱਚੇ ਤੇਲ ਅਤੇ ਅਗਾਂਹਵਧੂ ਮਿਜ਼ਾਈਲ ਡਿਫ਼ੈਂਸ ਸਿਸਟਮ ਦੀ ਖਰੀਦ ਬਾਰੇ ਸਮਝੌਤਾ ਹੋਣ ਦੇ ਆਸਾਰ ਨਜ਼ਰ ਆ ਰਹੇ ਹਨ।

# ਅਮਰੀਕਾ ਛੱਡਣ ਲਈ ਮਜਬੂਰ ਹੋਇਆ ਭਾਰਤੀ ਪਰਵਾਰ

## ਹੈਲਥ ਕੇਅਰ ਦੇ ਖਰਚੇ ਨੇ ਪੈਦਾ ਕੀਤੀਆਂ ਸਮੱਸਿਆਵਾਂ, 15 ਸਾਲ ਦੀ ਉਮਰ ਵਿਚ ਅਮਰੀਕਾ ਪੁੱਜੀ ਸੀ ਧਾਰਾ




ਸ਼ਿਕਾਗੋ, 27 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ 17 ਸਾਲ ਰਹਿਣ ਮਗਰੋਂ ਭਾਰਤ ਪਰਤਣ ਲਈ ਮਜਬੂਰ ਹੋਏ ਪਰਵਾਰ ਦੀ ਹੈਰਾਨਕੁੰਨ ਕਹਾਣੀ ਚਰਚਾ ਦਾ ਮੁੱਦਾ ਬਣੀ ਹੋਈ ਹੈ। ਇਹ ਪਰਵਾਰ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਇੰਮੀਗ੍ਰੇਸ਼ਨ ਨੀਤੀਆਂ ਕਾਰਨ ਆਪਣਾ ਸਭ ਕੁਝ ਵੇਚ-ਵੱਟ ਕੇ ਭਾਰਤ ਨਹੀਂ ਪਰਤਿਆ ਸਗੋਂ ਅਮਰੀਕਾ ਦੇ ਹੈਲਥ ਕੇਅਰ ਸਿਸਟਮ ਨੇ ਪਰਵਾਰ ਨੂੰ ਆਰਥਿਕ ਪੱਖੋਂ ਵੱਡੀ ਢਾਹ ਲਾਈ। ਹੈਲਥ ਕੇਅਰ ਸਿਸਟਮ ਦੀਆਂ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਧਾਰਾ ਅਤੇ ਉਸ ਦੇ ਪਤੀ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਜੌੜੇ ਬੱਚਿਆਂ ਨੇ ਜਨਮ ਲਿਆ ਜਿਸ ਦੌਰਾਨ ਛੇ ਮਹੀਨੇ ਦੀ ਜਣੇਪਾ ਛੁੱਟੀ ਲੈਣੀ ਪਈ ਪਰ ਉਚੀਆਂ ਬੀਮਾ ਦਰਾਂ ਨੇ ਨੱਕ ਵਿਚ ਦਮ ਕਰ ਦਿਤਾ। ਉਨ੍ਹਾਂ ਕਿਹਾ ਕਿ ਬੀਮੇ ਰਾਹੀਂ ਮਦਦ ਤੋਂ ਪਹਿਲਾਂ ਹਰ ਸਾਲ 14 ਹਜ਼ਾਰ ਡਾਲਰ ਜਮ੍ਹਾਂ ਕਰਵਾਉਣੇ ਪਏ ਅਤੇ 1,600 ਡਾਲਰ ਪ੍ਰਤੀ ਮਹੀਨਾ ਵਾਲਾ ਮਹਿੰਗਾ ਪ੍ਰੀਮੀਅਮ ਵੱਖਰਾ ਬਣਦਾ ਹੈ। ਹੱਦ ਤਾਂ ਉਸ ਵੇਲੇ ਹੋ ਗਈ ਜਦੋਂ ਜੌੜੇ ਬੱਚੇ ਹੈਲਥ ਕੇਅਰ ਇੰਸ਼ੋਰੈਂਸ ਤੋਂ ਬਾਹਰ ਹੀ ਰਹੇ। ਇਸ ਦਾ ਮਤਲਬ ਇਹ ਹੋਇਆ ਕਿ ਡਾਕਟਰ ਦੀ ਕਲੀਨਿਕ ਵਿਚ ਲੱਗਣ ਵਾਲਾ ਹਰ ਗੇੜਾ ਉਨ੍ਹਾਂ ਦੀ ਜੇਬ 'ਤੇ ਬੋਝ ਪਾ ਰਿਹਾ ਸੀ। ਇਸ ਦੇ ਉਲਟ ਦੋਹਾਂ ਨੂੰ ਭਾਰਤ ਦਾ ਹੈਲਥ ਕੇਅਰ ਸਿਸਟਮ ਜ਼ਿਆਦਾ ਬਿਹਤਰ ਮਹਿਸੂਸ ਹੋਇਆ। ਧਾਰਾ ਨੇ ਇਹ ਵੀ ਕਿਹਾ ਕਿ ਉਹ ਆਪਣੇ ਜੌੜੇ ਬੱਚਿਆਂ ਨੂੰ ਭਾਰਤੀ ਸਭਿਆਚਾਰ ਵਾਲੇ ਮਾਹੌਲ ਵਿਚ ਪਾਲਣਾ ਚਾਹੁੰਦੀ ਹੈ। ਧਾਰਾ ਨੇ ਉਮੀਦ ਭਰੇ ਲਹਿਜ਼ੇ ਵਿਚ ਕਿਹਾ ਕਿ ਭਾਰਤ ਵਿਚ ਉਸ ਦੇ ਬੱਚੇ ਪ੍ਰਮਾਤਮਾ ਦੀ ਇਬਾਦਤ ਕਰਦਿਆਂ ਅਤੇ ਸਾਡੀਆਂ ਕਹਾਣੀਆਂ ਸੁਣ ਕੇ ਵੱਡੇ ਹੋਣਗੇ। ਦੱਸ ਦੇਈਏ ਕਿ ਧਾਰਾ 15 ਸਾਲ ਦੀ ਉਮਰ ਵਿਚ ਅਮਰੀਕਾ ਪੁੱਜੀ ਅਤੇ ਭਾਰਤੀ ਮੂਲ ਦੇ ਸ਼ਖਸ ਨਾਲ ਵਿਆਹ ਕਰਵਾ ਲਿਆ। ਪਿਛਲੇ ਕੁਝ ਵਰ੍ਹਿਆਂ ਤੋਂ ਦੋਹਾਂ ਨੂੰ ਅਜਿਹੀਆਂ ਚੁਣੌਤੀਆਂ ਦਾ ਟਾਕਰਾ ਕਰਨਾ ਪਿਆ ਕਿ ਆਪਣਾ ਜੱਦੀ ਮੁਲਕ ਜ਼ਿਆਦਾ ਸੋਹਣਾ ਲੱਗਣ ਲੱਗਾ। ਧਾਰਾ ਨੇ ਰਿਵਰਸ ਮਾਇਗ੍ਰੇਸ਼ਨ ਨਾਲ ਸਬੰਧਤ ਇਹ ਕਹਾਣੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਤਾਂ ਲੱਖਾਂ ਲੋਕਾਂ ਦੀਆਂ ਟਿੱਪਣੀਆਂ ਆਉਣ ਲੱਗੀਆਂ ਜੋ ਵਿਦੇਸ਼ਾਂ ਵਿਚ ਬੱਚਿਆਂ ਦੀ ਪਰਵਰਿਸ਼, ਹੈਲਥ ਕੇਅਰ ਅਤੇ ਬੇਗਾਨੇ ਮੁਲਕ ਵਿਚ ਦਰਪੇਸ਼ ਸਮੱਸਿਆਵਾਂ ਬਾਰੇ ਜ਼ਿਕਰ ਕਰਨ ਲੱਗੇ। ਧਾਰਾ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਪਰਵਾਰ ਨਾਲ ਵਾਪਰਿਆ ਘਟਨਾਕ੍ਰਮ ਹਰ ਇਕ ਬਰਦਾਸ਼ਤ ਨਹੀਂ ਕਰਨਾ ਪੈਂਦਾ ਪਰ ਆਪਣੀ ਰੂਹ ਦੀ ਗੱਲ ਸੁਣਦਿਆਂ ਅਮਰੀਕਾ ਛੱਡਣ ਦਾ ਫੈਸਲਾ ਲਿਆ। ਅਮਰੀਕਾ ਵਿਚ ਲੰਘਾਏ ਵਰ੍ਹੇ ਵੀ ਉਨ੍ਹਾਂ ਦੀਆਂ ਸੁਨਹਿਰੀ ਯਾਦਾਂ ਦਾ ਹਮੇਸ਼ਾ ਹਿੱਸਾ ਰਹਿਣਗੇ। ਅਮਰੀਕਾ ਦੇ ਹੈਲਥ ਕੇਅਰ ਸਿਸਟਮ ਨਾਲ ਸਬੰਧਤ ਇਹ ਸੱਚੀ ਕਹਾਣੀ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਕੈਨੇਡਾ ਵਿਚ ਇਲਾਜ ਦੀ ਉਡੀਕ ਕਰਦੇ ਹਜ਼ਾਰਾਂ ਲੋਕਾਂ ਦੀ ਮੌਤ ਨਾਲ ਸਬੰਧਤ ਅਹਿਮ ਰਿਪੋਰਟ ਸਾਹਮਣੇ ਆਈ।

# ਅਮਰੀਕਾ 'ਚ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਤੇਜ਼

## ਵਾਈਟ ਹਾਊਸ ਨੇੜੇ ਹਮਲੇ ਮਗਰੋਂ ਰਾਸ਼ਟਰਪਤੀ ਟਰੰਪ ਨੇ ਦਿਤੇ ਹੁਕਮ, ਅਫ਼ਗਾਨ ਨਾਗਰਿਕਾਂ ਦੇ ਅਸਾਇਲਮ ਦਾਅਵੇ 'ਤੇ ਕਾਰਵਾਈ ਠੱਪ



ਵਾਸ਼ਿੰਗਟਨ, 27 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਵਾਈਟ ਹਾਊਸ ਨੇੜੇ ਹੋਈ ਗੋਲੀਬਾਰੀ ਮਗਰੋਂ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਹੋਰ ਤੇਜ਼ ਕਰਨ ਅਤੇ ਅਸਾਇਲਮ ਕਲੇਮ ਨਾਲ ਸਬੰਧਤ ਅਰਜ਼ੀਆਂ ਦੀ ਡੂੰਘਾਈ ਨਾਲ ਪੜਤਾਲ ਕਰਨ ਦੇ ਹੁਕਮ ਦਿਤੇ ਗਏ ਹਨ। ਉਧਰ ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਨੇ ਦੱਸਿਆ ਕਿ ਰਾਸ਼ਟਰਪਤੀ ਦੇ। ਹੁਕਮਾਂ 'ਤੇ ਅਫ਼ਗਾਨ ਨਾਗਰਿਕਾਂ ਦੀਆਂ ਸਾਰੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਰੋਕ ਦਿਤੀ ਗਈ ਹੈ ਅਤੇ ਨਵੇਂ ਸਿਰੇ ਤੋਂ ਪੁਣ-ਛਾਣ ਕਰਨ ਤੋਂ ਬਾਅਦ ਹੀ ਕੋਈ ਫੈਸਲਾ ਲਿਆ ਜਾਵੇਗਾ। ਇਸੇ ਦੌਰਾਨ ਖੁਫੀਆ ਏਜੰਸੀ ਸੀ.ਆਈ.ਏ. ਦੇ ਮੁਖੀ ਮੁਤਾਬਕ ਨੈਸ਼ਨਲ ਗਾਰਡਜ਼ 'ਤੇ ਗੋਲੀਆਂ ਚਲਾਉਣ ਵਾਲਾ ਰਹਿਮਾਨਉਲਾ ਲਕਨਵਾਲ ਅਫ਼ਗਾਨਿਸਤਾਨ ਵਿਚ ਅਮਰੀਕੀ ਫੌਜ ਦੀ ਮੌਜੂਦਗੀ ਦੌਰਾਨ ਸੀ.ਆਈ.ਏ. ਵਾਸਤੇ ਕੰਮ ਕਰ ਚੁੱਕਾ ਹੈ। ਉਸ ਦੇ ਇਕ ਰਿਸ਼ਤੇਦਾਰ ਨੇ ਦੱਸਿਆ ਕਿ ਉਹ ਅਫ਼ਗਾਨਿਸਤਾਨ ਦੇ ਖੋਸਤ ਸੂਬੇ ਵਿਚ ਜੰਮਿਆ ਅਤੇ ਅਮਰੀਕਾ ਆਉਣ ਤੋਂ ਪਹਿਲਾਂ 10 ਸਾਲ ਅਫ਼ਗਾਨਿਸਤਾਨ ਦੀ ਫੌਜ ਵਿਚ ਸੇਵਾ ਨਿਭਾਈ। ਇਸ ਵੇਲੇ ਉਹ ਵਾਸ਼ਿੰਗਟਨ ਸੂਬੇ ਦੇ ਬੈਲਿੰਗਮ ਸ਼ਹਿਰ ਵਿਚ ਪਤਨੀ ਅਤੇ ਪੰਜ ਬੱਚਿਆਂ ਨਾਲ ਰਹਿ ਰਿਹਾ ਸੀ। ਆਖਰੀ ਵਾਰ ਗੱਲਬਾਤ ਦੌਰਾਨ ਰਹਿਮਾਨਉਲਾ ਨੇ ਐਮਾਜ਼ੋਨ ਵਾਸਤੇ ਕੰਮ ਕਰਨ ਦਾ ਜ਼ਿਕਰ ਕੀਤਾ। ਜੋਅ ਬਾਇਡਨ ਸਰਕਾਰ ਨੇ ਅਪ੍ਰੇਸ਼ਨ ਅਲਾਈਜ਼ ਵੈਲਕਮ ਪ੍ਰੋਗਰਾਮ ਤਹਿਤ ਰਹਿਮਾਨਉਲਾ ਨੂੰ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦਿਤੀ ਪਰ ਪਿਛਲੇ ਦਿਨੀਂ ਡੌਨਲਡ ਟਰੰਪ ਵੱਲੋਂ ਹਜ਼ਾਰਾਂ ਅਫ਼ਗਾਨ ਨਾਗਰਿਕਾਂ ਨੂੰ ਡਿਪੋਰਟ ਕਰਨ ਦੇ ਹੁਕਮ ਦੇਣ 'ਤੇ ਉਹ ਭੜਕ ਗਿਆ। ਫਿਲਹਾਲ ਸਰਕਾਰੀ ਤੌਰ 'ਤੇ ਹਮਲੇ ਦਾ ਮਕਸਦ ਸਪੱਸ਼ਟ ਨਹੀਂ ਹੋ ਸਕਿਆ ਪਰ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਅਤਿਵਾਦੀ ਹਮਲੇ ਦੇ ਨਜ਼ਰੀਏ ਤੋਂ ਪੜਤਾਲ ਕੀਤੀ ਜਾ ਰਹੀ ਹੈ। ਦੂਜੇ ਪਾਸੇ ਡਿਪਾਰਟਮੈਂਟ ਆਫ਼ ਹੋਮ ਸਕਿਉਰਿਟੀ ਨੇ ਦੱਸਿਆ ਕਿ ਰਹਿਮਾਨਉਲਾ ਨੂੰ 2021 ਵਿਚ ਮਨੁੱਖਤਾ ਦੇ ਆਧਾਰ 'ਤੇ ਪੈਰੋਲ ਦਿਤੀ ਗਈ ਅਤੇ ਬਾਅਦ ਵਿਚ ਉਸ ਨੇ ਪਨਾਹ ਦੀ ਅਰਜ਼ੀ ਦਾਇਰ ਕਰ ਦਿਤੀ। ਕੁਝ ਮਹੀਨੇ ਪਹਿਲਾਂ ਹੀ ਇਹ ਅਰਜ਼ੀ ਪ੍ਰਵਾਨ ਹੋਈ ਪਰ ਗਰੀਨ ਕਾਰਡ ਦੀ ਅਰਜ਼ੀ ਹਾਲੇ ਬਕਾਇਆ ਖੜ੍ਹੀ ਹੈ। ਇੰਮੀਗ੍ਰੇਸ਼ਨ ਦੇ ਮੁੱਦੇ 'ਤੇ ਹੋਈ ਵਾਰਦਾਤ ਮਗਰੋਂ ਗੈਰਕਾਨੂੰਨੀ ਪ੍ਰਵਾਸੀਆਂ ਦਾ ਅਮਰੀਕਾ ਵਿਚ ਰਹਿਣਾ ਹੋਰ ਮੁਸ਼ਕਲ ਹੋ ਸਕਦਾ ਹੈ।

# ਇਮਰਾਨ ਖ਼ਾਨ ਦੇ ਪੁੱਤ ਨੇ ਮੰਗੇ ਪਿਉ ਦੇ ਜਿਉਂਦੇ ਹੋਣ ਦੇ ਸਬੂਤ



ਇਸਲਾਮਾਬਾਦ, 28 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਬੇਟੇ ਕਾਸਿਮ ਖਾਨ ਨੇ ਜੇਲ ਵਿਚ ਬੰਦ ਆਪਣੇ ਪਿਤਾ ਦੇ ਜਿਉਂਦੇ ਹੋਣ ਬਾਰੇ ਸਬੂਤ ਮੰਗੇ ਹਨ। ਕਾਸਿਮ ਖਾਨ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਉਨ੍ਹਾਂ ਦੇ ਪਿਤਾ ਨੂੰ 845 ਦਿਨ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਪਿਛਲੇ 6 ਹਫ਼ਤੇ ਤੋਂ ਬਿਲਕੁਲ ਇਕੱਲੇ ਤੌਰ 'ਤੇ ਇਕ ਡੈੱਥ ਸੈੱਲ ਵਿਚ ਰੱਖਿਆ ਗਿਆ ਹੈ। ਨਾ ਤਾਂ ਕਿਸੇ ਨੂੰ ਮੁਲਾਕਾਤ ਦੀ ਇਜਾਜ਼ਤ ਦਿਤੀ ਜਾ ਰਹੀ ਹੈ ਅਤੇ ਨਾ ਹੀ ਕੋਈ ਫੋਨ ਕਾਲ ਕਰਨ ਦਾ ਖੁੱਲ੍ਹ ਦਿਤੀ ਗਈ ਹੈ। ਕਾਸਿਮ ਨੇ ਕਿਹਾ ਕਿ ਉਨ੍ਹਾਂ ਦੇ ਭੂਆ ਜੀ ਨੂੰ ਵੀ ਆਪਣੇ ਭਰਾ ਨਾਲ ਮੁਲਾਕਾਤ ਦੇ ਇਜਾਜ਼ਤ ਨਹੀਂ ਦਿਤੀ ਗਈ। ਕਾਸਿਮ ਖਾਨ ਨੇ ਦੋਸ਼ ਲਾਇਆ ਕਿ ਸਰਕਾਰ ਉਨ੍ਹਾਂ ਦੇ ਪਿਤਾ ਦੀ ਅਸਲ ਹਾਲਤ ਉਤੇ ਪਰਦਾ ਪਾ ਰਹੀ ਹੈ। ਦੂਜੇ ਪਾਸੇ ਇਮਰਾਨ ਖ਼ਾਨ ਦੀ ਹਮਾਇਤ ਕਰਨ ਰਾਵਲਪਿੰਡੀ ਦੀ ਅਡਿਆਲਾ ਜੇਲ ਪੁੱਜੇ ਖੈਬਰ ਪਖਤੂਨਖਵਾ ਸੂਬੇ ਦੇ ਮੁੱਖ ਮੰਤਰੀ ਸੋਹੇਲ ਅਫ਼ਰੀਦੀ ਨੂੰ ਪੁਲਿਸ ਵਾਲਿਆਂ ਨੇ ਸੜਕ 'ਤੇ ਢਾਹ ਕੇ ਕੁੱਟਿਆ। ਮੀਡੀਆ ਰਿਪੋਰਟਾਂ ਮੁਤਾਬਕ ਸੋਹੇਲ ਅਫ਼ਰੀਦੀ ਵਿਰੁੱਧ ਫੌਜ ਦੇ ਇਸ਼ਾਰੇ 'ਤੇ ਕਾਰਵਾਈ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ ਜੇਲ ਦੇ ਬਾਹਰ ਪਾਕਿਸਤਾਨ ਤਹਿਰੀਕ ਏ ਇਨਸਾਫ਼ ਪਾਰਟੀ ਦੇ ਹਮਾਇਤੀਆਂ ਦੀ ਗਿਣਤੀ ਵਧਣ ਲੱਗੀ ਅਤੇ ਇਸੇ ਦੌਰਾਨ ਸੋਹੇਲ ਅਫ਼ਰੀਦੀ ਪੁੱਜ ਗਏ ਜਿਸ ਮਗਰੋਂ ਹਾਲਾਤ ਵਿਗੜਨ ਲੱਗੇ। ਸੋਹੇਲ ਅਫ਼ਰੀਦੀ ਨੇ ਕਿਹਾ ਹੈ ਕਿ ਪਾਕਿਸਤਾਨ ਸਰਕਾਰ ਨੂੰ ਇਮਰਾਨ ਖਾਨ ਦੀ ਸਿਹਤ ਬਾਅਤੇ ਸੁਰੱਖਿਆ ਨਾਲ ਸਬੰਧਤ ਹਰ ਸਵਾਲ ਦਾ ਜਵਾਬ ਦੇਣਾ ਹੋਵੇਗਾ। ਜੇ ਅਜਿਹਾ ਨਾ ਹੋਇਆ ਤਾਂ ਉਹ ਲੋਕਾਂ ਨਾਲ ਸੜਕਾਂ 'ਤੇ ਉਤਰਨ ਲਈ ਮਜਬੂਰ ਹੋ ਜਾਣਗੇ। ਇਸੇ ਦੌਰਾਨ ਇਮਰਾਨ ਖ਼ਾਨ ਦੀ ਭੈਣ ਨੌਰੇਨ ਨਿਆਜ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਲ ਵਿਚ ਮੁਲਾਕਾਤ ਪਹਿਲਾਂ ਤੋਂ ਤੈਅ ਸੀ ਪਰ ਕਿਸੇ ਨੂੰ ਵੀ ਅੰਦਰ ਜਾਣ ਨਾ ਦਿਤਾ ਗਿਆ। ਉਨ੍ਹਾਂ ਕਿਹਾ ਕਿ ਭਾਰਤ ਵਿਚ ਇਮਰਾਨ ਖਾਨ ਦੀ ਮੌਤ ਬਾਰੇ ਖ਼ਬਰ ਫੈਲ ਚੁੱਕੀ ਹੈ ਜਿਸ ਮਗਰੋਂ ਪਰਵਾਰ ਬੇਹੱਦ ਡਰਿਆ ਹੋਇਆ ਹੈ। ਇਥੇ ਦਸਣਾ ਬਣਦਾ ਹੈ ਕਿ ਇਮਰਾਨ ਖਾਨ ਅਗਸਤ 2023 ਤੋਂ ਰਾਵਲਪਿੰਡੀ ਦੀ ਜੇਲ ਵਿਚ ਬੰਦ ਹਨ ਅਤੇ ਕੁਝ ਮੀਡੀਆ ਰਿਪੋਰਟਾਂ ਮੁਤਾਬਕ ਉਨ੍ਹਾਂ ਦੀ ਸਿਹਤ ਠੀਕ ਨਹੀਂ। ਪਿਛਲੇ ਤਿੰਨ ਹਫ਼ਤੇ ਤੋਂ ਉਨ੍ਹਾਂ ਦੀਆਂ ਭੈਣਾਂ ਮੁਲਾਕਾਤ ਦੀ ਕੋਸ਼ਿਸ਼ ਕਰ ਰਹੀਆਂ ਹਨ ਪਰ ਜੇਲ ਪ੍ਰਸ਼ਾਸਨ ਨੇ ਚੁੱਪ ਧਾਰੀ ਹੋਈ ਹੈ।

# ਨੌਜਵਾਨ ਵਿਗਿਆਨੀਆਂ ਤੇ ਅਧਿਆਪਕਾਂ ਨੂੰ ਗਲੋਬਲ ਪਲੇਟਫਾਰਮਾਂ 'ਤੇ ਖੋਜ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਪੰਜਾਬ ਸਰਕਾਰ

## ਯਾਤਰਾ ਅਤੇ ਰਿਹਾਇਸ਼ ਦੇ ਖਰਚੇ ਉਠਾਏਗੀ ਸਰਕਾਰ



ਚੰਡੀਗੜ੍ਹ : ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇੱਕ ਇਨਕਲਾਬੀ ਅਤੇ ਇਤਿਹਾਸਕ ਕਦਮ ਚੁੱਕਿਆ ਹੈ। "ਨੌਜਵਾਨ ਵਿਗਿਆਨੀ ਯਾਤਰਾ ਸਹਾਇਤਾ ਯੋਜਨਾ" ਦੀ ਸ਼ੁਰੂਆਤ ਦੇ ਨਾਲ, ਸਰਕਾਰ ਨੇ ਸੂਬੇ ਦੇ ਪ੍ਰਤਿਭਾਸ਼ਾਲੀ ਵਿਗਿਆਨੀਆਂ ਅਤੇ ਖੋਜਕਰਤਾਵਾਂ ਲਈ ਵਿਸ਼ਵ ਪੱਧਰ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਇਹ ਦੂਰਦਰਸ਼ੀ ਪਹਿਲਕਦਮੀ ਪੰਜਾਬ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਨਵੀਂ ਊਰਜਾ ਭਰ ਰਹੀ ਹੈ, ਜੋ ਸੂਬੇ ਦੇ ਨੌਜਵਾਨਾਂ ਨੂੰ ਅੰਤਰਰਾਸ਼ਟਰੀ ਮਾਨਤਾ ਦਿਵਾਉਣ ਦੀ ਸਪੱਸ਼ਟ ਇੱਛਾ ਨੂੰ ਦਰਸਾਉਂਦੀ ਹੈ। STEM ਆਊਟਰੀਚ ਪ੍ਰੋਗਰਾਮ ਅਧੀਨ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (PSCST) ਦੁਆਰਾ ਚਲਾਈ ਜਾ ਰਹੀ ਇਹ ਯੋਜਨਾ, ਉਸ ਬੁਨਿਆਦੀ ਚੁਣੌਤੀ ਨੂੰ ਸੰਬੋਧਿਤ ਕਰਦੀ ਹੈ ਕਿ ਬਹੁਤ ਸਾਰੇ ਪ੍ਰਤਿਭਾਸ਼ਾਲੀ ਖੋਜਕਰਤਾ ਸਿਰਫ਼ ਵਿੱਤੀ ਰੁਕਾਵਟਾਂ ਕਾਰਨ ਦੁਨੀਆ ਦੇ ਸਭ ਤੋਂ ਵਧੀਆ ਕਾਨਫਰੰਸਾਂ ਅਤੇ ਖੋਜ ਪਲੇਟਫਾਰਮਾਂ ਤੱਕ ਪਹੁੰਚ ਕਰਨ ਦੇ ਯੋਗ ਨਹੀਂ ਹਨ। ਮਾਨ ਸਰਕਾਰ ਦਾ ਉਦੇਸ਼ ਸਪੱਸ਼ਟ ਹੈ: ਪੰਜਾਬ ਦੇ ਕਿਸੇ ਵੀ ਨੌਜਵਾਨ ਵਿਗਿਆਨੀ ਨੂੰ ਸਿਰਫ਼ ਫੰਡਾਂ ਦੀ ਘਾਟ ਕਾਰਨ ਪਿੱਛੇ ਨਹੀਂ ਛੱਡਿਆ ਜਾਣਾ ਚਾਹੀਦਾ। ਇਹ ਸਕੀਮ ਖਾਸ ਤੌਰ 'ਤੇ ਯੋਗ ਵਿਗਿਆਨੀਆਂ, ਟੈਕਨੋਲੋਜਿਸਟਾਂ ਅਤੇ 45 ਸਾਲ ਤੋਂ ਘੱਟ ਉਮਰ ਦੇ ਅਧਿਆਪਕਾਂ ਲਈ ਹੈ ਜੋ ਰਾਜ ਦੇ ਕਾਲਜਾਂ, ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਕੋਲ ਪੀਅਰ-ਰਿਵਿਊਡ ਜਰਨਲਜ਼ (ਸਕੋਪਸ/ਐਸਸੀਆਈ/ਵੈੱਬ ਆਫ਼ ਸਾਇੰਸ) ਵਿੱਚ ਘੱਟੋ-ਘੱਟ ਦੋ ਪ੍ਰਕਾਸ਼ਨ ਹੋਣੇ ਚਾਹੀਦੇ ਹਨ। ਇਹ ਸਹਾਇਤਾ ਨੌਜਵਾਨ ਵਿਗਿਆਨੀਆਂ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਆਯੋਜਿਤ ਕਾਨਫਰੰਸਾਂ, ਸੈਮੀਨਾਰਾਂ, ਸਿੰਪੋਜ਼ੀਆ, ਵਰਕਸ਼ਾਪਾਂ, ਥੋੜ੍ਹੇ ਸਮੇਂ ਦੇ ਸਕੂਲ/ਕੋਰਸ/ਸਿਖਲਾਈ ਪ੍ਰੋਗਰਾਮਾਂ ਵਰਗੇ ਮਹੱਤਵਪੂਰਨ ਅਕਾਦਮਿਕ ਅਤੇ ਵਿਗਿਆਨਕ ਸਮਾਗਮਾਂ ਵਿੱਚ ਹਿੱਸਾ ਲੈਣ ਜਾਂ ਆਪਣੇ ਖੋਜ ਪੱਤਰ ਪੇਸ਼ ਕਰਨ ਦੇ ਯੋਗ ਬਣਾਏਗੀ।

ਇਸ ਸਕੀਮ ਦੇ ਤਹਿਤ, ਭਾਗੀਦਾਰਾਂ ਨੂੰ ਵੱਧ ਤੋਂ ਵੱਧ ₹15,000 ਤੱਕ ਦੀ ਯਾਤਰਾ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਜਿਸ ਵਿੱਚ ਹਵਾਈ ਕਿਰਾਇਆ ਜਾਂ ਰੱਖ-ਰਖਾਅ ਭੱਤਾ ਅਤੇ ਰਜਿਸਟ੍ਰੇਸ਼ਨ ਫੀਸ ਦਾ 50 ਪ੍ਰਤੀਸ਼ਤ ਸ਼ਾਮਲ ਹੈ। ਇਹ ਸਹਾਇਤਾ ਨੌਜਵਾਨ ਵਿਗਿਆਨੀਆਂ ਨੂੰ ਦੁਨੀਆ ਭਰ ਦੇ ਨਵੀਨਤਮ ਵਿਗਿਆਨਕ ਵਿਕਾਸ ਅਤੇ ਤਕਨੀਕੀ ਰੁਝਾਨਾਂ ਤੋਂ ਜਾਣੂ ਹੋਣ, ਗਿਆਨ ਦਾ ਆਦਾਨ-ਪ੍ਰਦਾਨ ਕਰਨ ਅਤੇ ਅੰਤਰਰਾਸ਼ਟਰੀ ਸਹਿਯੋਗ ਸਥਾਪਤ ਕਰਨ ਦਾ ਮੌਕਾ ਪ੍ਰਦਾਨ ਕਰੇਗੀ। ਇਹ ਪਹਿਲ ਪੰਜਾਬ ਦੀਆਂ ਵਿਗਿਆਨਕ ਅਤੇ ਤਕਨੀਕੀ ਤਰਜੀਹਾਂ ਦੇ ਅਨੁਸਾਰ ਖੋਜ ਨੂੰ ਉਤਸ਼ਾਹਿਤ ਕਰੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਸਕੀਮ ਨੂੰ ਪੰਜਾਬ ਦੀ ਪ੍ਰਗਤੀਸ਼ੀਲ ਸੋਚ ਦਾ ਪ੍ਰਤੀਕ ਦੱਸਿਆ। ਉਨ੍ਹਾਂ ਅਨੁਸਾਰ, ਸਮਾਂ ਆ ਗਿਆ ਹੈ ਕਿ ਪੰਜਾਬ ਦੇ ਨੌਜਵਾਨ ਵਿਸ਼ਵ ਵਿਗਿਆਨਕ ਭਾਸ਼ਣ ਦਾ ਹਿੱਸਾ ਬਣਨ ਅਤੇ ਆਪਣੀ ਖੋਜ ਨੂੰ ਦੁਨੀਆ ਸਾਹਮਣੇ ਪੇਸ਼ ਕਰਨ। ਉਨ੍ਹਾਂ ਕਿਹਾ, "ਸਾਡੀ ਸਰਕਾਰ ਨੌਜਵਾਨਾਂ ਦੀ ਸ਼ਕਤੀ ਅਤੇ ਵਿਗਿਆਨਕ ਤਰੱਕੀ ਵਿੱਚ ਦ੍ਰਿੜ ਵਿਸ਼ਵਾਸ ਰੱਖਦੀ ਹੈ। ਇਹ ਯੋਜਨਾ ਸਿਰਫ਼ ਵਿੱਤੀ ਸਹਾਇਤਾ ਨਹੀਂ ਹੈ, ਸਗੋਂ ਸਾਡੇ ਨੌਜਵਾਨ ਖੋਜਕਰਤਾਵਾਂ ਦੇ ਸੁਪਨਿਆਂ ਨੂੰ ਖੰਭ ਦੇਣ ਦਾ ਸਾਧਨ ਹੈ।" ਮਾਨ ਸਰਕਾਰ ਲਗਾਤਾਰ ਇਹ ਸਾਬਤ ਕਰ ਰਹੀ ਹੈ ਕਿ ਵਿਕਾਸ ਦਾ ਮਤਲਬ ਸਿਰਫ਼ ਸੜਕਾਂ ਅਤੇ ਇਮਾਰਤਾਂ ਤੋਂ ਵੱਧ ਹੈ, ਸਗੋਂ ਨੌਜਵਾਨਾਂ ਲਈ ਇੱਕ ਸੁਰੱਖਿਅਤ ਅਤੇ ਮਜ਼ਬੂਤ ਭਵਿੱਖ ਨੂੰ ਯਕੀਨੀ ਬਣਾਉਣਾ ਵੀ ਹੈ। ਜਦੋਂ ਕਿ ਸਰਕਾਰੀ ਯੋਜਨਾਵਾਂ ਪਹਿਲਾਂ ਅਕਸਰ ਕਾਗਜ਼ਾਂ ਤੱਕ ਸੀਮਤ ਰਹਿੰਦੀਆਂ ਸਨ, ਹੁਣ ਪੰਜਾਬ ਵਿੱਚ ਅਸਲ ਅਤੇ ਦ੍ਰਿਸ਼ਟੀਗਤ ਤਬਦੀਲੀ ਦਿਖਾਈ ਦੇ ਰਹੀ ਹੈ।

# ਪਾਕਿ ਵੱਲੋਂ ਮੁੜ ਭਾਰਤੀ ਜਹਾਜ਼ਾਂ ਨੂੰ ਡੇਗਣ ਦਾ ਦਾਅਵਾ

## ਇਸ ਸਾਲ ਮਈ 'ਚ ਦੋਵਾਂ ਦੇਸ਼ਾਂ ਦਰਮਿਆਨ ਹੋਇਆ ਸੀ ਟਕਰਾਅ



ਇਸਲਾਮਾਬਾਦ (ਵਿਸ਼ੇਸ਼ ਪ੍ਰਤੀਨਿਧ) : ਪਾਕਿਸਤਾਨ ਹਵਾਈ ਸੈਨਾ ਮੁਖੀ ਏਅਰ ਮਾਰਸ਼ਲ ਜ਼ਹੀਰ ਅਹਿਮਦ ਬਾਬਰ ਸਿੱਧੂ ਨੇ ਅੱਜ ਮੁੜ ਦਾਅਵਾ ਕੀਤਾ ਕਿ ਉਨ੍ਹਾਂ ਦੀਆਂ ਫੌਜਾਂ ਨੇ ਮਈ ਵਿੱਚ ਭਾਰਤ ਨਾਲ ਹੋਏ ਟਕਰਾਅ ਦੌਰਾਨ ਆਧੁਨਿਕ ਭਾਰਤੀ ਜਹਾਜ਼ਾਂ ਅਤੇ ਰੱਖਿਆ ਪ੍ਰਣਾਲੀ ਨੂੰ ਤਬਾਹ ਕਰ ਦਿੱਤਾ ਸੀ। ਇਸ ਸਬੰਧੀ ਹਵਾਈ ਫੌਜ ਮੁਖੀ ਨੇ ਕੋਈ ਸਬੂਤ ਨਹੀਂ ਦਿੱਤੇ।

ਇਹ ਦਾਅਵਾ ਭਾਰਤੀ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਵੱਲੋਂ ਅਕਤੂਬਰ ਵਿੱਚ ਦਿੱਤੇ ਗਏ ਬਿਆਨ ਤੋਂ ਬਾਅਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਸੀ ਕਿ ਅਪ੍ਰੇਸ਼ਨ ਸਿੰਧੂਰ ਦੌਰਾਨ ਭਾਰਤੀ ਹਮਲਿਆਂ ਵਿੱਚ ਘੱਟੋ-ਘੱਟ ਇੱਕ ਦਰਜਨ ਪਾਕਿਸਤਾਨੀ ਫੌਜੀ ਜਹਾਜ਼ ਜਿਨ੍ਹਾਂ ਵਿੱਚ ਅਮਰੀਕੀ ਮੂਲ ਦੇ ਐਫ-16 ਜੈੱਟ ਅਤੇ ਚੀਨੀ ਮੂਲ ਦੇ ਜੇਐਫ-17 ਸ਼ਾਮਲ ਸਨ, ਤਬਾਹ ਹੋ ਗਏ ਜਾਂ ਨੁਕਸਾਨੇ ਗਏ ਸਨ।

ਖੈਬਰ ਪਖਤੂਨਖਵਾ ਵਿੱਚ ਪਾਕਿਸਤਾਨ ਹਵਾਈ ਫੌਜ (ਪੀਏਐਫ) ਅਕੈਡਮੀ ਵਿੱਚ ਪਾਸਿੰਗ ਆਊਟ ਪਰੇਡ ਨੂੰ ਸੰਬੋਧਨ ਕਰਦਿਆਂ ਪਾਕਿਸਤਾਨੀ ਅਧਿਕਾਰੀ ਬਾਬਰ ਸਿੱਧੂ ਨੇ ਦਾਅਵਾ ਕੀਤਾ ਕਿ ਪਾਕਿਸਤਾਨੀ ਫੌਜਾਂ ਨੇ ਭਾਰਤ ਦੇ ਸਭ ਤੋਂ ਆਧੁਨਿਕ ਅਤੇ ਸਮਰੱਥ ਜਹਾਜ਼ਾਂ ਜਿਨ੍ਹਾਂ ਵਿੱਚ ਕਈ ਰਾਫੇਲ, ਐਸਯੂ-30ਐਮਕੇਆਈ, ਮਿਰਾਜ 2000, ਮਿਗ-29 ਅਤੇ ਮਾਨਵ ਰਹਿਤ ਹਵਾਈ ਪ੍ਰਣਾਲੀਆਂ ਸ਼ਾਮਲ ਹਨ, ਨੂੰ ਤਬਾਹ ਕਰ ਦਿੱਤਾ ਸੀ। ਸਿੱਧੂ ਨੇ ਮਈ ਵਿੱਚ ਹੋਏ ਟਕਰਾਅ ਨੂੰ ਭਿਆਨਕ ਹਵਾਈ ਲੜਾਈ ਵੀ ਕਰਾਰ ਦਿੱਤਾ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਪਾਕਿਸਤਾਨੀ ਫੌਜਾਂ ਨੇ ਉੱਤਰ ਤੋਂ ਦੱਖਣ ਤੱਕ ਭਾਰਤੀ ਟਿਕਾਣਿਆਂ ਅਤੇ ਜ਼ਮੀਨੀ ਸੰਪਤੀਆਂ ਨੂੰ ਨਿਸ਼ਾਨਾ ਬਣਾਇਆ ਅਤੇ ਅਤਿ-ਆਧੁਨਿਕ S-400 ਹਵਾਈ ਰੱਖਿਆ ਪ੍ਰਣਾਲੀ ਅਤੇ ਕਮਾਂਡ-ਐਂਡ-ਕੰਟਰੋਲ ਕੇਂਦਰਾਂ ਨੂੰ ਬੇਅਸਰ ਕਰ ਦਿੱਤਾ। ਪਾਕਿਸਤਾਨ ਨੇ ਮਈ ਦੀ ਜੰਗ ਤੋਂ ਬਾਅਦ ਕਈ ਵਾਰ ਭਾਰਤੀ ਜਹਾਜ਼ਾਂ ਨੂੰ ਡੇਗਣ ਦਾ ਦਾਅਵਾ ਕੀਤਾ ਹੈ ਪਰ ਕਿਸੇ ਵੀ ਜਹਾਜ਼ ਬਾਰੇ ਸਬੂਤ ਨਸ਼ਰ ਨਹੀਂ ਕੀਤੇ ਗਏ।

# ਭਾਰਤੀ ਹਵਾਈ ਸੈਨਾ ਦਾ ਜਹਾਜ਼ ਸ੍ਰੀਲੰਕਾ ਲਈ ਐਮਰਜੈਂਸੀ ਰਾਹਤ ਸਪਲਾਈ ਲੈ ਕੇ ਪਹੁੰਚਿਆ



ਕੋਲੰਬੋ, 28 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਖਤਰਨਾਕ ਹੜ੍ਹਾਂ ਕਾਰਨ ਬੇਘਰ ਹੋਏ ਲੋਕਾਂ ਲਈ ਐਮਰਜੈਂਸੀ ਰਾਹਤ ਸਮੱਗਰੀ ਲੈ ਕੇ ਭਾਰਤੀ ਹਵਾਈ ਸੈਨਾ (IAF) ਦਾ ਇੱਕ ਜਹਾਜ਼ ਸ਼ਨਿਚਰਵਾਰ ਸਵੇਰੇ ਸ੍ਰੀਲੰਕਾ ਪਹੁੰਚਿਆ ਹੈ। ਜ਼ਰੂਰੀ ਖੁਰਾਕੀ ਵਸਤੂਆਂ ਅਤੇ ਸਫਾਈ ਸਪਲਾਈ ਲੈ ਕੇ ਇਹ C130 ਜਹਾਜ਼ ਸਵੇਰੇ ਕਰੀਬ 1.30 ਵਜੇ ਕੋਲੰਬੋ ਦੇ ਬੰਦਰਨਾਇਕੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਿਆ, ਜਿੱਥੇ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਅਤੇ ਸ੍ਰੀਲੰਕਾ ਹਵਾਈ ਸੈਨਾ ਦੇ ਅਧਿਕਾਰੀਆਂ ਨੇ ਇਸ ਦਾ ਸਵਾਗਤ ਕੀਤਾ। ਭਾਰਤ ਨੇ ਸ਼ੁੱਕਰਵਾਰ ਨੂੰ ਸੰਕਟ ਦੀ ਇਸ ਘੜੀ ਵਿੱਚ ਸ੍ਰੀਲੰਕਾ ਦੀ ਸਹਾਇਤਾ ਲਈ 'ਆਪ੍ਰੇਸ਼ਨ ਸਾਗਰ ਬੰਧੂ' ਸ਼ੁਰੂ ਕੀਤਾ ਸੀ। ਰਾਹਤ ਸਮੱਗਰੀ ਦੀ ਪਹਿਲੀ ਖੇਪ ਪਹਿਲਾਂ ਹੀ ਭਾਰਤੀ ਜਲ ਸੈਨਾ ਦੇ ਜਹਾਜ਼ INS ਵਿਕਰਾਂਤ ਅਤੇ ਫਰੰਟਲਾਈਨ ਜਹਾਜ਼ INS ਉਦੈਗਿਰੀ ਰਾਹੀਂ ਇਸ ਟਾਪੂ ਦੇਸ਼ ਤੱਕ ਪਹੁੰਚਾਈ ਗਈ ਸੀ ਅਤੇ ਸੌਂਪੀ ਗਈ ਸੀ।

ਇਹ ਰਾਹਤ ਉਸ ਸਮੇਂ ਪਹੁੰਚੀ ਹੈ ਜਦੋਂ ਸ੍ਰੀਲੰਕਾਈ ਅਧਿਕਾਰੀਆਂ ਨੇ ਕੇਲਾਨੀ ਅਤੇ ਅਟਾਨਾਗਲੂ ਦਰਿਆਵਾਂ ਦੇ ਵਧਦੇ ਜਲ ਪੱਧਰ ਕਾਰਨ ਸ਼ੁੱਕਰਵਾਰ ਰਾਤ ਤੋਂ ਪੱਛਮੀ ਸੂਬੇ ਵਿੱਚ ਇਤਿਹਾਸਕ ਆਫ਼ਤ ਵਾਲੀ ਸਥਿਤੀ ਦੀ ਚੇਤਾਵਨੀ ਦਿੱਤੀ ਸੀ।

ਸ੍ਰੀਲੰਕਾ ਆਪਣੇ ਸਭ ਤੋਂ ਭੈੜੇ ਕੁਦਰਤੀ ਸੰਕਟਾਂ ਵਿੱਚੋਂ ਇੱਕ ਦਾ ਸਾਹਮਣਾ ਕਰ ਰਿਹਾ ਹੈ। ਚੱਕਰਵਾਤੀ ਤੂਫ਼ਾਨ 'ਦਿਤਵਾਹ' ਨੇ ਇੱਥੇ ਵੱਡੀ ਤਬਾਹੀ ਮਚਾਈ ਹੈ, ਜਿਸ ਕਾਰਨ ਹੜ੍ਹ ਅਤੇ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਹੋਈਆਂ ਹਨ, ਜਿਸ ਨਾਲ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਆਫ਼ਤ ਪ੍ਰਬੰਧਨ ਕੇਂਦਰ (DMC) ਨੇ ਸ਼ਨਿਚਰਵਾਰ ਸਵੇਰੇ 6 ਵਜੇ ਤੱਕ 69 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ, ਜਦੋਂ ਕਿ ਘੱਟੋ-ਘੱਟ 34 ਲੋਕ ਅਜੇ ਵੀ ਲਾਪਤਾ ਹਨ। ਕੇਂਦਰ ਨੇ ਦੱਸਿਆ ਕਿ 61,000 ਪਰਿਵਾਰਾਂ ਦੇ 2,00,000 ਤੋਂ ਵੱਧ ਲੋਕ ਇਸ ਆਫ਼ਤ ਨਾਲ ਪ੍ਰਭਾਵਿਤ ਹੋਏ ਹਨ।

ਸ੍ਰੀਲੰਕਾ ਦੇ ਰਾਸ਼ਟਰਪਤੀ ਅਨੁਰਾ ਕੁਮਾਰ ਦੀਸਾਨਾਇਕੇ ਦੇ ਦਫ਼ਤਰ ਨੇ ਕਿਹਾ ਚੱਕਰਵਾਤੀ ਤੂਫ਼ਾਨ ਦਿਤਵਾ ਮਗਰੋਂ ਭਾਰਤ ਨੇ ਤੁਰੰਤ ਮਦਦ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਇਸ ਤੂਫ਼ਾਨ 'ਚ 400 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ।

ਰਾਸ਼ਟਰਪਤੀ ਦਫ਼ਤਰ ਨੇ ਕਿਹਾ, ''ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਅਨੁਰਾ ਕੁਮਾਰ ਦੀਸਾਨਾਇਕੇ ਪ੍ਰਤੀ ਹਮਦਰਦੀ ਜ਼ਾਹਿਰ ਕੀਤੀ ਅਤੇ ਦੁਹਰਾਇਆ ਕਿ ਭਾਰਤ ਇਸ ਮੁਸ਼ਕਲ ਸਮੇਂ 'ਚ ਸ੍ਰੀਲੰਕਾ ਤੇ ਉਸ ਦੇ ਲੋਕਾਂ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ।'' ਸ੍ਰੀ ਮੋਦੀ ਨੇ ਬੀਤੇ ਦਿਨ ਸ੍ਰੀ ਦੀਸਾਨਾਇਕੇ ਨਾਲ ਫੋਨ 'ਤੇ ਗੱਲਬਾਤ ਕਰ ਕੇ ਉਨ੍ਹਾਂ ਨੂੰ ਚੱਕਰਵਾਤੀ ਤੂਫ਼ਾਨ ਦਿਤਵਾ ਕਾਰਨ ਪ੍ਰਭਾਵਿਤ ਖੇਤਰਾਂ 'ਚ ਮੁੜ ਵਸੇਬੇ ਦੀਆਂ ਕੋਸ਼ਿਸ਼ਾਂ 'ਚ ਲਗਾਤਾਰ ਮਦਦ ਦਾ ਭਰੋਸਾ ਦਿੱਤਾ ਸੀ। ਇਸ ਤੋਂ ਇਲਾਵਾ ਅੱਜ ਇਹ ਐਲਾਨ ਕੀਤਾ ਗਿਆ ਕਿ ਸ੍ਰੀਲੰਕਾ ਹੜ੍ਹ ਰਾਹਤ ਸਮੱਗਰੀ ਨੂੰ ਕਸਟਮ ਡਿਊਟੀ ਅਤੇ ਟੈਕਸ ਤੋਂ ਮੁਕਤ ਕਰੇਗਾ ਬਸ਼ਰਤੇ ਇਹ ਸਮੱਗਰੀ ਆਫ਼ਤ ਪ੍ਰਬੰਧਨ ਡਾਇਰੈਕਟਰ ਜਨਰਲ ਜਾਂ ਰੱਖਿਆ ਮੰਤਰਾਲੇ ਦੇ ਸਕੱਤਰ ਦੇ ਨਾਂ ਭੇਜੀ ਜਾਵੇ। ਸ੍ਰੀਲੰਕਾ 'ਚ 'ਦਿਤਵਾ' ਕਾਰਨ 14,66,615 ਲੋਕ ਪ੍ਰਭਾਵਿਤ ਹੋਏ ਹਨ। ਭਾਰਤੀ ਸੁਰੱਖਿਆ ਬਲਾਂ ਨੇ ਸ੍ਰੀਲੰਕਾ 'ਚ ਬਚਾਅ ਤੇ ਰਾਹਤ ਮੁਹਿੰਮ ਤੇਜ਼ ਕਰਦਿਆਂ ਨੌਂ ਮਹੀਨੇ ਦੀ ਗਰਭਵਤੀ ਮਹਿਲਾ ਨੂੰ ਸੁਰੱਖਿਆ ਸਥਾਨ 'ਤੇ ਪਹੁੰਚਾਇਆ ਤੇ ਉਸ ਨੂੰ ਤੁਰੰਤ ਮੈਡੀਕਲ ਸਹਾਇਤਾ ਮੁਹੱਈਆ ਕੀਤੀ। ਭਾਰਤੀ ਹਾਈ ਕਮਿਸ਼ਨ ਨੇ ਸੋਸ਼ਲ ਮੀਡੀਆ ਪੋਸਟ 'ਚ ਦੱਸਿਆ ਕਿ ਪੁੱਟਲਮ ਜ਼ਿਲ੍ਹੇ 'ਚ ਮਹਿਲਾ ਨੂੰ ਐੱਨ ਡੀ ਆਰ ਐੱਫ ਨੇ ਸੁਰੱਖਿਆ ਕੱਢ ਲਿਆ।

# ਪਾਕਿਸਤਾਨੀ ਡੌਨ ਨੇ ਗੈਂਗਸਟਰ ਲਾਰੈਂਸ ਨੂੰ ਦਿੱਤੀ ਧਮਕੀ, ਕਿਹਾ-ਆਪਣੀ ਹੱਦ ਵਿਚ ਰਹਿ......



ਲਾਹੌਰ, 29 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਕਤਲ ਕਰਨ ਦੀ ਧਮਕੀ ਦਿੱਤੀ ਹੈ। ਭੱਟੀ ਨੇ ਕਿਹਾ, "ਮੇਰਾ ਭਾਰਤ ਸਰਕਾਰ, ਉਸ ਦੀਆਂ ਏਜੰਸੀਆਂ ਜਾਂ ਭਾਰਤੀਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਮੇਰੀ ਸਿਰਫ਼ ਲਾਰੈਂਸ ਬਿਸ਼ਨੋਈ ਨਾਲ ਦੁਸ਼ਮਣੀ ਹੈ।"ਉਹ ਪਾਕਿਸਤਾਨ ਵਿੱਚ ਅੱਤਵਾਦ ਫੈਲਾਉਣ ਲਈ ਹਵਾਲਾ ਰਾਹੀਂ ਪੈਸੇ ਭੇਜਦਾ ਸੀ। ਮੈਂ ਉਸ ਨੂੰ ਛੱਡਾਂਗਾ ਨਹੀਂ। ਜਿਸ ਦਿਨ ਲਾਰੈਂਸ ਮੇਰੇ ਹੱਥ ਆ ਗਿਆ ਉਸ ਦਿਨ ਮੈ ਉਸ ਨੂੰ ਮਾਰ ਦਿਆਂਗਾ। ਲਾਰੈਂਸ ਨੇ ਆਪਣੇ ਦੋਸਤਾਂ ਨਾਲ ਧੋਖਾ ਕੀਤਾ ਹੈ। ਭੱਟੀ ਨੇ ਕਿਹਾ ਕਿ ਉਸ ਨੇ ਲਾਰੈਂਸ ਨੂੰ ਹਰਿਆਣਾ ਦੇ ਸਿਰਸਾ ਦੇ ਮਹਿਲਾ ਪੁਲਿਸ ਸਟੇਸ਼ਨ ਵਿੱਚ ਧਮਾਕੇ ਦਾ ਟ੍ਰੇਲਰ ਦਿਖਾਇਆ। ਭੱਟੀ ਨੇ ਕਿਹਾ ਕਿ ਲਾਰੈਂਸ ਨੂੰ ਹੱਦ ਵਿੱਚ ਰਹਿਣਾ ਚਾਹੀਦਾ ਹੈ। ਉਸ ਨੇ ਗੱਦਾਰੀ ਕੀਤੀ ਹੈ।ਇਸ ਲਈ ਉਸ ਨੂੰ ਇਸ ਦੁਨੀਆਂ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ।

ਦੱਸ ਦੇਈਏ ਕਿ ਸਿਰਸਾ ਦੇ ਮਹਿਲਾ ਪੁਲਿਸ ਸਟੇਸ਼ਨ 'ਤੇ 27-28 ਨਵੰਬਰ, 2025 ਨੂੰ ਇੱਕ ਵਿਸਫੋਟਕ ਯੰਤਰ ਸੁੱਟਿਆ ਗਿਆ ਸੀ। ਪੁਲਿਸ ਨੇ ਬਾਅਦ ਵਿੱਚ ਪੰਜ ਸ਼ੱਕੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਭੱਟੀ ਨੇ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ।

ਭੱਟੀ ਨੇ ਕਿਹਾ ਕਿ ਲਾਰੈਂਸ ਆਪਣੇ ਭਰਾ ਅਨਮੋਲ ਬਿਸ਼ਨੋਈ ਨੂੰ ਗ੍ਰੀਨ ਕਾਰਡ ਦਿਵਾਉਣ ਅਤੇ ਉਸ ਦੀ ਸੁਰੱਖਿਆ ਲਈ ਐਫਬੀਆਈ ਨਾਲ ਮਿਲਿਆ। ਉਹ ਆਪਣੇ ਭਰਾ ਦੀ ਸੁਰੱਖਿਆ ਲਈ, ਐਫਬੀਆਈ ਨੂੰ ਭਾਰਤ ਬਾਰੇ ਜਾਣਕਾਰੀ ਦਿੰਦਾ ਰਿਹਾ।

# ਅਮਰੀਕਾ ਵਿਚ 3 ਹਜ਼ਾਰ ਟ੍ਰਕਿੰਗ ਸਕੂਲਾਂ ਦੀ ਮਾਨਤਾ ਰੱਦ

## ਟਰੰਪ ਸਰਕਾਰ ਨੇ 4 ਹਜ਼ਾਰ ਸਕੂਲਾਂ ਅਤੇ ਟ੍ਰੇਨਰਾਂ ਨੂੰ ਦਿਤੀ ਚਿਤਾਵਨੀ

ਵਾਸ਼ਿੰਗਟਨ, 2 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਸੈਂਕੜੇ ਪੰਜਾਬੀਆਂ 'ਤੇ ਮੁੜ ਕਹਿਰ ਢਾਹੁੰਦਿਆਂ ਟਰੰਪ ਸਰਕਾਰ ਵੱਲੋਂ 3 ਹਜ਼ਾਰ ਟ੍ਰਕਿੰਗ ਸਕੂਲਜ਼ ਅਤੇ ਟ੍ਰੇਨਰਾਂ ਦੀ ਮਾਨਤਾ ਰੱਦ ਕਰਨ ਦਾ ਐਲਾਨ ਕੀਤਾ ਗਿਆ ਹੈ।



ਸਿਰਫ਼ ਇਥੇ ਹੀ ਬੱਸ ਨਹੀਂ, ਟਰੱਕ ਡਰਾਈਵਰਾਂ ਨੂੰ ਸਿਖਲਾਈ ਦੇਣ ਵਾਲੇ ਚਾਰ ਹਜ਼ਾਰ ਹੋਰਨਾਂ ਸਕੂਲਾਂ ਅਤੇ ਟ੍ਰੇਨਰਾਂ ਨੂੰ ਇੰਨ-ਬਿੰਨ ਕਾਰਵਾਈ ਦੀ ਚਿਤਾਵਨੀ ਵੀ ਦਿਤੀ ਗਈ ਹੈ। ਟ੍ਰਾਂਸਪੋਰਟੇਸ਼ਨ ਮੰਤਰੀ ਸ਼ੌਨ ਡਫ਼ੀ ਨੇ ਕਿਹਾ ਕਿ ਗੈਰਕਾਨੂੰਨੀ ਤੌਰ 'ਤੇ ਚੱਲ ਰਹੇ ਟ੍ਰੇਨਿੰਗ ਸਕੂਲ ਬਿਲਕੁਲ ਬਰਦਾਸ਼ਤ ਨਹੀਂ ਕੀਤੇ ਜਾਣਗੇ ਅਤੇ ਅਣਜਾਣ ਡਰਾਈਵਰ, ਟਰੱਕ ਜਾਂ ਸਕੂਲ ਬੱਸ ਦੇ ਸਟੀਅਰਿੰਗ 'ਤੇ ਨਹੀਂ ਬੈਠ ਸਕਦੇ। ਉਨ੍ਹਾਂ ਕਿਹਾ ਕਿ ਤਿੰਨ ਹਜ਼ਾਰ ਟ੍ਰਕਿੰਗ ਸਕੂਲਜ਼ ਅਤੇ ਟ੍ਰੇਨਰਜ਼ ਨੂੰ 30 ਦਿਨ ਦੇ ਅੰਦਰ ਫੈਡਰਲ ਸ਼ਰਤਾਂ 'ਤੇ ਖਰਾ ਉਤਰਨਾ ਹੋਵੇਗਾ ਅਤੇ ਅਜਿਹਾ ਹੋਣ 'ਤੇ ਹੀ ਉਨ੍ਹਾਂ ਦੀ ਮਾਨਤਾ ਬਚ ਸਕਦੀ ਹੈ। ਟ੍ਰਾਂਸਪੋਰਟ ਸੈਕਟਰ ਦੇ ਜਾਣਕਾਰਾਂ ਮੁਤਾਬਕ ਅਮਰੀਕਾ ਵਿਚ ਤਕਰੀਬਨ 16 ਹਜ਼ਾਰ ਟਰੱਕ ਡਰਾਈਵਿੰਗ ਟ੍ਰੇਨਿੰਗ ਸਕੂਲ ਚੱਲ ਰਹੇ ਹਨ ਜਿਨ੍ਹਾਂ ਵਿਚੋਂ 40 ਫ਼ੀ ਸਦੀ ਫੈਡਰਲ ਸਰਕਾਰ ਦੇ ਨਿਸ਼ਾਨੇ 'ਤੇ ਆ ਚੁੱਕੇ ਹਨ। ਪੰਜਾਬੀਆਂ ਦੀ ਮਾਲਕੀ ਵਾਲੇ ਟ੍ਰੇਨਿੰਗ ਸਕੂਲਾਂ ਦੀ ਸਭ ਤੋਂ ਵੱਧ ਗਿਣਤੀ ਕੈਲੇਫੋਰਨੀਆ ਵਿਚ ਦੱਸੀ ਜਾ ਰਹੀ ਹੈ ਅਤੇ ਸੂਬੇ ਦੇ ਗਵਰਨਰ ਨਾਲ ਪਹਿਲਾਂ ਹੀ ਡੌਨਲਡ ਟਰੰਪ ਦੀ ਬਿਲਕੁਲ ਨਹੀਂ ਬਣਦੀ। ਉਤਰੀ ਵਰਜੀਨੀਆ ਵਿਚ ਇਕ ਛੋਟੇ ਪੱਧਰ ਦੀ ਟ੍ਰਕਿੰਗ ਕੰਪਨੀ ਦੇ ਮਾਲਕ ਪਵਨ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਆਦਾਤਰ ਸਕੂਲ ਬਗੈਰ ਸਿਖਲਾਈ ਤੋਂ ਹੀ ਸਰਟੀਫ਼ਿਕੇਟ ਜਾਰੀ ਕਰ ਦਿੰਦੇ ਹਨ ਜਦਕਿ ਸਬੰਧਤ ਸ਼ਖਸ ਨੂੰ ਟਰੱਕ ਬਾਰੇ ਬੁਨਿਆਦੀ ਜਾਣਕਾਰੀ ਵੀ ਨਹੀਂ ਹੁੰਦੀ। ਪਵਨ ਸਿੰਘ ਨੇ ਕਿਹਾ ਕਿ ਅਮਰੀਕਾ ਵਿਚ ਜੰਮਿਆ ਟਰੱਕ ਡਰਾਈਵਰ ਵੀ ਹਾਈਵੇਅ ਤੋਂ ਲੰਘ ਰਹੇ ਲੋਕਾਂ ਵਾਸਤੇ ਖ਼ਤਰਾ ਪੈਦਾ ਕਰਦਾ ਹੈ ਜੇ ਉਸ ਨੂੰ ਬਣਦੀ ਸਿਖਲਾਈ ਨਾ ਮਿਲੀ ਹੋਵੇ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਕੈਲੇਫੋਰਨੀਆ ਵਿਚ 17 ਹਜ਼ਾਰ ਗੈਰਕਾਨੂੰਨੀ ਪ੍ਰਵਾਸੀਆਂ ਦੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਰੱਦ ਕੀਤੇ ਜਾ ਚੁੱਕੇ ਹਨ ਅਤੇ ਇਹ ਸਭ ਫ਼ੈਡਰਲ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਤਹਿਤ ਹੋਇਆ। ਚੇਤੇ ਰਹੇ ਕਿ ਬਾਇਡਨ ਸਰਕਾਰ ਨੇ 2021 ਵਿਚ ਸੂਬਾ ਸਰਕਾਰਾਂ ਨੂੰ ਵੱਧ ਤੋਂ ਵੱਧ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕਰਨ ਦੇ ਰਾਹ ਲੱਭਣ ਦਾ ਸੱਦਾ ਦਿਤਾ ਕਿਉਂਕਿ ਕੋਰੋਨਾ ਮਹਾਂਮਾਰੀ ਕਾਰਨ ਡਰਾਈਵਰਾਂ ਦੀ ਵੱਡੀ ਕਿੱਲਤ ਪੈਦਾ ਹੋ ਗਈ। ਫਰਵਰੀ 2022 ਵਿਚ ਡਰਾਈਵਿੰਗ ਟ੍ਰੇਨਿੰਗ ਅਤੇ ਟੈਸਟ ਸੈਂਟਰਾਂ ਨੂੰ ਆਪਣੇ ਪ੍ਰੋਗਰਾਮਾਂ ਨੂੰ ਖੁਦ ਤਸਦੀਕ ਕਰਨ ਦੀ ਇਜਾਜ਼ਤ ਦੇ ਦਿਤੀ ਗਈ। ਫ਼ੈਡਰਲ ਰਜਿਸਟਰੀ ਵਿਚ ਕਿਸੇ ਵੇਲੇ ਸੈਲਫ਼ ਰਜਿਸਟਰ੍ਡ ਟ੍ਰੇਨਿੰਗ ਸਕੂਲਾਂ ਦੀ ਗਿਣਤੀ 32 ਹਜ਼ਾਰ ਤੋਂ ਟੱਪ ਗਈ ਪਰ ਟਰੰਕ ਸਰਕਾਰ ਦਾ ਤਾਜ਼ਾ ਕਾਰਵਾਈ ਮਗਰੋਂ ਹਜ਼ਾਰਾਂ ਟ੍ਰੇਨਿੰਗ ਸਕੂਲ ਚੁੱਪ ਚੁਪੀਤੇ ਹੀ ਬੰਦ ਹੋ ਗਏ ਅਤੇ ਹੁਣ ਤਿੰਨ ਹਜ਼ਾਰ ਹੋਰਨਾਂ ਦੇ ਦਰਵਾਜ਼ੇ ਬੰਦ ਕਰ ਦਿਤੇ ਜਾਣਗੇ। ਟ੍ਰਾਂਸਪੋਰਟ ਸੈਕਟਰ ਦੇ ਮਾਹਰਾਂ ਮੁਤਾਬਕ ਸਿਰਫ਼ 30 ਦਿਨ ਦੇ ਅੰਦਰ ਟਰੰਪ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਬੇਹੱਦ ਮੁਸ਼ਕਲ ਹਨ ਅਤੇ ਟ੍ਰੇਨਿੰਗ ਸਕੂਲਾਂ ਨੂੰ ਬੰਦ ਕਰਨ ਦਾ ਸਿਰਫ਼ ਬਹਾਨਾ ਬਣਾਇਆ ਗਿਆ ਹੈ ਪਰ ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਦਾ ਕਹਿਣਾ ਹੈ ਕਿ ਕੈਲੇਫੋਰਨੀਆ ਵਰਗੇ ਰਾਜਾਂ ਵਿਚ ਵਿਦੇਸ਼ੀ ਨਾਗਰਿਕਾਂ ਨੂੰ ਸਰਾਸਰ ਗੈਰਕਾਨੂੰਨੀ ਤਰੀਕੇ ਨਾਲ ਲਾਇੰਸਸ ਜਾਰੀ ਕੀਤੇ ਗਏ।

ਜ਼ਿਆਦਾਤਰ ਡਰਾਈਵਰਾਂ ਨੂੰ ਚੰਗੀ ਤਰ੍ਹਾਂ ਅੰਗਰੇਜ਼ੀ ਵੀ ਨਹੀਂ ਆਉਂਦੀ ਅਤੇ ਅਮਰੀਕਾ ਦੇ ਹਾਈਵੇਜ਼ 'ਤੇ ਹੈਵੀ ਵ੍ਹੀਕਲ ਚਲਾਉਣ ਦੇ ਬਿਲਕੁਲ ਵੀ ਸਮਰੱਥ ਨਹੀਂ।

# ਅਮਰੀਕਾ 'ਚ ਭਾਰਤੀ ਮਾਲਕ ਦਾ ਸਿਰ ਵੱਢਣ ਵਾਲੇ ਨੂੰ ਸਜ਼ਾ-ਏ-ਮੌਤ ਨਹੀਂ

## ਸਰਕਾਰੀ ਵਕੀਲ ਦੇ ਪਿੱਛੇ ਹਟਣ ਮਗਰੋਂ ਹੋ ਸਕਦੀ ਹੈ ਉਮਰ ਕੈਦ

ਡੈਲਸ, 2 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਭਾਰਤੀ ਮਾਲਕ ਦਾ ਸਿਰ ਵੱਢਣ ਵਾਲੇ ਮੁਲਾਜ਼ਮ ਨੂੰ ਸਜ਼ਾ-ਏ-ਮੌਤ ਨਹੀਂ ਮਿਲੇਗੀ। ਜੀ ਹਾਂ, ਡੈਲਸ ਕਾਊਂਟੀ ਦੇ ਜ਼ਿਲ੍ਹਾ ਅਟਾਰਨੀ



ਨੇ ਦੱਸਿਆ ਕਿ ਉਹ ਕਤਲ ਦੇ ਮੁਲਜ਼ਮ ਯੌਰਡਾਨਿਸ ਕੋਬੋਜ਼ ਮਾਰਟੀਨੇਜ਼ ਵਾਸਤੇ ਮੌਤ ਦੀ ਸਜ਼ਾ ਨਹੀਂ ਮੰਗ ਰਹੇ ਜਿਸ ਦਾ ਸਿੱਧਾ ਮਤਲਬ ਇਹ ਨਿਕਲਦਾ ਹੈ ਕਿ ਦੋਸ਼ੀ ਕਰਾਰ ਦਿਤੇ ਜਾਣ 'ਤੇ ਮਾਰਟੀਨੇਜ਼ ਨੂੰ ਉਮਰ ਕੈਦ ਦੀ ਸਜ਼ਾ ਮਿਲੇਗੀ ਅਤੇ ਇਹ ਵੀ ਹੋ ਸਕਦਾ ਹੈ ਕਿ ਜੱਜ ਵੱਲੋਂ ਹੋਰ ਘੱਟ ਮਿਆਦ ਵਾਲੀ ਸਜ਼ਾ ਦਾ ਐਲਾਨ ਕਰ ਦਿਤਾ ਜਾਵੇ। ਚੇਤੇ ਰਹੇ ਕਿ 10 ਸਤੰਬਰ ਨੂੰ ਵਾਪਰੀ ਵਾਰਦਾਤ ਨੇ ਪੂਰੇ ਅਮਰੀਕਾ ਨੂੰ ਹਿਲਾ ਕੇ ਰੱਖ ਦਿਤਾ ਜਦੋਂ ਇਕ ਖਰਾਬ ਵਾਸ਼ਿੰਗ ਮਸ਼ੀਨ ਦੇ ਮਸਲੇ 'ਤੇ ਚੰਦਰਾਮੌਲੀ ਨਾਗਾਮਲਾਇਆ ਨੇ ਮਾਰਟੀਨੇਜ਼ ਨੂੰ ਝਿੜਕਿਆ। ਪੁਲਿਸ ਮੁਤਾਬਕ ਚੰਦਰਾਮੌਲੀ ਦੀਆਂ ਗੱਲਾਂ ਮਾਰਟੀਨੇਜ਼ ਨੂੰ ਚੁੱਭ ਗਈਆਂ ਅਤੇ ਉਸ ਨੇ ਇਕ ਤੇਜ਼ਧਾਰ ਹਥਿਆਰ ਲਿਆ ਕੇ ਚੰਦਰਮੌਲੀ ਦੀ ਪਤਨੀ ਅਤੇ ਬੇਟੇ ਸਾਹਮਣੇ ਉਸ ਦਾ ਸਿਰ, ਧੜ ਤੋਂ ਵੱਖ ਕਰ ਦਿਤਾ। ਸੀ.ਸੀ. ਟੀ.ਵੀ. ਫੁਟੇਜ ਵਿਚ ਮਾਰਟੀਨੇਜ਼, ਚੰਦਰਾਮੌਲੀ ਦੇ ਸਿਰ ਨੂੰ ਫੁੱਟਬਾਲ ਵਾਂਗ ਠੁੱਡੇ ਮਾਰਦਾ ਵੀ ਦੇਖਿਆ ਜਾ ਸਕਦਾ ਹੈ ਜਿਸ ਨੂੰ ਬਾਅਦ ਵਿਚ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਚੰਦਰਾਮੌਲੀ ਦੇ ਕਤਲ ਤੋਂ ਪਹਿਲਾਂ ਮਾਰਟੀਨੇਜ਼ ਨੇ ਅਮਰੀਕਾ ਦੇ ਕਈ ਰਾਜਾਂ ਵਿਚ ਵਾਰਦਾਤਾਂ ਕੀਤੀਆਂ ਜਿਨ੍ਹਾਂ ਵਿਚੋਂ ਕਈ ਵਿਚ ਦੋਸ਼ੀ ਠਹਿਰਾਇਆ ਗਿਆ ਜਦਕਿ ਕਈ ਵਿਚ ਬਰੀ ਹੋ ਗਿਆ। ਚੋਰੀ ਤੋਂ ਲੈ ਕੇ ਕਾਰਜੈਕਿੰਗ ਵਰਗੇ ਅਪਰਾਧ ਉਹ ਅਤੀਤ ਵਿਚ ਕਰ ਚੁੱਕਾ ਸੀ। ਚੰਦਰਾਮੌਲੀ ਦੇ ਮਸਲੇ ਨੇ ਡੌਨਲਡ ਟਰੰਪ ਦਾ ਧਿਆਨ ਵੀ ਖਿੱਚਿਆ ਅਤੇ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਸੁਣਾਏ ਜਾਣ ਦਾ ਸੱਦਾ ਦਿਤਾ। ਦੂਜੇ ਪਾਸੇ ਮਾਰਟੀਨੇਜ਼ ਦੀ ਮਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੋਸ਼ ਲਾਇਆ ਸੀ ਕਿ ਚੰਦਰਾਮੌਲੀ ਉਸ ਦੇ ਬੇਟੇ ਤੋਂ ਗੁਲਾਮਾਂ ਵਾਂਗ ਕੰਮ ਕਰਵਾਉਂਦਾ ਸੀ ਅਤੇ ਇਸੇ ਕਰ ਕੇ ਗੁੱਸਾ ਉਸ ਦੇ ਦਿਮਾਗ ਨੂੰ ਚੜ੍ਹ ਗਿਆ।

# ਇਮਰਾਨ 'ਮਾਨਸਿਕ ਤਸੀਹੇ' ਝੱਲ ਰਹੇ: ਉਜ਼ਮਾ

## ਸਾਬਕਾ ਪ੍ਰਧਾਨ ਮੰਤਰੀ ਨਾਲ ਜੇਲ੍ਹ ਵਿੱਚ ਮੁਲਾਕਾਤ ਮਗਰੋਂ ਭੈਣ ਦਾ ਦਾਅਵਾ

ਲਾਹੌਰ, 2 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਪਾਕਿਸਤਾਨ ਦੇ



ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਜ਼ਿੰਦਾ ਹਨ ਪਰ ਉਨ੍ਹਾਂ ਨੂੰ ਜੇਲ੍ਹ ਵਿੱਚ ਮਾਨਸਿਕ ਤਸੀਹੇ ਦਿੱਤੇ ਜਾ ਰਹੇ ਹਨ।

ਇਹ ਦਾਅਵਾ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ਵਿੱਚ ਇਮਰਾਨ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਦੀ ਭੈਣ ਡਾ. ਉਜ਼ਮਾ ਖਾਨ ਨੇ ਕੀਤਾ।ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਨੇ ਡਾ. ਉਜ਼ਮਾ ਖਾਨ ਦੀ ਸਾਬਕਾ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਇਮਰਾਨ ਖਾਨ ਨਾਲ ਮੁਲਾਕਾਤ ਤੋਂ ਬਾਅਦ ਜਾਰੀ ਬਿਆਨ ਵਿੱਚ ਕਿਹਾ ਕਿ ਖਾਨ ਨੂੰ ਇਕਾਂਤ 'ਚ ਕੈਦ ਰੱਖਿਆ ਗਿਆ ਹੈ ਅਤੇ ਉਨ੍ਹਾਂ ਨੂੰ ਮਾਨਸਿਕ ਤਸੀਹੇ ਦਿੱਤੇ ਜਾ ਰਹੇ ਹਨ। ਸ੍ਰੀ ਖਾਨ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਪੁਸ਼ਟੀ ਕੀਤੀ ਕਿ ਉਨ੍ਹਾਂ ਦੀ ਸਿਹਤ ਠੀਕ ਲੱਗ ਰਹੀ ਹੈ।

ਅਗਸਤ 2023 ਤੋਂ ਕਈ ਮਾਮਲਿਆਂ ਵਿੱਚ ਜੇਲ੍ਹ ਵਿੱਚ ਬੰਦ ਇਮਰਾਨ ਖਾਨ ਨੂੰ ਮਿਲਣ 'ਤੇ ਬੀਤੇ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਪਾਬੰਦੀ ਲੱਗੀ ਹੋਈ ਹੈ। ਪੀਟੀਆਈ ਦੇ ਬਾਨੀ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਲਗਾਤਾਰ ਮਿਲਣ ਤੋਂ ਰੋਕਣ ਕਾਰਨ ਸੋਸ਼ਲ ਮੀਡੀਆ 'ਤੇ ਇਹ ਕਿਆਸ ਲੱਗਣ ਲੱਗੇ ਸਨ ਕਿ ਉਹ ਜ਼ਿੰਦਾ ਹਨ ਜਾਂ ਮਰ ਚੁੱਕੇ ਹਨ। ਅਡਿਆਲਾ ਜੇਲ੍ਹ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਉਹ ਠੀਕ ਹਨ।

ਡਾ. ਉਜ਼ਮਾ ਖਾਨ ਦੀ ਇਮਰਾਨ ਖਾਨ ਨਾਲ ਮੁਲਾਕਾਤ ਦੇ ਮੱਦੇਨਜ਼ਰ ਰਾਵਲਪਿੰਡੀ ਅਤੇ ਇਸਲਾਮਾਬਾਦ ਵਿੱਚ ਧਾਰਾ 144 ਲਾਗੂ ਕਰ ਦਿੱਤੀ ਗਈ ਸੀ ਅਤੇ ਅਡਿਆਲਾ ਜੇਲ੍ਹ ਦੇ ਬਾਹਰ ਵੱਡੀ ਗਿਣਤੀ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ।

# ਕੈਨੇਡਾ ਵਿਚ ਪੰਜਾਬੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

## ਚਿਲੀਵੈਕ ਦੇ ਜਸਕਰਨ ਬੜਿੰਗ ਵਜੋਂ ਕੀਤੀ ਗਈ ਸ਼ਨਾਖ਼ਤ

ਵੈਨਕੂਵਰ, 2 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਦੇ ਸਰੀ ਵਿਖੇ ਸ਼ੁੱਕਰਵਾਰ ਨੂੰ ਗੋਲੀਆਂ ਮਾਰ ਕੇ ਕਤਲ ਕੀਤੇ 26 ਸਾਲਾ ਨੌਜਵਾਨ ਦੀ ਸ਼ਨਾਖ਼ਤ ਚਿਲੀਵੈਕ ਦੇ ਜਸਕਰਨ ਬੜਿੰਗ ਵਜੋਂ ਕੀਤੀ ਗਈ ਹੈ ਜੋ ਅਤੀਤ ਵਿਚ ਕਈ ਵਾਰ ਪੁਲਿਸ ਦੇ ਸੰਪਰਕ ਵਿਚ ਆਇਆ ਅਤੇ ਮੰਨਿਆ ਜਾ ਰਿਹਾ ਹੈ ਕਿ ਨਸ਼ਾ ਤਸਕਰੀ ਦੇ ਧੰਦੇ ਵਿਚ ਸ਼ਾਮਲ ਰਿਹਾ। ਮੁਢਲੀ ਪੜਤਾਲ ਦਰਸਾਉਂਦੀ ਹੈ ਕਿ ਜਸਕਰਨ ਬੜਿੰਗ ਨੂੰ ਸੋਚੀ-ਸਮਝੀ ਸਾਜ਼ਿਸ਼ ਤਹਿਤ ਨਿਸ਼ਾਨਾ ਬਣਾਇਆ ਗਿਆ। ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਦੱਸਿਆ ਕਿ ਗੋਲੀਬਾਰੀ ਦੀ ਵਾਰਦਾਤ ਤੋਂ ਤਕਰੀਬਨ 15 ਮਿੰਟ ਬਾਅਦ ਇਕ ਚਿੱਟੇ ਰੰਗ ਦਾ ਡੌਜ ਰੈਮ ਪਿਕਅੱਪ ਟਰੱਕ ਸਰੀ ਦੇ 115 ਐਵੇਨਿਊ ਅਤੇ 136 ਸਟ੍ਰੀਟ ਇਲਾਕੇ ਵਿਚ ਸੜਦਾ ਹੋਇਆ ਮਿਲਿਆ। ਆਈ ਹਿਟ ਦੇ ਜਾਂਚਕਰਤਾਵਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ 28 ਨਵੰਬਰ ਨੂੰ ਰਾਤ 9 ਵਜੇ ਤੋਂ ਅੱਧੀ ਰਾਤ 12 ਵਜੇ ਤੱਕ ਦੀ ਕੋਈ ਡੈਸ਼ਕੈਮ ਵੀਡੀਓ ਜਾਂ ਹੋਰ ਜਾਣਕਾਰੀ ਮੌਜੂਦ ਹੈ ਤਾਂ ਪੁਲਿਸ ਨਾਲ ਸਾਂਝੀ ਕੀਤੀ ਜਾਵੇ। ਇਥੇ ਦਸਣਾ ਬਣਦਾ ਹੈ ਕਿ ਆਰ.ਸੀ. ਐਮ.ਪੀ. ਦੇ ਸਰੀ ਪ੍ਰੋਵਿਨਸ਼ੀਅਲ ਆਪ੍ਰੇਸ਼ਨਜ਼ ਸਪੋਰਟ ਯੂਨਿਟ ਦੇ



ਅਫ਼ਸਰ 28 ਨਵੰਬਰ ਨੂੰ ਦੇਰ ਰਾਤ ਪੌਣੇ ਬਾਰਾਂ ਵਜੇ 152 ਸਟ੍ਰੀਟ ਅਤੇ 104 ਐਵੇਨਿਊ ਇਲਾਕੇ ਵਿਚ ਪੁੱਜੇ ਤਾਂ ਉਨ੍ਹਾਂ ਨੂੰ ਇਕ ਨੌਜਵਾਨ ਗੰਭੀਰ ਜ਼ਖਮੀ ਹਾਲਤ ਵਿਚ ਮਿਲਿਆ ਪਰ ਉਸ ਦੀ ਜ਼ਿੰਦਗੀ ਬਚਾਉਣ ਲਈ ਕੀਤੇ ਉਪਾਅ ਕਾਰਗਰ ਸਾਬਤ ਨਾ ਹੋਇਆ ਅਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ।

ਆਈ ਹਿਟ ਵੱਲੋਂ ਮਾਮਲੇ ਦੀ ਪੜਤਾਲ ਵਿਚ ਸਰੀ ਪੁਲਿਸ, ਇੰਟੈਗਰੇਟਿਡ ਫੌਰੈਂਸਿਕ ਆਇਡੈਂਟੀਫ਼ਿਕੇਸ਼ਨ ਸਰਵਿਸਿਜ਼ ਅਤੇ ਬੀ.ਸੀ ਕੌਰੋਨਰਜ਼ ਸਰਵਿਸ ਦਾ ਸਹਿਯੋਗ ਲਿਆ ਜਾ ਰਿਹਾ ਹੈ। ਦੱਸ ਦੇਈਏ ਕਿ ਗੈਂਗਵਾਰ ਵਰਗੀਆਂ ਘਟਨਾਵਾਂ ਦੌਰਾਨ ਪੰਜਾਬੀ ਨੌਜਵਾਨਾਂ ਦੀ ਮੌਤ ਨਾਲ ਸਬੰਧਤ ਵਾਰਦਾਤਾਂ ਲਗਾਤਾਰ ਵਾਪਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਤਰਨ ਪੰਧੇਰ ਨੂੰ ਬੀ.ਸੀ. ਦੇ ਲੈਂਗਲੀ ਵਿਖੇ ਨਿਸ਼ਾਨਾ ਬਣਾਇਆ ਗਿਆ ਜਦੋਂ ਉਹ ਇਕ ਟੈਕਸੀ ਵਿਚ ਜਾ ਰਿਹਾ ਸੀ। ਲੈਂਗਲੀ ਆਰ.ਸੀ.ਐਮ.ਪੀ. ਨੇ ਦੱਸਿਆ ਕਿ ਗੋਲੀਬਾਰੀ ਦੀ ਵਾਰਦਾਤ ਤੋਂ ਅੱਧੇ ਘੰਟੇ ਬਾਅਦ ਸਰੀ ਦੇ 13250 ਬਲਾਕ ਅਤੇ 64 ਏ ਐਵੇਨਿਊ ਵਿਖੇ ਇਕ ਗੱਡੀ ਸੜਦੀ ਹੋਈ ਮਿਲੀ ਜੋ ਤਰਨ ਪੰਧੇਰ ਦੇ ਕਾਤਲਾਂ ਨਾਲ ਸਬੰਧਤ ਮੰਨੀ ਗਈ। ਆਈ ਹਿਟ ਦੇ ਕਾਰਪੋਰਲ ਸੁੱਖੀ ਢੇਸੀ ਦਾ ਕਹਿਣਾ ਸੀ ਕਿ ਗਿਰੋਹਾਂ ਦੇ ਟਕਰਾਅ ਦਾ ਮਸਲਾ ਬੇਹੱਦ ਗੁੰਝਲਦਾਰ ਹੈ ਪਰ ਤਰਨ ਪੰਧੇਰ ਦੇ ਕਾਤਲਾਂ ਨੂੰ ਇਨਸਾਫ਼ ਦੇ ਕਟਹਿਰੇ ਵਿਚ ਲਿਆਉਣ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ। ਦੂਜੇ ਪਾਸੇ ਬਰਨਬੀ ਵਿਖੇ ਗੋਲੀਆਂ ਮਾਰ ਕੇ ਹਲਾਕ ਕੀਤੇ ਨੌਜਵਾਨ ਦੀ ਸ਼ਨਾਖਤ 34 ਸਾਲ ਦੇ ਸ਼ਾਹੇਬ ਅਬਾਸੀ ਵਜੋਂ ਕੀਤੀ ਗਈ ਹੈ ਅਤੇ ਇਹ ਮਾਮਲਾ ਵੀ ਬੀ.ਸੀ. ਵਿਚ ਗਿਰੋਹਾਂ ਦਰਮਿਆਨ ਚੱਲ ਰਹੇ ਟਕਰਾਅ ਦਾ ਨਤੀਜਾ ਹੋ ਸਕਦਾ ਹੈ।

# ਸੀ.ਆਰ.ਏ. ਵੱਲੋਂ ਨਵੀਆਂ ਇਨਕਮ ਟੈਕਸ ਦਰਾਂ ਦਾ ਐਲਾਨ

## ਰੁਜ਼ਗਾਰ ਬੀਮਾ ਦਰਾਂ ਵਿਚ ਵੀ ਹੋਵੇਗੀ ਤਬਦੀਲੀ

ਟੋਰਾਂਟੋ, 2 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਾਲਿਆਂ ਦੇ ਇਨਕਮ ਟੈਕਸ ਵਿਚ ਅਗਲੇ ਵਰ੍ਹੇ



ਤੋਂ ਤਬਦੀਲੀਆਂ ਹੋ ਰਹੀਆਂ ਹਨ ਅਤੇ ਸੀ.ਆਰ.ਏ. ਵੱਲੋਂ 2026 ਲਈ ਨਵੀਆਂ ਦਰਾਂ ਦਾ ਐਲਾਨ ਕੀਤਾ ਗਿਆ ਹੈ। 58,523 ਡਾਲਰ ਸਾਲਾਨਾ ਤੋਂ ਘੱਟ ਆਮਦਨ ਵਾਲਿਆਂ ਨੂੰ 14 ਫੀ ਸਦੀ ਟੈਕਸ ਦੇਣਾ ਹੋਵੇਗਾ ਜਦਕਿ 58,523 ਡਾਲਰ ਤੋਂ ਇਕ ਲੱਖ 17 ਹਜ਼ਾਰ 45 ਡਾਲਰ ਤੱਕ ਦੀ ਸਾਲਾਨਾ ਆਮਦਨ 'ਤੇ 20.5 ਫ਼ੀ ਸਦੀ ਟੈਕਸ ਕਟੌਤੀ ਹੋਵੇਗੀ। ਇਸੇ ਤਰ੍ਹਾਂ 1 ਲੱਖ 17 ਹਜ਼ਾਰ 45 ਡਾਲਰ ਤੋਂ 1 ਲੱਖ 81 ਹਜ਼ਾਰ 440 ਡਾਲਰ ਤੱਕ ਦੀ ਸਾਲਾਨਾ ਆਮਦਨ 'ਤੇ 26 ਫ਼ੀ ਸਦੀ ਟੈਕਸ ਲਾਗੂ ਕੀਤਾ ਜਾਵੇਗਾ ਜਦਕਿ 1 ਲੱਖ 81 ਹਜ਼ਾਰ 440 ਡਾਲਰ ਤੋਂ 2 ਲੱਖ 58 ਹਜ਼ਾਰ 482 ਡਾਲਰ ਦੀ ਆਮਦਨ 'ਤੇ ਟੈਕਸ ਦਰ 29 ਫ਼ੀ ਸਦੀ ਹੋਵੇਗੀ।

2 ਲੱਖ 58 ਹਜ਼ਾਰ 482 ਡਾਲਰ ਸਾਲਾਨਾ ਤੋਂ ਵੱਧ ਆਮਦਨ ਵਾਲਿਆਂ ਤੋਂ 33 ਫ਼ੀ ਸਦੀ ਦੇ ਹਿਸਾਬ ਨਾਲ ਟੈਕਸ ਵਸੂਲ ਕੀਤੇ ਜਾਣ ਦੀ ਯੋਜਨਾ ਐਲਾਨੀ ਗਈ ਹੈ। ਦੂਜੇ ਪਾਸੇ 13 ਰਾਜਾਂ ਅਤੇ ਟੈਰੇਟ੍ਰੀਜ਼ ਦੀਆਂ ਟੈਕਸ ਦਰਾਂ ਵੱਖਰੇ ਤੌਰ 'ਤੇ ਲਾਗੂ ਹੋਣਗੀਆਂ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ 2026 ਦੌਰਾਨ 1 ਲੱਖ 81 ਹਜ਼ਾਰ 400 ਡਾਲਰ ਜਾਂ ਇਸ ਤੋਂ ਘੱਟ ਆਮਦਨ ਵਾਲਿਆਂ ਨੂੰ ਟੈਕਸ ਦੇ ਰੂਪ ਵਿਚ 16,452 ਡਾਲਰ ਅਦਾ ਕਰਨੇ ਹੋਣਗੇ ਪਰ 2,303 ਡਾਲਰ ਦਾ ਟੈਕਸ ਕ੍ਰੈਡਿਟ ਵੀ ਮਿਲੇਗਾ। ਨਵੀਆਂ ਦਰਾਂ 1 ਜਨਵਰੀ 2026 ਤੋਂ ਲਾਗੂ ਹੋਣਗੀਆਂ ਜਦਕਿ ਗੁਡਜ਼ ਐਂਡ ਸਰਵਿਸਿਜ਼ ਟੈਕਸ ਕ੍ਰੈਡਿਟ, ਕੈਨੇਡਾ ਚਾਈਲਡ ਬੈਨੇਫਿਟ ਅਤੇ ਚਾਈਲਡ ਡਿਸਐਬੀਲਿਟੀ ਬੈਨੇਫ਼ਿਟ ਦੇ ਮਾਮਲੇ ਵਿਚ ਦਰਾਂ 1 ਜੁਲਾਈ 2026 ਤੋਂ ਲਾਗੂ ਕੀਤੀਆਂ ਜਾ ਰਹੀਆਂ ਹਨ। ਆਰਥਿਕ ਮਾਹਰਾਂ ਮੁਤਾਬਕ ਰੁਜ਼ਗਾਰ ਬੀਮੇ ਦੇ ਪ੍ਰੀਮੀਅਮ ਵਿਚ ਵੀ ਤਬਦੀਲੀ ਆਵੇਗੀ ਅਤੇ ਇੰਪਲੌਇਰਜ਼ ਦਾ ਯੋਗਦਾਨ 2.28 ਫ਼ੀ ਸਦੀ ਜਾਂ ਵੱਧ ਤੋਂ ਵੱਧ 1,572 ਡਾਲਰ ਸਾਲਾਨਾ ਹੋਵੇਗਾ।

# ਕੈਨੇਡਾ ਦੇ ਮਨਦੀਪ ਕੌਰ ਕਤਲ ਕਾਂਡ ਵਿਚ ਆਇਆ ਨਵਾਂ ਮੋੜ

## 22 ਅਕਤੂਬਰ ਨੂੰ ਵੀ ਜਾਨੋਂ ਮਾਰਨ ਦਾ ਕੀਤਾ ਗਿਆ ਯਤਨ

ਡੈਲਟਾ, 2 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਦੇ ਮਨਦੀਪ ਕੌਰ ਕਤਲਕਾਂਡ ਬਾਰੇ ਹੈਰਾਨਕੁੰਨ ਤੱਥ ਉਭਰ ਕੇ ਸਾਹਮਣੇ ਆ ਰਹੇ ਹਨ ਅਤੇ ਪੀੜਤ ਪਰਵਾਰ ਨਾਲ ਸਬੰਧਤ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ 26 ਅਕਤੂਬਰ ਤੋਂ ਪਹਿਲਾਂ 22 ਅਕਤੂਬਰ ਨੂੰ ਵੀ ਮਨਦੀਪ ਕੌਰ ਦਾ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਸਾਜ਼ਿਸ਼ਘਾੜੇ ਕਾਮਯਾਬ ਨਾ ਹੋ ਸਕੇ। 22 ਅਕਤੂਬਰ ਵਾਲੇ ਹਾਦਸੇ ਦੌਰਾਨ ਮਨਦੀਪ ਕੌਰ ਦੀ ਗੱਡੀ ਨੂੰ ਮਾਮੂਲੀ ਤੌਰ 'ਤੇ ਨੁਕਸਾਨ ਪੁੱਜਾ ਪਰ ਇਹ ਇਕ ਡੂੰਘੀ ਸਾਜ਼ਿਸ਼ ਦਾ ਹਿੱਸਾ ਸੀ। ਦੂਜੇ ਪਾਸੇ ਮਨਦੀਪ ਕੌਰ ਦੇ ਨਵੇਂ ਸੱਸ-ਸਹੁਰਾ 11 ਅਕਤੂਬਰ ਨੂੰ ਹੀ ਕੈਨੇਡਾ ਪੁੱਜੇ ਸਨ ਅਤੇ 26 ਅਕਤੂਬਰ ਨੂੰ ਵਾਰਦਾਤ ਸਾਹਮਣੇ ਆ ਗਈ। ਮਨਦੀਪ ਕੌਰ, ਉਸ ਦਾ ਦੂਜਾ ਪਤੀ ਅਨਮੋਲ ਸਿੰਘ, ਦਿਉਰ ਗੁਰਜੋਤ ਸਿੰਘ ਅਤੇ ਸੱਸ-ਸਹੁਰਾ ਡੈਲਟਾ ਦੇ ਇਕੋ ਮਕਾਨ ਵਿਚ ਰਹਿ ਰਹੇ ਸਨ। ਹੁਣ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖਰਕਾਰ ਮਨਦੀਪ ਕੌਰ ਦਾ ਕਤਲ ਕਿਉਂ ਕੀਤਾ ਗਿਆ ਜਦਕਿ ਇਸੇ ਵਰ੍ਹੇ ਦੀ 7 ਮਾਰਚ ਨੂੰ ਅਨਮੋਲ ਸਿੰਘ ਨਾਲ ਉਸ ਦਾ ਵਿਆਹ ਗੱਜ-ਵੱਜ ਕੇ ਹੋਇਆ। ਮੀਡੀਆ ਰਿਪੋਰਟ ਮੁਤਾਬਕ ਕਹਾਣੀ 2018 ਤੋਂ ਸ਼ੁਰੂ ਹੁੰਦੀ ਹੈ ਜਦੋਂ ਮਨਦੀਪ ਕੌਰ ਨੇ ਮਾਪਿਆਂ ਕੋਲ ਵਿਦੇਸ਼ ਜਾਣ ਦੀ ਇੱਛਾ ਜ਼ਾਹਰ ਕੀਤੀ ਪਰ ਪਿਤਾ ਕੋਲ ਐਨੀ ਆਰਥਿਕ ਗੁੰਜਾਇਸ਼ ਨਹੀਂ ਸੀ। ਜਗਦੇਵ ਸਿੰਘ ਨੇ ਬੇਟੀ ਦਾ ਰਿਸ਼ਤਾ ਕਰ ਦਿਤਾ ਅਤੇ ਸਹੁਰੇ ਪਰਵਾਰ ਨੇ ਪੜ੍ਹਾਈ ਦਾ ਖਰਚਾ ਚੁਕਦਿਆਂ ਉਸ ਨੂੰ ਕੈਨੇਡਾ ਭੇਜ ਦਿਤਾ। ਕੈਨੇਡਾ ਪੁੱਜਣ ਮਗਰੋਂ ਮਨਦੀਪ ਕੌਰ ਨੇ ਆਪਣੇ ਪਤੀ ਨੂੰ ਕੈਨੇਡਾ ਸੱਦਿਆ ਅਤੇ ਸੱਸ-ਸਹੁਰਾ ਵੀ ਉਥੇ ਪੁੱਜ ਗਏ ਪਰ ਇਸੇ ਦੌਰਾਨ ਮਨਦੀਪ ਕੌਰ ਦਾ ਤਲਾਕ ਹੋ ਗਿਆ। ਇਸ ਮਗਰੋਂ ਮਨਦੀਪ ਕੌਰ ਨੇ ਆਪਣੇ ਭਰਾ ਹੈਰੀ ਨੂੰ ਸਟੱਡੀ ਵੀਜ਼ਾ 'ਤੇ ਕੈਨੇਡਾ ਸੱਦ ਲਿਆ ਅਤੇ ਕੁਝ ਸਮੇਂ ਬਾਅਦ ਪਿਤਾ ਜਗਦੇਵ ਸਿੰਘ ਵਰਕ ਪਰਮਿਟ 'ਤੇ ਕੈਨੇਡਾ ਪੁੱਜ ਗਏ। ਮਨਦੀਪ ਕੌਰ ਦੇ ਪਿੰਡ ਗੁੱਜਰਵਾਲ ਨਾਲ ਸਬੰਧਤ ਰਿਸ਼ਤੇਦਾਰਾਂ ਮੁਤਾਬਕ ਕੈਨੇਡਾ ਵਿਚ ਨੌਕਰੀ ਦੌਰਾਨ ਉਸ ਦੀ ਮੁਲਾਕਾਤ ਅਨਮੋਲ ਸਿੰਘ ਨਾਲ ਹੋਈ। ਅਨਮੋਲ ਸਿੰਘ ਸਿੱਧਵਾਂ ਬੇਟ ਦੇ ਪਿੰਡ ਲੋਧੀਵਾਲ ਨਾਲ ਸਬੰਧਤ ਹੈ। ਦੋਹਾਂ ਨੇ ਪਹਿਲਾਂ ਲੁਧਿਆਣਾ ਵਿਖੇ ਮੰਗਣੀ ਕਰਨ ਦੀ ਯੋਜਨਾ ਬਣਾਈ ਗਈ ਪਰ ਇਸੇ ਦੌਰਾਨ ਵਿਆਹ ਦਾ ਪ੍ਰੋਗਰਾਮ ਬਣ ਗਿਆ। ਵਿਆਹ ਤੋਂ 15 ਦਿਨ ਦੋਵੇਂ ਕੈਨੇਡਾ ਵਾਪਸ ਆ ਗਏ ਅਤੇ ਨਾਲ ਹੀ ਗੁਰਜੋਤ ਸਿੰਘ ਵੀ ਪੁੱਜ ਗਿਆ। ਵਿਆਹ ਮਗਰੋਂ ਮਨਦੀਪ ਕੌਰ ਬਹੁਤ ਖੁਸ਼ ਸੀ ਅਤੇ ਦੋਹਾਂ ਪਰਵਾਰਾਂ ਵਿਚ ਵੀ ਖੁਸ਼ੀ ਦਾ ਮਾਹੌਲ ਨਜ਼ਰ ਆਇਆ ਪਰ ਅਚਨਚੇਤ ਵਾਪਰੇ ਘਟਨਾਕ੍ਰਮ ਨੇ ਸਭ ਕੁਝ ਖੇਰੂੰ-ਖੇਰੂੰ ਕਰ ਦਿਤਾ।



# ਕੀ ਭਾਰਤ 'ਚ ਹੋਵੇਗੀ ਰੂਸੀ ਰਾਸ਼ਟਰਪਤੀ ਦੀ ਗ੍ਰਿਫ਼ਤਾਰੀ?

## ਕੀ ਐ ਪੂਰਾ ਮਾਮਲਾ ਅਤੇ ਕਿਸ ਰਸਤੇ ਭਾਰਤ ਆਉਣਗੇ ਪੁਤਿਨ?

ਮਾਸਕੋ, 2 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਦੋ ਦਿਨਾ ਭਾਰਤ ਦੌਰੇ 'ਤੇ ਆ ਰਹੇ ਨੇ ਜਦਕਿ ਪਿਛਲੇ ਹੀ ਹਫ਼ਤੇ ਉਨ੍ਹਾਂ ਨੇ ਸਾਊਥ ਅਫ਼ਰੀਕਾ ਵਿਚ ਹੋਈ ਜੀ-20 ਸਮਿਟ ਵਿਚ ਜਾਣ ਤੋਂ ਮਨ੍ਹਾਂ ਕਰ ਦਿੱਤਾ ਸੀ, ਜੁਲਾਈ 2025 ਵਿਚ ਬ੍ਰਾਜ਼ੀਲ ਅਤੇ 2023 ਵਿਚ ਸਾਊਥ ਅਫ਼ਰੀਕਾ ਵਿਚ ਹੋਈ ਬ੍ਰਿਕਸ ਦੀ ਮੀਟਿੰਗ ਵਿਚ ਵੀ ਉਹ ਸ਼ਾਮਲ ਨਹੀਂ ਸੀ ਹੋਏ,,, ਕਾਰਨ ਐ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਯਾਨੀ ਆਈਸੀਸੀ ਵੱਲੋਂ ਜਾਰੀ ਕੀਤੇ ਗ੍ਰਿਫ਼ਤਾਰੀ ਵਾਰੰਟ,,, ਇਸੇ ਕਰਕੇ ਉਨ੍ਹਾਂ ਆਪਣੀਆਂ ਵਿਦੇਸ਼ ਯਾਤਰਾਵਾਂ ਘਟਾਈਆਂ ਹੋਈਆਂ ਨੇ, ਪਰ ਵੱਡਾ ਸਵਾਲ ਇਹ ਹੈ, ਕੀ ਪੁਤਿਨ ਨੂੰ ਭਾਰਤ ਵਿਚ ਗ੍ਰਿਫ਼ਤਾਰੀ ਦਾ ਕੋਈ ਡਰ ਨਹੀਂ? ਸੋ ਆਓ ਤੁਹਾਨੂੰ ਦੱਸਦੇ ਆਂ, ਕੀ ਐ ਆਈਸੀਸੀ, ਕਿਉਂ ਜਾਰੀ ਹੋਇਆ ਪੁਤਿਨ ਦਾ ਵਾਰੰਟ ਅਤੇ ਭਾਰਤ ਨੂੰ ਕੀ ਹੋਵੇਗਾ ਪੁਤਿਨ ਦੇ ਆਉਣ ਦਾ ਫ਼ਾਇਦਾ?

ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਪੂਰੇ ਚਾਰ ਸਾਲਾਂ ਮਗਰੋਂ 4 ਤੋਂ 5 ਦਸੰਬਰ ਤੱਕ ਦੋ ਦਿਨਾਂ ਭਾਰਤ ਯਾਤਰਾ 'ਤੇ ਆ ਰਹੇ ਨੇ,, ਉਹ 23ਵੇਂ ਭਾਰਤ-ਰੂਸ ਸਾਲਾਨਾ ਸ਼ਿਖ਼ਰ ਸੰਮੇਲਨ ਵਿਚ ਸ਼ਾਮਲ ਹੋਣਗੇ। ਉਨ੍ਹਾਂ ਦੀ ਇਹ ਸਰਕਾਰੀ ਯਾਤਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਹੋ ਰਹੀ ਐ, ਜੋ ਭਾਰਤ-ਰੂਸ ਦੇ ਮਜ਼ਬੂਤ ਰਿਸ਼ਤਿਆਂ ਨੂੰ ਦਰਸਾਉਂਦੀ ਐ। ਦਰਅਸਲ ਰੂਸੀ ਰਾਸ਼ਟਰਪਤੀ ਪੁਤਿਨ ਨੇ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਵੱਲੋਂ ਜਾਰੀ ਕੀਤੇ ਵਾਰੰਟ ਤੋਂ ਬਾਅਦ ਆਪਣੇ ਵਿਦੇਸ਼ ਦੌਰੇ ਸੀਮਤ ਕੀਤੇ ਹੋਏ ਨੇ, ਉਹ ਸਿਰਫ਼ ਉਨ੍ਹਾਂ ਦੇਸ਼ਾਂ ਵਿਚ ਹੀ ਜਾਂਦੇ ਨੇ, ਜੋ ਉਨ੍ਹਾਂ ਦੇ ਬੇਹੱਦ ਕਰੀਬੀ ਨੇ ਅਤੇ ਆਈਸੀਸੀ ਦੇ ਮੈਂਬਰ ਨਹੀਂ। ਭਾਰਤ ਵੀ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਐ। ਦਰਅਸਲ ਆਈਸੀਸੀ ਨੇ ਯੂਕ੍ਰੇਨ ਵਿਚ ਕਥਿਤ ਯੁੱਧ ਅਪਰਾਧਾਂ ਦੇ ਦੋਸ਼ ਵਿਚ ਰੂਸੀ ਰਾਸ਼ਟਰਪਤੀ ਪੁਤਿਨ ਦੇ ਖ਼ਿਲਾਫ਼ ਇਹ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ।

ਹੁਣ ਜਾਣਦੇ ਆਂ, ਕੀ ਐ ਆਈਸੀਸੀ?

ਆਈਸੀਸੀ ਯਾਨੀ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ,, ਜਿਸ ਦੀ ਸਥਾਪਨਾ ਸਾਲ 2002 ਵਿਚ ਹੋਈ ਸੀ। ਇਹ ਵਿਸ਼ਵ ਪੱਧਰੀ ਅਦਾਲਤ ਨੀਦਰਲੈਂਡ ਦੇ ਹੇਗ ਵਿਚ ਸਥਿਤ ਐ, ਜਿਸ ਦੇ ਕੋਲ ਦੁਨੀਆ ਦੇ ਨੇਤਾਵਾਂ ਅਤੇ ਹੋਰ ਵਿਅਕਤੀਆਂ 'ਤੇ ਕੌਮਾਂਤਰੀ ਸਮਾਜ ਦੀ ਨਜ਼ਰ ਵਿਚ ਸਭ ਤੋਂ ਗੰਭੀਰ ਅਪਰਾਧਾਂ ਦੇ ਲਈ ਮੁਕੱਦਮਾ ਚਲਾਉਣ ਦੀ ਤਾਕਤ ਐ। ਇਹ ਮਨੁੱਖੀ ਕਤਲੇਆਮ, ਯੁੱਧ ਅਪਰਾਧ, ਮਨੁੱਖਤਾ ਦੇ ਖ਼ਿਲਾਫ਼ ਅਪਰਾਧ ਅਤੇ ਹਮਲਿਆਂ ਵਰਗੇ ਦੋਸ਼ਾਂ ਦੀ ਜਾਂਚ ਕਰਦੀ ਐ ਅਤੇ ਲੋੜ ਪੈਣ 'ਤੇ ਗ੍ਰਿਫ਼ਤਾਰੀ ਵਾਰੰਟ ਵੀ ਜਾਰੀ ਕਰ ਸਕਦੀ ਐ। ਆਈਸੀਸੀ ਨੇ ਮਾਰਚ 2023 ਵਿਚ ਪੁਤਿਨ ਦੇ ਖ਼ਿਲਾਫ਼ ਕਥਿਤ ਯੁੱਧ ਅਪਰਾਧਾਂ ਦੇ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ ਪਰ ਗ੍ਰਿਫ਼ਤਾਰੀ ਵਾਰੰਟ ਦੇ ਬਾਵਜੂਦ ਪੁਤਿਨ ਨੂੰ ਕਿਸੇ ਦੂਜੇ ਦੇਸ਼ ਵਿਚ ਹਿਰਾਸਤ ਵਿਚ ਲਏ ਜਾਣ ਦੀ ਸੰਭਾਵਨਾ ਬਹੁਤ ਘੱਟ ਐ ਕਿਉਂਕਿ ਰੂਸ ਅਤੇ ਯੂਕ੍ਰੇਨ ਤੋਂ ਇਲਾਵਾ ਹੋਰ ਬਹੁਤ ਸਾਰੇ ਵੱਡੇ ਦੇਸ਼ ਆਈਸੀਸੀ ਦੇ ਮੈਂਬਰ ਨਹੀਂ। ਵਾਰੰਟ ਜਾਰੀ ਹੋਣ ਤੋਂ ਬਾਅਦ ਰੂਸੀ ਸਰਕਾਰ ਦੇ ਬੁਲਾਰੇ ਪੇਸਕੋਵ ਨੇ ਆਖਿਆ ਕਿ ਰੂਸ ਕਈ ਹੋਰ ਦੇਸ਼ਾਂ ਦੀ ਤਰ੍ਹਾਂ ਇਸ ਅਦਾਲਤ ਦੇ ਅਧਿਕਾਰ ਖੇਤਰ ਨੂੰ ਮਾਨਤਾ ਨਹੀਂ ਦਿੰਦਾ। ਇਸ ਲਈ ਕਾਨੂੰਨੀ ਤੌਰ 'ਤੇ ਇਸ ਅਦਾਲਤ ਦੇ ਕਿਸੇ ਵੀ ਫ਼ੈਸਲੇ ਦਾ ਰੂਸੀ ਸੰਘ ਦੇ ਲਈ ਕੋਈ ਮਹੱਤਵ ਨਹੀਂ ਐ। ਭਾਰਤ ਵੀ ਆਈਸੀਸੀ ਦਾ ਹਿੱਸਾ ਨਹੀਂ ਅਤੇ ਨਾ ਹੀ ਨਵੀਂ ਦਿੱਲੀ ਨੇ ਇਸ ਮੁੱਖ ਸਮਝੌਤੇ 'ਤੇ ਦਸਤਖ਼ਤ ਕੀਤੇ ਨੇ। ਇਸ ਲਈ ਭਾਰਤ ਵਾਸਤੇ ਇਸ ਦੀਆਂ ਸ਼ਰਤਾਂ ਦਾ ਪਾਲਣ ਕਰਨਾ ਲਾਜ਼ਮੀ ਨਹੀਂ। ਜੇਕਰ ਭਾਰਤ ਆਈਸੀਸੀ ਦਾ ਮੈਂਬਰ ਹੁੰਦਾ ਤਾਂ ਵੀ ਉਸ ਦੇ ਲਈ ਇਸ ਦੇ ਆਦੇਸ਼ ਦੀ ਪਾਲਣਾ ਕਰਨਾ ਕੋਈ ਜ਼ਰੂਰੀ ਨਹੀਂ ਸੀ ਕਿਉਂਕਿ ਇਹ ਵਾਰੰਟ ਸਾਰੇ ਦੇਸ਼ਾਂ ਲਈ ਸਿਰਫ਼ ਇਕ ਸਲਾਹ ਦੀ ਤਰ੍ਹਾਂ ਹੁੰਦੈ,, ਦੇਸ਼ ਆਪਣੇ ਫ਼ਾਇਦੇ ਨੁਕਸਾਨ ਦੇਖ ਕੇ ਇਸ ਦੀ ਪਾਲਣਾ ਕਰਦੇ ਨੇ।



ਰਾਸ਼ਟਰਪਤੀ ਪੁਤਿਨ ਨੂੰ ਆਈਸੀਸੀ ਦੇ ਗ੍ਰਿਫ਼ਤਾਰੀ ਵਾਰੰਟ ਦਾ ਪੂਰਾ ਡਰ ਸਤਾ ਰਿਹਾ ਏ,, ਜਿਸ ਕਰਕੇ ਆਈਸੀਸੀ ਦੇ ਮੈਂਬਰ ਦੇਸ਼ ਦੀ ਯਾਤਰਾ ਕਰਨਾ ਤਾਂ ਇਕ ਪਾਸੇ,, ਬਲਕਿ ਉਹ ਅਜਿਹੇ ਕਿਸੇ ਦੇਸ਼ ਦੇ ਸਪੇਸ ਖੇਤਰ ਵਿਚ ਵੀ ਦਾਖ਼ਲ ਨਹੀਂ ਹੁੰਦੇ,, ਜੋ ਆਈਸੀਸੀ ਦਾ ਮੈਂਬਰ ਹੋਵੇ। ਹੁਣ ਵੱਡਾ ਸਵਾਲ ਇਹ ਐ ਕਿ ਆਖ਼ਰਕਾਰ ਫਿਰ ਰੂਸੀ ਰਾਸ਼ਟਰਪਤੀ ਕਿਹੜੇ ਰੂਟ ਜ਼ਰੀਏ ਭਾਰਤ ਆਉਣਗੇ?

ਮਾਸਕੋ ਦੇ ਸ਼ੇਰੇਮੇਤਯੇਵੋ ਹਵਾਈ ਅੱਡੇ ਤੋਂ ਦਿੱਲੀ ਇੰਦਰਾ ਗਾਂਧੀ ਹਵਾਈ ਅੱਡੇ ਤੱਕ, ਜਿਹੜੇ 6 ਰੂਟਾਂ ਜ਼ਰੀਏ ਪੁਤਿਨ ਭਾਰਤ ਆ ਸਕਦੇ ਨੇ,,,ਆਓ ਇਕ ਵਾਰ ਉਨ੍ਹਾਂ 'ਤੇ ਇਕ ਨਜ਼ਰ ਮਾਰ ਲੈਨੇ ਆਂ।

ਕਿਹੜੇ ਰੂਟਾਂ ਜ਼ਰੀਏ ਭਾਰਤ ਆ ਸਕਦੇ ਨੇ ਪੁਤਿਨ?

ਰੂਟ ਨੰਬਰ 1 : ਪੁਤਿਨ ਰੂਸ ਤੋਂ ਵਾਇਆ ਤਹਿਰਾਨ ਭਾਰਤ ਆ ਸਕਦੇ ਨੇ।

ਰੂਟ ਨੰਬਰ 2 : ਰੂਸ ਤੋਂ ਅਜ਼ਰਬੈਜਾਨ ਦੇ ਬਾਕੂ ਜ਼ਰੀਏ

ਰੂਟ ਨੰਬਰ 3 : ਰੂਸ ਤੋਂ ਕਾਬੁਲ ਦੇ ਰਸਤੇ

ਰੂਟ ਨੰਬਰ 4 : ਉਜ਼ਬੇਕਿਸਤਾਨ ਦੇ ਤਾਸ਼ਕੰਦ ਤੋਂ ਦਿੱਲੀ ਰੂਟ ਜ਼ਰੀਏ

ਰੂਟ ਨੰਬਰ 5 : ਕਜ਼ਾਕਿਸਤਾਨ ਦੇ ਅਲਮਾਟੀ ਦੇ ਰੂਟ ਦੇ ਰਸਤੇ

ਰੂਟ ਨੰਬਰ 6 : ਪੁਤਿਨ ਰੂਸ ਤੋਂ ਡਾਇਰੈਕਟ ਰੂਟ ਜ਼ਰੀਏ ਵੀ ਦਿੱਲੀ ਆ ਸਕਦੇ ਨੇ।

ਹੁਣ ਜਾਣਦੇ ਆਂ, ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਦੇ ਆਉਣ ਨਾਲ ਭਾਰਤ ਨੂੰ ਕੀ ਫ਼ਾਇਦਾ ਹੋਵੇਗਾ?

- ਭਾਰਤ-ਰੂਸ ਵਿਚਾਲੇ ਡਿਫੈਂਸ, ਐਨਰਜੀ ਵਰਗੇ ਵੱਡੇ ਮੁੱਦਿਆਂ 'ਤੇ ਡੀਲ ਹੋ ਸਕਦੀ ਐ।
- ਪੁਤਿਨ 1.3 ਲੱਖ ਕਰੋੜ ਦੇ ਰੱਖਿਆ ਸੌਦਿਆਂ ਦੀ ਪੇਸ਼ਕਸ਼ ਕਰਨਗੇ।
- ਅਪਰੇਸ਼ਨ ਸਿੰਧੂਰ ਮਗਰੋਂ ਭਾਰਤ, ਰੂਸ ਕੋਲੋਂ 5 ਹੋਰ ਏਅਰ ਡਿਫੈਂਸ ਸਿਸਟਮ ਐਸ-400 ਖ਼ਰੀਦ ਸਕਦਾ ਹੈ।
- ਭਾਰਤ ਅਤੇ ਰੂਸ ਵਿਚਾਲੇ ਸੁਖੋਈ-57 ਦੀਆਂ ਦੋ ਸਕਵਾਇਰਡਨ ਖ਼ਰੀਦਣ 'ਤੇ ਵੀ ਗੱਲਬਾਤ ਹੋ ਸਕਦੀ ਹੈ।
- ਦੋਵੇਂ ਦੇਸ਼ਾਂ ਵਿਚਾਲੇ ਕਰੂਡ ਆਇਲ ਡੀਲ, ਫ੍ਰੀ ਟ੍ਰੇਡ ਐਗਰੀਮੈਂਟ 'ਤੇ ਵੀ ਗੱਲਬਾਤ ਹੋ ਸਕਦੀ ਹੈ।

ਦੱਸ ਦਈਏ ਕਿ ਭਾਰਤ ਪਹਿਲਾਂ ਵੀ ਅਜਿਹੇ ਕਈ ਨੇਤਾਵਾਂ ਦੀ ਮੇਜ਼ਬਾਨੀ ਕਰ ਚੁੱਕਿਆ ਏ, ਜਿਨ੍ਹਾਂ ਦੇ ਖ਼ਿਲਾਫ਼ ਆਈਸੀਸੀ ਦੀ ਕੋਈ ਕਾਰਵਾਈ ਚੱਲ ਰਹੀ ਸੀ। ਸਾਲ 2015 ਵਿਚ ਸੂਡਾਨ ਦੇ ਤਤਕਾਲੀਨ ਰਾਸ਼ਟਰਪਤੀ ਓਮਰ ਹਸਨ ਅਲ ਬਸ਼ੀਰ ਭਾਰਤ-ਅਫ਼ਰੀਕਾ ਸ਼ਿਖ਼ਰ ਸੰਮੇਲਨ ਵਿਚ ਹਿੱਸਾ ਲੈਣ ਲਈ ਦਿੱਲੀ ਆਏ ਸੀ,, ਆਈਸੀਸੀ ਨੇ ਭਾਰਤ ਨੂੰ ਉਨ੍ਹਾਂ ਦੀ ਗ੍ਰਿਫ਼ਤਾਰੀ ਕਰਨ ਲਈ ਆਖਿਆ ਸੀ ਪਰ ਭਾਰਤ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਉਹ ਪਹਿਲੇ ਅਜਿਹੇ ਮੌਜੂਦਾ ਰਾਸ਼ਟਰ ਮੁਖੀ ਨੇ, ਜਿਨ੍ਹਾਂ ਨੂੰ ਆਈਸੀਸੀ ਨੇ ਦਾਰਫ਼ੁਰ ਵਿਚ ਨਾਗਰਿਕ ਆਬਾਦੀ 'ਤੇ ਹਮਲੇ ਕਰਵਾਉਣ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਇਸ ਕਰਕੇ ਹੁਣ ਪੁਤਿਨ ਨੂੰ ਵੀ ਭਾਰਤ ਵਿਚ ਆਉਣ ਨਾਲ ਆਈਸੀਸੀ ਦੇ ਵਾਰੰਟ ਦਾ ਕੋਈ ਖ਼ਤਰਾ ਨਹੀਂ।

# ਡੇਟਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਯਾਦਗਾਰੀ ਢੰਗ ਨਾਲ ਮਨਾਇਆ





ਡੇਟਨ, ਓਹਾਇਓ (ਸਮੀਪ ਸਿੰਘ ਗੁਮਟਾਲਾ) – ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਅਤੇ ਉਨ੍ਹਾਂ ਦੇ ਨਾਲ ਸ਼ਹਾਦਤ ਦੇਣ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਯਾਦ ਨੂੰ ਸਮਰਪਿਤ ਸਮਾਗਮ ਸਿੱਖ ਸੋਸਾਇਟੀ ਆਫ਼ ਡੇਟਨ ਗੁਰਦੁਆਰਾ ਸਾਹਿਬ ਵਿਖੇ ਅਥਾਹ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਸਮਾਗਮ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਜੀ ਨਾਲ ਹੋਈ। ਇਸ ਪ੍ਰੋਗਰਾਮ ਦਾ ਮੁੱਖ ਕੇਂਦਰ ਸਥਾਨਕ ਨੌਜਵਾਨ ਪੀੜ੍ਹੀ ਦੀ ਸ਼ਮੂਲੀਅਤ ਰਹੀ। ਇਹ ਯਕੀਨੀ ਬਣਾਉਣ ਲਈ ਕਿ ਨੌਜਵਾਨ ਨੌਵੇਂ ਪਾਤਸ਼ਾਹ ਜੀ ਦੇ ਸੰਦੇਸ਼ ਨਾਲ ਨਿੱਜੀ ਤੌਰ 'ਤੇ ਜੁੜ ਸਕਣ, ਗੁਰਦੁਆਰਾ ਸਾਹਿਬ ਦੇ ਕੁੱਝ ਸੇਵਾਦਾਰਾਂ ਨੇ ਸਮਾਗਮ ਤੋਂ ਪਹਿਲਾਂ ਹਫ਼ਤਾਵਾਰੀ ਵਿਸ਼ੇਸ਼ ਕਲਾਸਾਂ ਦਾ ਆਯੋਜਨ ਕੀਤਾ। ਇਨ੍ਹਾਂ ਕਲਾਸਾਂ ਦਾ ਮਕਸਦ ਬੱਚਿਆਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ 'ਸਲੋਕ ਮਹਲਾ ੯' ਦਾ ਸਹੀ ਉਚਾਰਨ ਅਤੇ ਪਾਠ ਸਿਖਾਉਣਾ ਸੀ।

ਸੇਵਾਦਾਰਾਂ ਅਤੇ ਬੱਚਿਆਂ ਦੀ ਸਖ਼ਤ ਮਿਹਨਤ ਦਾ ਫਲ ਭੋਗ ਸਮੇਂ ਪ੍ਰਤੱਖ ਹੋਇਆ। ਬੱਚਿਆਂ ਨੇ ਸੰਗਤੀ ਰੂਪ ਵਿੱਚ ਮਿਲ ਕੇ ਇਹ ਸਲੋਕ ਪੜ੍ਹੇ, ਜੋ ਮਾਪਿਆਂ ਅਤੇ ਸਮੁੱਚੀ ਸੰਗਤ ਲਈ ਮਾਣ ਵਾਲਾ ਪਲ ਸੀ।

ਇਸ ਤੋਂ ਬਾਅਦ ਹੋਏ ਕੀਰਤਨ ਦੀਵਾਨ ਵਿੱਚ ਇਹਨਾਂ ਬੱਚਿਆਂ ਵੱਲੋਂ 'ਸਲੋਕ ਮਹਲਾ ੯' ਦਾ ਕੀਰਤਨ ਗਾਇਨ ਕੀਤਾ ਗਿਆ। ਇਸ ਵਿੱਚ ਤਿੰਨ ਬੱਚਿਆਂ ਨੇ ਤਬਲਾ ਵਜਾਇਆ ਅਤੇ ਬਾਕੀਆਂ ਨੇ ਹਾਰਮੋਨੀਅਮ ਨਾਲ ਗਾਇਨ ਕੀਤਾ। ਗੁਰਦੁਆਰਾ ਸਾਹਿਬ ਵਿਖੇ ਆਯੋਜਤ ਇੱਕ ਹੋਰ ਵਿਸ਼ੇਸ਼ ਪ੍ਰੋਗਰਾਮ ਵਿੱਚ ਤਕਰੀਬਨ 30 ਬੱਚਿਆਂ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਸ਼ਹਾਦਤ 'ਤੇ ਭਾਸ਼ਣ ਦਿੱਤੇ, ਮੂਲ ਮੰਤਰ ਦਾ ਪਾਠ ਕੀਤਾ, ਅਤੇ ਸਲੋਕਾਂ ਨੂੰ ਜ਼ਬਾਨੀ ਯਾਦ ਕਰਕੇ ਸੁਣਾਇਆ।

ਇਸ ਪ੍ਰੋਗਰਾਮ ਨੂੰ ਸੰਗਤ ਅਤੇ ਗੁਰਦੁਆਰਾ ਸਾਹਿਬ ਕਮੇਟੀ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਸੇਵਾਦਾਰ ਕਮੇਟੀ ਨੇ ਨੌਜਵਾਨਾਂ ਦੇ ਅਧਿਆਤਮਕ ਵਿਕਾਸ ਵਿੱਚ ਸਮਾਂ ਲਗਾਉਣ ਲਈ ਸਾਰੇ ਸੇਵਾਦਾਰਾਂ ਅਤੇ ਮਾਪਿਆਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਸਮਰਪਿਤ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਸਦਕਾ ਬੱਚਿਆਂ ਨੂੰ ਸਿੱਖਿਅਤ ਕਰਨਾ ਸੰਭਵ ਹੋਇਆ। ਇਸ ਉਤਸ਼ਾਹ ਨੂੰ ਵਧਾਉਣ ਲਈ ਸਾਰੇ ਭਾਗ ਲੈਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਵੀ ਵੰਡੇ ਗਏ।

# ਜੀ-20 ਲੀਡਰਾਂ ਦੀ ਸੰਮਿਟ ਵਿੱਚ ਕੈਨੇਡਾ ਨੇ ਵਿਸ਼ਵ ਪੱਧਰੀ ਵਪਾਰ ਨੂੰ ਮਜ਼ਬੂਤ ਕੀਤਾ -ਸੋਨੀਆ ਸਿੱਧੂ

## ਕੈਨੇਡਾ ਅਗਲੇ ਪੰਜ ਸਾਲਾਂ ਵਿੱਚ ਕਲੀਨ ਐਨੱਰਜੀ, ਏ.ਆਈ. (AI), ਐਡਵਾਂਸ ਮੈਨੂਫੈਕਚਰਿੰਗ ਤੇ ਐਗਰੀ-ਫੂਡਜ਼ ਖੇਤਰਾਂ ਦੇ ਵਿਕਾਸ ਲਈ 1 ਟ੍ਰਿਲੀਅਨ ਡਾਲਰ ਦੀ ਨਿਵੇਸ਼ ਸੰਭਾਵਨਾ ਨੂੰ ਖੋਲ੍ਹਣ ਲਈ ਵਚਨਬੱਧ ਹੈ।

ਬਰੈਂਪਟਨ, - ਕੈਨੇਡਾ ਸਰਕਾਰ ਵਪਾਰ ਵਿੱਚ ਵਿਭਿੰਨਤਾ ਲਿਆਉਣ, ਪੂੰਜੀ-ਨਿਵੇਸ਼ ਖਿੱਚਣ ਅਤੇ ਕੈਨੇਡੀਅਨ ਬਿਜ਼ਨੈੱਸਾਂ ਤੇ ਕਾਮਿਆਂ ਲਈ ਨਵੇਂ ਮੌਕੇ ਪੈਦਾ ਕਰਨ ਲਈ ਮਜ਼ਬੂਤ ਕਦਮ ਚੁੱਕ ਰਹੀ ਹੈ। ਸਾਊਥ ਅਫ਼ਰੀਕਾ ਦੇ ਸ਼ਹਿਰ ਜੌਹਨਜ਼ਬਰਗ ਵਿੱਚ ਹੋਏ ਜੀ-20 ਲੀਡਰਾਂ ਦੀ ਸਿਖ਼ਰ-ਵਾਰਤਾ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵਿਸ਼ਵ ਪੱਧਰ ਦੇ ਭਾਈਵਾਲਾਂ ਨਾਲ ਕੈਨੇਡਾ ਦੀਆਂ ਵਿਓਪਾਰਕ ਤੰਦਾਂ ਮਜ਼ਬੂਤ ਕਰਨ ਅਤੇ ਨਾਜ਼ੁਕ ਖ਼ੇਤਰਾਂ ਵਿੱਚ ਵਿਕਾਸ ਤੇਜ਼ ਕਰਨ ਲਈ ਅਹਿਮ ਕਦਮ ਚੁੱਕਣ ਦਾ ਐਲਾਨ ਕੀਤਾ।

ਅਫ਼ਰੀਕੀ ਮਹਾਂਦੀਪ ਵਿੱਚ ਸਾਊਥ ਅਫ਼ਰੀਕਾ ਜੋ ਕਿ ਕੈਨੇਡਾ ਦਾ ਵੱਡਾ ਵਿਓਪਾਰਕ ਭਾਈਵਾਲ ਹੈ, ਇਨ੍ਹਾਂ ਉਪਰਾਲਿਆਂ ਦਾ ਮੁੱਖ ਕੇਂਦਰ-ਬਿੰਦੂ ਹੋਵੇਗਾ। ਕੈਨੇਡਾ ਅਤੇ ਸਾਊਥ ਅਫ਼ਰੀਕਾ ਦੋਵੇਂ ਮਿਲ ਕੇ 'ਫਾਰੱਨ ਇਨਵੈੱਸਟਮੈਂਟ, ਪ੍ਰਮੋਸ਼ਨ ਐਂਡ ਪ੍ਰੋਟੈਕਸ਼ਨ ਐਗਰੀਮੈਂਟ' ਬਾਰੇ ਗੱਲਬਾਤ ਸ਼ੁਰੂ ਕਰਨਗੇ। ਉਨ੍ਹਾਂ ਨੇ 'ਨਿਊਕਲੀਅਰ ਕੋਆਪ੍ਰੇਸ਼ਨ ਐਗਰੀਮੈਂਟ' ਬਾਰੇ ਗੱਲਬਾਤ ਦੇ ਆਪਣੇ ਅੰਤਮ ਦੌਰ ਵਿੱਚ 2026 ਵਿੱਚ ਕੇਪ ਟਾਊਨ ਵਿੱਚ "ਫਿਨਡੇਵ" ਨਾਂ ਹੇਠ ਕੈਨੇਡਾ ਦਾ ਨਵਾਂ ਆਫ਼ਿਸ ਖੋਲ੍ਹਣ ਬਾਰੇ ਫ਼ੈਸਲਾ ਕੀਤਾ। ਇਨ੍ਹਾਂ ਉਪਰਾਲਿਆਂ ਨਾਲ ਕੈਨੇਡਾ ਦੇ ਆਰਥਿਕ ਭਵਿੱਖ ਨਾਲ ਸਬੰਧਿਤ ਕਲੀਨ ਐਨੱਰਜੀ, ਕ੍ਰਿਟੀਕਲ ਮਿਨਰਲਜ਼, ਐਡਵਾਂਸ ਟੈੱਕਨਾਲੋਜੀਆਂ ਦੇ ਖੇਤਰਾਂ ਵਿੱਚ ਭਾਈਵਾਲੀ ਮਜ਼ਬੂਤ ਹੋਵੇਗੀ।

ਇਸ ਦੌਰਾਨ ਪ੍ਰਧਾਨ ਮੰਤਰੀ ਕਾਰਨੀ ਵੱਲੋਂ ਏਸ਼ੀਆ-ਪੈਸਿਫਿਕ ਦੇ 'ਸੀਪੀਟੀਪੀਪੀ' ਅਤੇ ਯੌਰਪੀਅਨ ਯੂਨੀਅਨ ਦਾ ਦੁਨੀਆਂ ਦਾ ਸੱਭ ਤੋ ਵੱਡਾ ਵਪਾਰਕ ਨੈੱਟਵਰਕ ਬਨਾਉਣ ਬਾਰੇ ਵਿਚਾਰ ਕੀਤੇ ਗਏ। ਉਨ੍ਹਾਂ ਕਿਹਾ ਕਿ ਕੈਨੇਡਾ ਆਉਂਦੇ ਪੰਜ ਸਾਲਾਂ ਵਿੱਚ ਕਲੀਨ ਐਨੱਰਜੀ, ਏ.ਆਈ., ਐਡਵਾਂਸਡ ਮੈਨੂਫੈਕਚਰਿੰਗ ਅਤੇ ਐਗਰੀ-ਫ਼ੂਡਜ਼ ਦੇ ਖੇਤਰਾਂ ਦੇ ਵਿਕਾਸ ਲਈ ਇੱਕ ਟ੍ਰਿਲੀਅਨ ਡਾਲਰ ਦੀ ਨਿਵੇਸ਼ ਸੰਭਾਵਨਾ ਨੂੰ ਖੋਲ੍ਹਣ ਲਈ ਵਚਨਬੱਧ ਹੈ।



ਇਸ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਬਰੈਂਪਟਨ ਸਾਊਥ ਤੋਂ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਕਿਹਾ, "ਵਿਸ਼ਵ ਪੱਧਰ 'ਤੇ ਕੈਨੇਡਾ ਦੀ ਲੀਡਰਸ਼ਿਪ ਦਾ ਭਾਵ ਕੈਨੇਡਾ-ਵਾਸੀਆਂ ਲਈ ਆਪਣੇ ਘਰ 'ਚ ਤਰੱਕੀ ਦੇ ਹੋਰ ਮੌਕੇ ਪੈਦਾ ਕਰਨਾ ਹੈ। ਵਪਾਰ ਅਤੇ ਪੂੰਜੀ-ਨਿਵੇਸ਼ ਵਿੱਚ ਭਾਈਵਾਲੀ ਨੂੰ ਮਜ਼ਬੂਤ ਕਰਕੇ ਅਸੀਂ ਸਮੁੱਚੇ ਕੈਨੇਡਾ ਵਿੱਚ ਬਿਜ਼ਨੈਸਾਂ ਲਈ ਨਵੇ ਵਪਾਰ ਕੇਂਦਰ ਬਨਾਉਣ, ਪੂੰਜੀ ਨਿਵੇਸ਼ ਖਿੱਚਣ ਅਤੇ ਉਚੇਰੀਆਂ ਨੌਕਰੀਆਂ ਪੈਦਾ ਕਰਨ ਲਈ ਨਵੇਂ ਦਰ ਖੋਲ੍ਹ ਰਹੇ ਹਾਂ। ਇਸ ਸਬੰਧੀ ਕੀਤੇ ਜਾ ਰਹੇ ਇਹ ਨਵੇਂ ਉਪਰਾਲੇ ਕੈਨੇਡਾ ਲਈ ਲਚਕੀਲਾ ਅਰਥਚਾਰਾ ਬਨਾਉਣ ਵਿੱਚ ਸਹਾਈ ਹੋਣਗੇ ਜੋ ਹਰੇਕ ਦੇ ਲਈ ਸੁਚਾਰੂ ਢੰਗ ਨਾਲ ਕੰਮ ਕਰੇਗਾ।"


ਇਸ ਜੀ-20 ਸੰਮਿਟ ਵਿੱਚ ਪ੍ਰਧਾਨ ਮੰਤਰੀ ਕਾਰਨੀ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਦੇ ਡਾਇਰੈੱਕਟਰ ਜਨਰਲ ਨਗੋਜ਼ੀ ਓਕੋਂਜੋ ਇਵੇਲਾ, ਫ਼ਰਾਂਸ ਦੇ ਰਾਸ਼ਟਰਪਤੀ ਇਮੈਨੂਏਲ ਮਾਰਕੋਨ, ਨਾਰਵੇ ਦੇ ਪ੍ਰਧਾਨ ਮੰਤਰੀ ਜੋਨਸ ਗਾਹਰ ਸਟੋਰ, ਜਰਮਨੀ ਦੇ ਚਾਂਸਲਰ ਫ਼ਰੈੱਡਰਿਕ ਮਰਜ਼, ਯੂ.ਕੇ. ਦੇ ਪ੍ਰਧਾਨ ਮੰਤਰੀ ਸਰ ਕੇਇਰ ਸਟਾਰਮਰ, ਤੁਰਕੀ ਦੇ ਰਾਸ਼ਟਰਪਤੀ ਰੀਸੈਪ ਟੈਇਪ ਐਰਡੋਗਨ ਅਤੇ ਇਟਲੀ ਦੇ ਪ੍ਰਧਾਨ ਮੰਤਰੀ ਜਿਓਰਜੀਆ ਮੈਲਨੀ ਨੂੰ ਮਿਲੇ ਅਤੇ ਉਨ੍ਹਾਂ ਨਾਲ ਨਵੀਂ ਵਪਾਰਿਕ ਭਾਈਵਾਲੀ ਬਾਰੇ ਵਿਚਾਰ-ਵਟਾਂਦਰਾ ਕੀਤਾ।

ਜ਼ਿਕਰਯੋਗ ਹੈ ਕਿ ਇਹ ਜੀ-20 ਸੰਮਿਟ ਪ੍ਰਧਾਨ ਮੰਤਰੀ ਦੀ ਪਿਛਲੇ ਦਿਨੀਂ ਯੂਏਈ ਦੀ ਯਾਤਰਾ ਤੋਂ ਬਾਅਦ ਹੋਇਆ ਹੈ, ਜਿਸ ਵਿੱਚ ਕੈਨੇਡਾ ਨੇ ਆਪਣੇ ਇਤਿਹਾਸ ਵਿੱਚ 70 ਬਿਲੀਅਨ ਡਾਲਰ ਦਾ ਸੱਭ ਤੋਂ ਵੱਡਾ ਵਿਦੇਸ਼ੀ ਪੂੰਜੀ-ਨਿਵੇਸ਼ ਹਾਸਲ ਕੀਤਾ ਹੈ। ਵਿਸ਼ਵ ਪੱਧਰ 'ਤੇ ਤੇਜ਼ੀ ਨਾਲ ਹੋ ਰਹੀ ਅਨਿਸਚਿਤ ਵਪਾਰਿਕ ਰੱਦੋ-ਬਦਲ ਦੌਰਾਨ ਕੈਨੇਡਾ ਆਪਣੇ ਲਈ ਨਵੀਂ ਭਾਈਵਾਲੀ ਤੇ ਨਵੇ ਵਪਾਰ ਕੇਂਦਰ ਵਿਕਸਿਤ ਕਰ ਰਿਹਾ ਹੈ ਅਤੇ ਕੈਨੇਡਾ-ਵਾਸੀਆਂ ਨੂੰ ਵਧੀਆ ਰੋਜ਼ਗਾਰ ਦੇਣ ਲਈ ਆਪਣੇ ਉਦਯੋਗਾਂ ਨੂੰ ਮਜ਼ਬੂਤ ਕਰ ਰਿਹਾ ਹੈ।

ਇਸ ਦੇ ਬਾਰੇ ਪ੍ਰਧਾਨ ਮੰਤਰੀ ਦਾ ਕਹਿਣਾ ਹੈ, "ਕੈਨੇਡਾ ਦੀ ਨਵੀਂ ਸਰਕਾਰ ਨਵੀਂ ਭਾਈਵਾਲੀ ਸਿਰਜ ਰਹੀ ਹੈ, ਵਪਾਰ ਵਿੱਚ ਵਿਭਿੰਨਤਾ ਲਿਆ ਰਹੀ ਹੈ ਅਤੇ ਅਗਲੇ ਪੰਜ ਸਾਲਾਂ ਵਿੱਚ ਇੱਕ ਟ੍ਰਿਲੀਅਨ ਨਵੀਂ ਨਿਵੇਸ਼ ਸੰਭਾਵਨਾ ਖੋਲ੍ਹਣ ਲਈ ਕੰਮ ਕਰ ਰਹੀ ਹੈ। ਇਸ ਮਿਸ਼ਨ ਨਾਲ ਭਾਈਵਾਲੀ ਅਤੇ ਸਾਂਝ ਦਾ ਨਵਾਂ ਦੌਰ ਸ਼ੁਰੂ ਹੋਇਆ ਹੈ। ਜੀ-20 ਸੰਮਿਟ ਵਿੱਚ ਕੈਨੇਡਾ ਵੱਲੋਂ ਕ੍ਰਿਟੀਕਲ ਮਿਨਰਲਜ਼, ਕਲੀਨ ਐਨੱਰਜੀ, ਏ ਆਈ (AI), ਸਿਹਤ, ਆਦਿ ਖੇਤਰਾਂ ਵਿੱਚ ਸਾਂਝ ਵਧਾਉਣ ਅਤੇ ਕੈਨੇਡੀਅਨ ਬਿਜ਼ਨੈੱਸਾਂ ਅਤੇ ਵਰਕਰਾਂ ਲਈ ਨਵੇਂ ਮੌਕੇ ਪੈਦਾ ਕਰਨ ਵੱਲ ਤੇਜ਼ੀ ਲਿਆਉਣ ਬਾਰੇ ਗੱਲ ਕੀਤੀ ਗਈ ਹੈ।"

# ਟਰੰਪ ਨੂੰ ਨਿਊ ਯਾਰਕ ਦੇ ਮੇਅਰ ਦੀ ਚਿਤਾਵਨੀ

ਨਿਊ ਯਾਰਕ, 2 ਦਸੰਬਰ (ਵਿਸ਼ੇਸ਼ ਪ੍ਰਤੀਨਿਧ) : ਨਿਊ ਯਾਰਕ ਸ਼ਹਿਰ ਦੇ ਨਵੇਂ ਚੁਣੇ ਮੇਅਰ ਜ਼ੋਹਰਾਨ ਮਮਦਾਨੀ ਨੇ ਕਿਹਾ ਹੈ ਅਮਰੀਕਾ ਨੂੰ ਪ੍ਰਵਾਸੀਆਂ ਨੇ ਖੜ੍ਹਾ ਕੀਤਾ ਹੈ ਅਤੇ ਦੁਨੀਆਂ ਦੇ ਕੋਨੇ ਕੋਨੇ ਤੋਂ ਲੋਕ ਇਥੇ ਸੁਨਹਿਰੀ ਸੁਪਨੇ ਲੈ ਕੇ ਆਉਂਦੇ ਹਨ ਜਿਨ੍ਹਾਂ ਨੂੰ ਕਰੜੀ ਮਿਹਨਤ ਨਾਲ ਪੂਰਾ ਕੀਤਾ ਜਾ ਸਕਦਾ ਹੈ। ਸ਼ਹਿਰ ਦੇ ਇਤਿਹਾਸ ਵਿਚ ਸਭ ਤੋਂ ਨੌਜਵਾਨ ਮੇਅਰ ਨੇ ਇਕ ਇੰਟਰਵਿਊ ਦੌਰਾਨ ਆਖਿਆ ਕਿ ਉਹ ਖ਼ੁਦ ਪ੍ਰਵਾਸੀ ਭਾਰਤੀ ਮਾਪਿਆਂ ਦੀ ਔਲਾਦ ਹੈ ਅਤੇ ਬਿਹਤਰ ਭਵਿੱਖ ਦੀ ਭਾਲ ਵਿਚ ਪੁੱਜੇ ਉਸ ਦੇ ਮਾਪਿਆਂ ਨੇ ਹੋਰਨਾਂ ਪ੍ਰਵਾਸੀਆਂ ਨਾਲ ਰਲ ਕੇ ਅਮਰੀਕਾ ਨੂੰ ਅੱਗੇ ਲਿਜਾਣ ਵਿਚ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੀ ਪਹਿਲੀ ਪਛਾਣ ਭਾਰਤੀ ਵਿਰਾਸਤ ਹੈ। ਹਾਲ ਹੀ ਵਿਚ ਰਾਸ਼ਟਰਪਤੀ ਡੌਨਲਡ ਟਰੰਪ ਨਾਲ ਮੁਲਾਕਾਤ ਕਰਨ ਵਾਲੇ ਮਮਦਾਨੀ ਨੇ ਅੱਗੇ ਕਿਹਾ ਕਿ ਨਿਊ ਯਾਰਕ ਸ਼ਹਿਰ ਹਮੇਸ਼ਾ ਪ੍ਰਵਾਸੀਆਂ ਦਾ ਸ਼ਹਿਰ ਸੀ ਅਤੇ ਰਹੇਗਾ। ਬਤੌਰ ਮੇਅਰ ਉਹ ਸ਼ਹਿਰ ਦੇ ਕਿਰਦਾਰ ਵਿਚ ਕੋਈ ਤਬਦੀਲੀ ਨਹੀਂ ਲਿਆਉਣਗੇ।



ਅਮਰੀਕਾ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਹੋ ਰਹੀ ਕਾਰਵਾਈ ਦੌਰਾਨ ਗਰੀਨ ਕਾਰਡ ਹੋਲਡਰਜ਼ ਅਤੇ ਮੁਲਕ ਦੇ ਨਾਗਰਿਕਾਂ ਨੂੰ ਵੀ ਤੰਗ ਪ੍ਰੇਸ਼ਾਨ ਕੀਤੇ ਜਾਣ ਦੀਆਂ ਰਿਪੋਰਟਾਂ ਬਾਰੇ ਜ਼ੋਹਰਾਨ ਮਮਦਾਨੀ ਨੇ ਆਖਿਆ ਕਿ ਕਾਨੂੰਨ ਤੋੜਨ ਦੀ ਇਜਾਜ਼ਤ ਅਮਰੀਕਾ ਦੇ ਰਾਸ਼ਟਰਪਤੀ ਨੂੰ ਵੀ ਨਹੀਂ। ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਦੇ ਨਾਂ 'ਤੇ ਇੰਮੀਗ੍ਰੇਸ਼ਨ ਐਂਡ ਕਸਮਟਜ਼ ਐਨਫੋਰਸਮੈਂਟ ਵਾਲੇ ਪੱਕੇ ਹੋ ਚੁੱਕੇ ਪ੍ਰਵਾਸੀਆਂ ਨੂੰ ਵੀ ਤੰਗ-ਪ੍ਰੇਸ਼ਾਨ ਕਰ ਰਹੇ ਹਨ। ਆਈਸ ਦੇ ਆਲ੍ਹਾ ਅਫ਼ਸਰਾਂ ਨੂੰ ਸਪੱਸ਼ਟ ਕਰ ਦਿਤਾ ਗਿਆ ਹੈ ਕਿ ਕਾਨੂੰਨ ਸਭਨਾਂ ਲਈ ਬਰਾਬਰ ਹੈ ਅਤੇ ਇੰਮੀਗ੍ਰੇਸ਼ਨ ਅਫ਼ਸਰ ਆਪਣੀਆਂ ਹੱਦਾਂ ਪਾਰ ਨਹੀਂ ਕਰ ਸਕਦੇ। ਮਮਦਾਨੀ ਦਾ ਕਹਿਣਾ ਸੀ ਕਿ ਰਾਸ਼ਟਰਪਤੀ ਡੌਨਲਡ ਟਰੰਪ ਦੁਨੀਆਂ ਦੀ ਸਭ ਤੋਂ ਵੱਡੀ ਡਿਪੋਰਟੇਸ਼ਨ ਮੁਹਿੰਮ ਆਰੰਭਣ ਦਾ ਦਾਅਵਾ ਕਰਦੇ ਹਨ ਪਰ ਨਿਊ ਯਾਰਕ ਸ਼ਹਿਰ ਦਾ ਮੇਅਰ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਇੰਮੀਗ੍ਰੇਸ਼ਨ ਛਾਪਿਆਂ ਵਿਚ ਨਿਊ ਯਾਰਕ ਪੁਲਿਸ ਕੋਈ ਸਹਿਯੋਗ ਨਹੀਂ ਦੇਵੇਗੀ। ਮੇਅਰ ਦੀ ਚੋਣ ਦੌਰਾਨ ਕੀਤੇ ਗਏ ਵਾਅਦਿਆਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਨਿਊ ਯਾਰਕ ਵਰਗੇ ਅਮੀਰਾਂਦੇ ਸ਼ਹਿਰਾਂ ਵਿਚ ਮੱਧ ਵਰਗੀ ਲੋਕਾਂ ਦੇ ਮੁੱਦੇ ਸਾਹਮਣੇ ਲਿਆਂਦੇ ਅਤੇ ਲੋਕਾਂ ਦਾ ਡਟਵਾਂ ਸਾਥ ਮਿਲਿਆ। ਚਾਇਲਡ ਕੇਅਰ, ਮੁਫ਼ਤ ਸਿਹਤ ਸੇਵਾਵਾਂ, ਵਾਜਬ ਮਕਾਨ ਕਿਰਾਇਆ ਅਤੇ ਘਰਾਂ ਦੀਆਂ ਕਿਫ਼ਾਇਤੀ ਕੀਮਤਾਂ ਵਰਗੇ ਵਾਅਦੇ ਹਰ ਹਾਲਤ ਵਿਚ ਪੂਰੇ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਅਮੀਰ ਲੋਕਾਂ ਉਤੇ 2 ਫ਼ੀ ਸਦੀ ਟੈਕਸ ਨਾਲ ਹਰ ਸਾਲ 4 ਅਰਬ ਡਾਲਰ ਦੀ ਰਕਮ ਇਕੱਤਰ ਹੋਵੇਗੀ ਅਤੇ ਸਾਰੇ ਵਾਅਦੇ ਪੂਰੇ ਕੀਤੇ ਜਾ ਸਕਣਗੇ। ਕੌਮਾਂਤਰੀ ਸਿਆਸਤ ਵਿਚ ਨਵੀਆਂ ਵਿਚਾਰਧਾਰਾਵਾਂ ਦੇ ਉਭਾਰ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਅਜਿਹਾ ਮੁੱਖ ਕਦਮੀ ਤੋਂ ਹੀ ਹੁੰਦਾ ਆਇਆ ਹੈ। ਸਮੇਂ ਦੇ ਨਾਲ-ਨਾਲ ਨਵੀਆਂ ਅਤੇ ਪੁਰਾਣੀਆਂ ਵਿਚਾਰਧਾਰਾਵਾਂ ਦਰਮਿਆਨ ਟਕਰਾਅ ਹੁੰਦਾ ਰਹਿੰਦਾ ਹੈ ਪਰ ਅਸਲੀਅਤ ਇਹ ਵੀ ਹੈ ਕਿ ਸਿਆਸਤ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਆਲੇ-ਦੁਆਲੇ ਲਿਜਾਣ ਦੀ ਜ਼ਰੂਰਤ ਹੈ। ਭਾਰਤ ਅਤੇ ਅਮਰੀਕਾ ਦਰਮਿਆਨ ਵਪਾਰ ਸਮਝੌਤੇ ਬਾਰੇ ਉਨ੍ਹਾਂ ਕੁਝ ਵੀ ਕਹਿਣ ਤੋਂ ਨਾਂਹ ਕਰ ਦਿਤੀ।

# ਪੰਜਾਬ ਦਾ ਮਾਣ: ਅਮਰੀਕੀ ਫੌਜ ਦਾ ਮੇਜਰ ਸਿਮਰ ਸਿੰਘ ਲੈਫਟੀਨੈਂਟ ਕਰਨਲ ਬਣਿਆ



ਚੰਡੀਗੜ੍ਹ, 28 ਨਵੰਬਰ (ਵਿਸ਼ੇਸ਼ ਪ੍ਰਤੀਨਿਧ) : ਡਿਪਟੀ ਕਮਾਂਡਰ ਮੇਜਰ ਸਿਮਰਤਪਾਲ ਸਿਮਰ ਸਿੰਘ ਨੂੰ ਯੂਐਸ ਆਰਮੀ ਕੋਰ ਆਫ਼ ਇੰਜਨੀਅਰਜ਼ (ਜਾਪਾਨ ਇੰਜਨੀਅਰ ਦੀ ਬਰਾਂਚ) ਦੇ ਲੈਫਟੀਨੈਂਟ ਕਰਨਲ ਵਜੋਂ ਤਰੱਕੀ ਦਿੱਤੀ ਗਈ ਹੈ। ਇਹ ਤਰੱਕੀ ਸਿਮਰ ਸਿੰਘ ਨੂੰ ਕੈਂਪ ਜ਼ਾਮਾ ਵਿਚ ਜ਼ਿਲ੍ਹਾ ਹੈੱਡਕੁਆਰਟਰ ਵਿਚ ਇੱਕ ਸਮਾਰੋਹ ਦੌਰਾਨ ਦਿੱਤੀ ਗਈ।

ਇਸ ਸਬੰਧੀ ਸਮਾਗਮ ਜੇਈਡੀ ਕਮਾਂਡਰ ਕਰਨਲ ਪੈਟ੍ਰਿਕ ਬਿਗਸ ਦੀ ਅਗਵਾਈ ਹੇਠ ਕਰਵਾਇਆ ਗਿਆ ਤੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਗਈ। ਇਹ ਸਮਾਗਮ 26 ਨਵੰਬਰ ਨੂੰ ਹੋਇਆ। ਸਿਮਰ ਸਿੰਘ ਦੇ ਮਾਪੇ ਸੁਖਬੀਰ ਸਿੰਘ ਅਤੇ ਜਸਵੀਰ ਕੌਰ ਨੇ ਪਰਿਵਾਰ, ਦੋਸਤਾਂ ਅਤੇ ਸਹਿਯੋਗੀਆਂ ਸਾਹਮਣੇ ਆਪਣੇ ਪੁੱਤਰ ਦੇ ਨਵੇਂ ਰੈਂਕ ਦਾ ਫੀਤਾ ਲਾਇਆ। ਸਿਮਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਹਰ ਮੁਕਾਮ 'ਤੇ ਸਾਥੀਆਂ ਤੇ ਅਧਿਕਾਰੀਆਂ ਨੇ ਸਮਰਥਨ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੇਸ਼ ਨੇ ਵੀ ਬਹੁਤ ਵੱਡਾ ਮਾਣ ਬਖਸ਼ਿਆ। ਉਹ ਇਸ ਵੇਲੇ ਅਮਰੀਕਾ-ਜਾਪਾਨ ਦੇ ਚਲਾਏ ਜਾ ਰਹੇ ਮਿਸ਼ਨ ਤੇ ਪ੍ਰੋਗਰਾਮ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਦੀ ਤਰੱਕੀ ਉਨ੍ਹਾਂ ਦੀ ਲੀਡਰਸ਼ਿਪ ਅਤੇ ਸੰਯੁਕਤ ਰਾਜ ਅਮਰੀਕਾ ਵੱਲੋਂ ਗੁੰਝਲਦਾਰ ਕੰਮਾਂ ਨੂੰ ਨੇਪਰੇ ਚਾੜ੍ਹਨ ਦੀ ਮੁਹਾਰਤ ਨੂੰ ਦਰਸਾਉਂਦੀ ਹੈ।

ਸਿਮਰ ਸਿੰਘ ਨੇ 15 ਸਾਲਾਂ ਤੋਂ ਵੱਧ ਸਮੇਂ ਦੌਰਾਨ ਇੰਜਨੀਅਰ, ਮੁੱਖ ਕਮਾਂਡ ਅਤੇ ਸਟਾਫ ਸੇਵਾਵਾਂ ਵਿੱਚੋਂ ਆਪਣਾ ਕਰੀਅਰ ਬਣਾਇਆ। ਉਨ੍ਹਾਂ ਆਪਣੀ ਸੇਵਾ ਦੂਜੀ ਸਟ੍ਰਾਈਕਰ ਬ੍ਰਿਗੇਡ , ਦੂਜੀ ਇਨਫੈਂਟਰੀ ਡਿਵੀਜ਼ਨ ਨਾਲ ਸ਼ੁਰੂ ਕੀਤੀ, ਜਿੱਥੇ ਉਨ੍ਹਾਂ ਇੱਕ ਸਹਾਇਕ ਬ੍ਰਿਗੇਡ ਇੰਜਨੀਅਰ ਅਤੇ ਪਲਟੂਨ ਲੀਡਰ ਵਜੋਂ ਕੰਮ ਕੀਤਾ।











